INTERNATIONAL MAGAZINE
RNI No. 61816/95

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਅਗਸਤ 2020



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਸਮੇਂ ਬਾਬਾ ਬੁੱਢਾ ਜੀ ਹੁਕਮਨਾਮਾ ਲੈਂਦੇ ਹੋਏ, ਭਾਈ ਗੁਰਦਾਸ ਜੀ ਚੌਰ ਸਾਹਿਬ ਦੀ ਸੇਵਾ ਕਰਦੇ ਹੋਏ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਸੰਗਤਾਂ ਵਿੱਚ ਬੈਠੇ ਹੁਕਮਨਾਮਾ ਸਰਵਣ ਕਰਦੇ ਹੋਏ।

(ii)

## ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਵਿਆਪੀ ਮਨੁੱਖਤਾ ਦਾ ਸਾਂਝਾ ਰੂਹਾਨੀ ਅਤੇ ਸਮਾਜਿਕ ਕਲਿਆਣਕਾਰੀ ਗੁਰੂ ਗ੍ਰੰਥ

1430 ਅੰਗਾਂ ਦੇ ਇਸ ਅਲੌਕਿਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪੰਜ ਸਦੀਆਂ (12ਵੀਂ-17ਵੀਂ) ਵਿਚ ਪ੍ਰਭੂ ਪਿਆਰ ਵਿਚ ਭਿੱਜੀਆਂ, ਸਰਬ-ਮਨੁੱਖਤਾ ਨੂੰ ਰੂਹਾਨੀਅਤ ਦਾ ਮਾਰਗ ਦਰਸ਼ਨ ਕਰਦੀਆਂ 36 ਬਖਸ਼ੀਆਂ ਰੂਹਾਂ (6 ਗੁਰੂ ਸਾਹਿਬਾਨ ਅਤੇ 30 ਅਭੇਦ ਅਵਸਥਾ ਨੂੰ ਪ੍ਰਾਪਤ) ਦੇ ਅਮੋਲਕ ਪ੍ਰਵਚਨ ਗੁਰਬਾਣੀ, ਭਗਤ ਬਾਣੀ ਰੂਪ ਵਿਚ ਪ੍ਰਾਪਤ ਹੋ ਰਹੇ ਹਨ। ਇਹ ਅਨਮੋਲ ਗੁਰਬਾਣੀ, ਭਗਤ ਬਾਣੀ ਸਾਰੀ ਮਨੁੱਖਤਾ ਦੇ ਕਲਿਆਣ ਹਿਤ ਹੈ - 'ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥' ਇਸ ਦਾ ਆਦਰਸ਼ ਹੈ। ਇਸ ਵਿਚ ਰੰਗ-ਰੂਪ, ਦੇਸ਼-ਵਿਦੇਸ਼, ਊਚ-ਨੀਚ, ਜਾਤੀ ਭੇਦ, ਅਮੀਰ-ਗਰੀਬ ਦੇ ਵਿਤਕਰੇ, ਕਿਸੇ ਤਰ੍ਹਾਂ ਵੀ ਮਨੁੱਖਤਾ ਦੀ ਕੋਈ ਵੰਡ ਜਾਂ ਮਾਨ, ਅਪਮਾਨ ਸਵੀਕਾਰ ਨਹੀਂ ਕੀਤਾ ਗਿਆ। ਸਰਬ-ਸਾਂਝੀਵਾਲਤਾ ਇਸ ਦਾ ਪ੍ਰਮੁੱਖ ਸੰਦੇਸ਼ ਹੈ - 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥'

ਹਿੰਦੁਸਤਾਨ ਅਤੇ ਸੰਸਾਰ ਭਰ ਦੇ ਵਿਦਵਾਨਾਂ, ਲੇਖਕਾਂ, ਰੂਹਾਨੀ ਸ਼ਖਸੀਅਤਾਂ ਜਿਨ੍ਹਾਂ-ਜਿਨ੍ਹਾਂ ਨੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕੀਤੇ ਹਨ, ਪੜ੍ਹਿਆ ਤੇ ਵੀਚਾਰਿਆ ਹੈ, ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਾਰੀ ਮਨੁੱਖਤਾ ਦਾ, ਸੰਸਾਰ ਦੇ ਕੁੱਲ ਧਰਮਾਂ ਦਾ ਸਾਂਝਾ ਤੇ ਸਮੂੰਹ ਮਨੁੱਖਤਾ ਦਾ ਸਰਵੋਤਮ ਕਲਿਆਣਕਾਰੀ ਗ੍ਰੰਥ ਮੰਨਿਆ ਹੈ। ਕੁਝ ਵਿਚਾਰ ਇਸ ਪ੍ਰਕਾਰ ਹਨ -

### ਬੰਗਾਲੀ ਲੇਖਕ: ਜਨਿੰਦਰ ਮੋਹਨ ਦੀ 'ਗਣ ਗੀਤਾ''

ਬੰਗਾਲ ਦੇ ਇਕ ਉੱਚ ਕੋਟੀ ਦੇ ਲੇਖਕ ਜਨਿੰਦਰ ਮੋਹਨ ਨੇ ਜਪੁਜੀ ਸਾਹਿਬ ਦਾ ਡੂੰਘਾ ਅਧਿਐਨ ਕੀਤਾ ਤੇ ਉਸ ਦਾ ਬੰਗਾਲੀ ਵਿਚ ਅਨੁਵਾਦ ਕਰਨ ਉਪਰੰਤ ਉਸ ਨੂੰ 'ਗਣਗੀਤਾ' ਭਾਵ ਲੋਕਾਂ ਦੀ ਗੀਤਾ ਕਹਿ ਕੇ ਸਨਮਾਨਿਆ। ਜਪੁਜੀ ਸਾਹਿਬ ਬਾਰੇ ਆਪਣੀ ਟਿਪਣੀ ਦੇਂਦਿਆਂ ਹੋਇਆਂ ਉਸ ਨੇ ਕਿਹਾ ਕਿ ਜੇਕਰ 'ਜਪੁਜੀ ਸਾਹਿਬ' ਨੂੰ ਲੋਕਾਂ ਤਕ ਪਹੁੰਚਾਇਆ ਜਾਵੇ ਤਾਂ ਦੇਸ਼ ਵਿਚ ਇਕ ਨਵਾਂ ਆਤਮਿਕ ਇਨਕਲਾਬ ਆ ਜਾਵੇਗਾ।'

### ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ



5 ਅਗਸਤ 1905– 26 ਅਗਸਤ 1975

ਅੰਦਰਲਾ ਹਨ੍ਹੇਰਾ ਮਿਟਾਉਣ ਵਾਸਤੇ ਗੁਰਬਾਣੀ ਦੇ ਲੜ ਲੱਗੋ। ਜਿਵੇਂ ਇੱਕ ਬਿਜਲੀ ਦਾ ਪਾਵਰ ਹਾਊਸ ਹੁੰਦਾ ਹੈ। ਉਸ ਤੋਂ ਖੰਭਿਆਂ ਰਾਹੀਂ ਤਾਰਾਂ ਮਕਾਨਾਂ ਵਿੱਚ ਜਾਂਦੀਆਂ ਹਨ, ਜਿੱਥੇ ਬੱਲਬ ਲੱਗੇ ਹੁੰਦੇ ਹਨ।ਟਰਾਂਸਫਾਰਮਰ ਵਿੱਚੋਂ ਬਿਜਲੀ ਦੀ ਲਹਿਰ ਤਾਰਾਂ ਰਾਹੀਂ ਬਲੱਬਾਂ ਵਿੱਚ ਆ ਕੇ ਪ੍ਰਕਾਸ਼ ਕਰਦੀ ਹੈ। ਜੇ ਇਹ ਬੱਲਬ ਸਾਫ ਹਨ ਤਾਂ ਬਹੁਤਾ ਪ੍ਰਕਾਸ਼ ਹੁੰਦਾ ਹੈ। ਜੇਕਰ ਘੱਟ ਸਾਫ ਹਨ ਤਾਂ ਘੱਟ ਪ੍ਰਕਾਸ਼ ਕਰਦੇ ਹਨ।

# ਆਤਮ ਮਾਰਗ

ਸਾਲ-ਛੱਬੀਵਾਂ, ਮਹੀਨਾ ਅਗਸਤ, 2020

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਸੰਚਾਲਕ

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

| ਚੇਅਰਮੈਨ | ਐਡੀਟਰ-ਇਨ-ਚੀਫ |
|---|---|
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |
| ਮੈਨੇਜਿੰਗ ਐਡੀਟਰ | ਚੀਫ ਐਡੀਟਰ |
| ਭਾਈ (ਡਾ.) ਸੁਖਵਿੰਦਰ ਸਿੰਘ | ਡਾ. ਜਗਜੀਤ ਸਿੰਘ |


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

Email :atammarg1@yahoo.co.in

Postal Address for any Enquiry, Money Order, Cheque and drafts :

'ATAM MARG' MAGAZINE
Gurdwara Ishar Parkash, Ratwara Sahib
(New Chandigarh) P.o. Mullanpur Garibdas,
Teh. Kharar, Distt. S.A.S Nagar (MOHALI) - 140901, Pb. India

### SUBSCRIPTION - ਚੰਦਾ - (ਦੇਸ਼)

| ਸਾਲਾਨਾ | ਲਾਈਫ ਮੈਂਬਰਸ਼ਿੱਪ (20 ਸਾਲ) | ਫੀ ਕਾਪੀ |
|---|---|---|
| 300/- | 3000/- | 30/- |
| 320/- | 3020/- (For outstation cheques) | |

### SUBSCRIPTION FOREIGN (ਵਿਦੇਸ਼)

| | Annual | Life (20 Year) |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


Please visit us on internet at :-
For Atam Marg Email : atammarg1@yahoo.co.in,
Website & Live video -
www.ratwarasahib.in
www.ratwarasahib.org } (Every sunday)

Email :sratwarasahib.in@gmail.com

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ ਮੈਗਜ਼ੀਨ
9417214391, 84378-12900, 9417214379,
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (CBSE)
0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ : 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (PSEB)
95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ : 92176-93845
6. ਇੰਟਰਨੈਸ਼ਨਲ ਡੀਵਾਇਨ ਸਕੂਲ ਆਫ ਨਰਸਿੰਗ
94172-14382
7. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ
94172-14382
8. ਅਕਾਲ ਬਿਰਧ ਆਸ਼ਰਮ : 98157-28220

## ਵਿਸ਼ੇਸ਼ ਜਾਣਕਾਰੀ ਲਈ

| | |
|---|---|
| ਸ੍ਰੀ ਮਾਨ ਜੀ - | 98551-32009 |
| ਸ੍ਰੀ ਅਖੰਡਪਾਠ ਸਾਹਿਬ ਸੇਵਾ - | 94647-12900 |
| ਆਡੀਓ-ਵੀਡੀਓ ਲਾਇਬ੍ਰੇਰੀ - | 98728-14385 |
| | 98555-28517 |
| | 98147-12900 |
| ਕੇਬਲ ਟੀ.ਵੀ ਨੈਟਵਰਕ - | 94172-14385 |

ਹੋਰ ਸੰਪਰਕ ਨੰਬਰ

98889-10777, 96461-01996, 9417214381

# ਤੱਤਕਰਾ


| | | |
|---|---|---|
| 1. | ਸੰਪਾਦਕੀ | 5 |
| | *(ਡਾ.) ਭਾਈ ਸੁਖਵਿੰਦਰ ਸਿੰਘ* | |
| 2. | ਬਾਰਹ ਮਾਹਾ | 7 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 3. | ਸੰਤ ਅਨੰਤਹਿ ਅੰਤਰੁ ਨਾਹੀ | 11 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | 15 |
| 4. | ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ॥ | |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | ਬਾਬਾਣੀਆਂ ਕਹਾਣੀਆਂ | 29 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 6. | ਸਰਬ ਰੋਗ ਕਾ ਅਉਖਦੁ ਨਾਮੁ | 32 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 7. | ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਾਂਝੀਵਾਲਤਾ | 36 |
| | *ਡਾ. ਗੁਰਨੇਕ ਸਿੰਘ* | |
| 8. | ਗੁਰ ਨਾਨਕ ਆਗਮਨ | 42 |
| | *ਡਾ. ਭਾਈ ਵੀਰ ਸਿੰਘ* | |
| 9. | ਨੂਰਾਨੀ ਮਿਲਾਪ | 46 |
| | *(ਡਾ.) ਭਾਈ ਸੁਖਵਿੰਦਰ ਸਿੰਘ* | |
| 10. | ਗੁਰਬਾਣੀ ਅਰਥ ਭੰਡਾਰ | 48 |
| | *ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ* | |
| 11. | ਈਸ਼੍ਵਰ ਅਮੋਲਕ ਲਾਲ | 51 |
| | *ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ* | |
| 12. | ਭਾਈ ਨੰਦ ਲਾਲ ਜੀ | 53 |
| 14. | ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ | 54 |
| | *ਡਾ. ਸਵਾਮੀ ਰਾਮ ਜੀ* | |
| 15. | ਵਿਸ਼ੇਸ਼ ਜਾਣਕਾਰੀ :- ਅਸਥਾਨ 'ਤੇ ਪ੍ਰੋਗਰਾਮ, ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਆਤਮ ਮਾਰਗ ਮੈਂਬਰਸ਼ਿਪ ਫਾਰਮ ਅਤੇ ਪੁਸਤੱਕ ਸੂਚੀ | 56 |

# ਸੰਪਾਦਕੀ

*(ਡਾ.) ਭਾਈ ਸੁਖਵਿੰਦਰ ਸਿੰਘ*

ਪਿਆਰੇ ਪਾਠਕ ਜਨੋ! ਜੁਲਾਈ ਅੰਕ ਵਿਚ 'ਜਾਗਣਿ ਜੀਵਣ ਜਾਗਣਹਾਰਾ' ਦੇ ਸਿਧਾਂਤ ਤੇ ਤੁਛ ਬੁੱਧੀ ਅਨੁਸਾਰ ਆਪ ਜੀ ਦੇ ਸਨਮੁੱਖ ਕੁਝ ਵਿਚਾਰ ਰਖੇ ਸਨ। ਜਿਸ ਵਿਚ ਇਹ ਵਿਚਾਰ ਹੋਈ ਸੀ ਕਿ ਪ੍ਰਾਣੀ ਦੋ ਤਰ੍ਹਾਂ ਨਾਲ ਜੀਵਨ ਬਤੀਤ ਕਰ ਰਹੇ ਹਨ - ਇਕ ਜਾਗ ਕੇ ਤੇ ਦੂਜੇ ਸੌਂ ਕੇ। ਆਤਮਿਕ ਤਲ ਤੇ ਜਾਗਣ ਵਾਲੇ ਨੂੰ ਪ੍ਰਮਾਣ ਮੰਨਿਆ ਗਿਆ ਹੈ। ਮਾਨਸਿਕ ਤੇ ਸਰੀਰਕ ਪੱਧਰ 'ਤੇ ਜ਼ਿਆਦਾ ਸੌਣ ਵਾਲੇ ਨੂੰ ਬਾਣੀ ਨੇ ਸਵੀਕਾਰ ਨਹੀਂ ਕੀਤਾ। ਜਿਵੇਂ ਕਿ ਫੁਰਮਾਨ ਹੈ -

*ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥*
*ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ੧॥*
*ਅੰਗ- ੧੬*

ਆਤਮਿਕ ਤੌਰ 'ਤੇ ਜਾਗੇ ਹੋਏ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਜੀਵਨ ਦਾ ਆਗਮਨ ਕਿਵੇਂ ਹੋਇਆ ਹੈ? ਗੁਰਬਾਣੀ ਅਨੁਸਾਰ ਉਸ ਨੂੰ ਪਰਪੱਕ ਹੁੰਦਾ ਹੈ ਕਿ ***'ਕੈਸੇ ਜੀਵਨੁ ਹੋਇ ਹਮਾਰਾ ॥ ਜਬ ਨ ਹੋਇ ਰਾਮ ਨਾਮ ਅਧਾਰਾ ॥' (ਅੰਗ-329)*** ਜੀਵਨ ਦਾ ਆਗਮਨ ਵੀ ਨਾਮ ਦੇ ਅਧਾਰ ਕਰਕੇ ਹੈ। ਆਗਮਨ ਹੋਣ ਉਪਰੰਤ ਵੀ ਨਾਮ ਦਾ ਹੀ ਅਧਾਰ ਹੈ।

*ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ ॥ ਅੰਗ- ੮੨੦*

*ਆਖਾ ਜੀਵਾ ਵਿਸਰੈ ਮਰਿ ਜਾਉ ॥ ਅੰਗ- ੯*

*ਨਾਨਕ ਨਾਮੁ ਮਿਲੈ ਤਾਂ ਜੀਵਾਂ*
*ਤਨੁ ਮਨੁ ਥੀਵੈ ਹਰਿਆ ॥ ਅੰਗ- ੧੪੨੯*

ਗੁਰਬਾਣੀ ਦੇ ਸਿਧਾਂਤ ਸਾਨੂੰ ਪ੍ਰਤੱਖ ਸੋਝੀ ਕਰਵਾ ਰਹੇ ਹਨ ਕਿ ਇਸ ਜੀਵਨ ਦਾ ਆਗਮਨ ਨਾਮ ਤੇ ਆਧਾਰਿਤ ਹੈ ਤੇ ਆਗਮਨ ਉਪਰੰਤ ਵੀ ਨਾਮ ਦਾ ਹੀ ਆਸਰਾ ਹੈ। ਇਸੇ ਨੂੰ ਆਤਮਿਕ ਜਾਂ ਮਾਨਸਿਕ ਜਾਗ ਕਿਹਾ ਜਾਂਦਾ ਹੈ।

ਇਸ ਜੀਵਨ ਦੀ ਬਚਿੱਤਰ ਖੇਡ ਨੂੰ ਜਿਸ ਨੇ ਸਮਝ ਲਿਆ, ਉਹ ਬਾਜ਼ੀ ਜਿੱਤ ਕੇ ਗਿਆ ਹੈ। ਜੀਵਨ ਦੀ ਪਾਰੀ ਜਾਂ ਖੇਡ ਤਾਂ ਹੀ ਜਿੱਤੀ ਜਾ ਸਕਦੀ ਹੈ ਜੇਕਰ ਇਸ ਦੇ ਮਨੋਰਥ ਨੂੰ ਪੂਰਾ ਕਰ ਲਿਆ ਹੋਵੇ। ਜੋ ਕਾਰਜ ਮਿਲਿਆ ਸੀ ਉਹ ਪੂਰਾ ਕਰ ਲਿਆ ਹੋਵੇ ਤਾਂ ਸਮਝੋ ਬਾਜੀ ਜਿੱਤ ਕੇ ਗਏ ਹਾਂ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ- ੧੨*

ਇਹ ਜੀਵਨ ਦਾ ਮਨੋਰਥ ਹੈ। ਜੇ ਤਾਂ ਮਨੋਰਥ ਪੂਰਾ ਕਰ ਲਿਆ ਤਾਂ ਜਾਗਿਆ ਹੋਇਆ ਸੀ, ਨਹੀਂ ਪੂਰਾ ਹੋਇਆ ਤਾਂ ਸਮਝੋ ਸਾਰੀ ਜ਼ਿੰਦਗੀ ਸੁੱਤੇ ਦੀ ਲੰਘ ਗਈ।

*ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥*
*ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥ ਅੰਗ- ੧੫੬*

ਫਿਰ ਤਾਂ -

*ਸਉ ਓਲਾਮ੍ਹੇ ਦਿਨੈ ਕੇ ਰਾਤੀ ਮਿਲਨ੍ਹਿ ਸਹੰਸ ॥*
*ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ ॥*
*ਅੰਗ- ੭੯੦*

ਮਹਾਰਾਜ ਸਾਨੂੰ ਬਾਰ-ਬਾਰ ਤਾਗੀਦ ਕਰਦੇ ਹਨ, ਚੌਕਸ ਕਰਦੇ ਹਨ ਕਿ -

*ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥*
*ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥*
*ਅੰਗ - ੪੩*

ਇਕ ਮਨੁੱਖ ਹੀ ਹੈ ਜੋ ਆਪਣੇ ਤਾਣੇ-ਬਾਣੇ ਵਿਚ ਉਲਝਦਾ ਜਾ ਰਿਹਾ ਹੈ। ਦਿਨ ਪ੍ਰਤੀ ਦਿਨ ਆਪਣੇ ਲਈ ਖਤਰੇ ਖੜ੍ਹੇ ਕਰ ਰਿਹਾ ਹੈ। ਜੀਵਨ ਚੰਗਾ ਹੈ ਜਾਂ ਮਾੜਾ, ਇਸ ਦਾ ਨਿਰਣਾ ਤਾਂ ਕਰਮਾਂ ਕਰਕੇ ਹੀ ਹੈ। ਚੰਗੇ ਕਰਮ ਹੋਣਗੇ ਤਾਂ ਚੰਗਿਆਈ ਸਾਮ੍ਹਣੇ ਆਏਗੀ। ਮੰਦੇ ਕਰਮ ਹੋਣਗੇ ਤਾਂ ਬੁਰਿਆਈ ਸਾਮ੍ਹਣੇ ਖੜ੍ਹੀ ਹੋਵੇਗੀ। ਜੀਵਨ ਦੀ ਸਾਰਥਿਕਤਾ ਚੰਗਿਆਈ ਵਿਚ ਹੈ। ਜਾਗ ਵਿਚ ਹੈ। ਮਾਨਸਿਕ ਜਾਗ ਵਾਲੇ ਨੂੰ ਦਿਸਦੇ ਸੰਸਾਰ ਨਾਲੋਂ ਜ਼ਿਆਦਾ ਅਣਦਿਸਦਾ ਨਜ਼ਰ ਆਉਂਦਾ ਹੈ। ਉਸ ਦੀ ਕੂਕਰ ਦ੍ਰਿਸ਼ਟੀ ਨਹੀਂ, ਸ਼ੇਰ ਦ੍ਰਿਸ਼ਟੀ ਹੈ। ਸ਼ੇਰ ਦ੍ਰਿਸ਼ਟੀ ਵਾਲਾ ਦਾਤੇ ਤੇ ਨਿਗ੍ਹਾ ਰਖਦਾ ਹੈ -

*ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥*
*ਅੰਗ- ੨*

*ਦੇਦਾ ਦੇ ਲੈਦੇ ਥਕਿ ਪਾਹਿ ॥*
*ਜੁਗਾ ਜੁਗੰਤਰਿ ਖਾਹੀ ਖਾਹਿ ॥ ਅੰਗ- ੨*

ਦੇਣਹਾਰ ਦਾਤਾਰ 'ਤੇ ਨਿਗ੍ਹਾ ਟਿਕਾ ਕੇ ਉਸ ਦੀਆਂ ਵਡਿਆਈਆਂ ਦਾ ਗੁਣਗਾਨ ਕਰਦਾ ਹੈ। ਪਰ ਸੁੱਤਾ ਮਨ ਕੂਕਰ ਦ੍ਰਿਸ਼ਟੀ ਰਾਹੀਂ ***'ਦਾਤਿ ਪਿਆਰੀ ਵਿਸਰਿਆ ਦਾਤਾਰਾ ॥(ਅੰਗ-676)*** ਦਾ ਧਾਰਨੀ ਹੁੰਦਾ ਹੈ।

ਦਾਤੇ ਦੀ ਬਣਾਈ ਪ੍ਰਕ੍ਰਿਤੀ ਵਿਚ ਪਰਚੇ ਰਹਿਣਾ

ਦੁਖਾਂ ਦਾ ਅਭਾਸ ਹੈ। ਪਰ ਦੇਣਹਾਰ ਦਾਤਾਰ ਤੇ ਨਿਗ੍ਹਾ ਟਿਕਾਈ ਰਖਣੀ ਸੁੱਖਾਂ ਦਾ ਅਭਾਸ ਹੈ। ਲੋੜ ਹੈ ਜੀਵਨ ਦੇ ਮਨੋਰਥ ਨੂੰ ਕਿਵੇਂ ਸਾਕਾਰ ਕਰਨਾ ਹੈ, ਕਿਵੇਂ ਸਫਲ ਕਰਨਾ ਹੈ। ਦਿਸਦੇ ਤੇ ਅਣਦਿਸਦੇ ਵਿਚ ਸਾਡੀ ਜ਼ਿੰਦਗੀ ਹੈ। ਇਸ ਜ਼ਿੰਦਗੀ ਨੂੰ ਸਹੀ ਅਰਥ ਦੇਣ ਲਈ ਦਿਸਦੇ ਤੇ ਅਣਦਿਸਦੇ ਨੂੰ ਸਮਝਣਾ ਬਹੁਤ ਹੀ ਜ਼ਰੂਰੀ ਹੈ। ਦਿਸਦਾ ਚਲਾਇਮਾਨ ਹੈ -

*ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥*
*ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥*
*ਅੰਗ- ੧੪੨੯*

'ਅਣਦਿਸਦਾ' ਸਥਿਰ ਹੈ -

*ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥*
*ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ ॥*
*ਅੰਗ- ੧੪੨੯*

ਐਸੀ ਸਥਿਰ ਅਵਸਥਾ ਵਾਲਿਆਂ ਨੂੰ ਕਿਹਾ ਜਾਂਦਾ ਹੈ ਸੰਤ, ਮਹਾਂਪੁਰਸ਼, ਰੱਬ ਦੇ ਪਿਆਰੇ, ਬ੍ਰਹਮਗਿਆਨੀ। ਐਸੀ ਬਿਰਤੀ ਦੇ ਲਖਾਇਕ ਸਨ ਸੰਤ ਮਹਾਰਾਜ ਰਾੜਾ ਸਾਹਿਬ ਵਾਲੇ। ਬ੍ਰਹਮ ਨੇਸ਼ਟੀ, ਬ੍ਰਹਮ ਸਰੋਤਰੀ ਤੇ ਬ੍ਰਹਮ ਵਕਤਾ। ਉਨ੍ਹਾਂ ਨੇ ਜੀਵਨ ਮਨੋਰਥ ਨੂੰ ਸਮਝ ਲਿਆ ਸੀ। ਆਤਮਿਕ ਪੱਧਰ ਤੇ ਜਾਗ ਕੇ ਜੀਵਨ ਬਸਰ ਕੀਤਾ। ਲੱਖਾਂ ਪ੍ਰਾਣੀਆਂ ਨੂੰ ਜਾਗਣ ਲਈ ਪ੍ਰੇਰਿਤ ਕੀਤਾ। ਆਪ ਵੀ ਜੀਵਨ ਦੀ ਬਾਜ਼ੀ ਜਿੱਤ ਕੇ ਗਏ ਹਨ ਤੇ ਲੱਖਾਂ ਪ੍ਰਾਣੀਆਂ ਨੂੰ ਇਸ ਰਾਹ 'ਤੇ ਤੋਰ ਕੇ ਗਏ ਹਨ। 'ਆਤਮ ਮਾਰਗ' ਦੇ ਆਪ ਵੀ ਪਾਂਧੀ ਰਹੇ ਹਨ, ਮੰਜ਼ਲਿ-ਏ-ਮਕਸੂਦ ਪ੍ਰਾਪਤ ਕੀਤੀ ਹੈ ਤੇ ਲੱਖਾਂ ਨੂੰ ਇਸ ਰਾਹ ਦੇ, ਇਸ ਪੰਧ ਦੇ ਪਾਂਧੀ ਬਣਾਇਆ ਭਾਵ 'ਆਤਮ ਮਾਰਗ' ਤੇ ਚਲਾਇਆ। ਐਸੇ ਆਤਮਿਕ ਜਾਗ ਵਾਲੇ ਸੰਤ ਜਨਾਂ ਰੱਬੀ ਰੂਹਾਂ ਨੂੰ 'ਕੋਟਿਨ ਕੋਟਿ ਨਮਸਕਾਰ' -

*ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥*
*ਅੰਗ- ੭੨੨*

*ਤੈ ਸਾਹਿਬ ਕੀ ਬਾਤ ਜਿ ਆਖੈ*
*ਕਹੁ ਨਾਨਕ ਕਿਆ ਦੀਜੈ ॥*
*ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥*
*ਅੰਗ- ੫੫੮*

ਐਸੇ ਜਾਗੇ ਹੋਏ ਰੱਬੀ ਪੁਰਸ਼ਾਂ ਦੀ ਸੰਗਤਿ ਕਰਕੇ ਹੀ ਜੀਵਨ ਮਨੋਰਥ ਪੂਰਾ ਹੋ ਸਕਦਾ ਹੈ। ਐਸੀਆਂ ਰੱਬੀ ਰੂਹਾਂ ਹੀ ਸੁੱਤੇ ਮਨਾਂ ਨੂੰ ਜਗਾ ਸਕਣ ਦੇ ਸਮਰੱਥ ਹਨ। ਆਉ ਜੁੜੀਏ ਅਰਦਾਸ ਵਿਚ -

*ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥*
*ਨਾਨਕ ਦਾਸੁ ਇਹੈ ਸੁਖੁ ਮਾਗੈ*
*ਮੋ ਕਉ ਕਰਿ ਸੰਤਨ ਕੀ ਧੂਰੇ ॥ ਅੰਗ - ੧੩*

*ਸੇਈ ਪਿਆਰੇ ਮੇਲ ਜਿਨਾ ਮਿਲਿਆ*
*ਤੇਰਾ ਨਾਮ ਚਿਤ ਆਵੈ।*

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ 19 ਅਗਸਤ ਨੂੰ ਆ ਰਹੇ ਹਨ। ਇਸ ਪ੍ਰਥਾਇ ਇਕ ਵਿਸ਼ੇਸ਼ ਲੇਖ ਡਾ. ਗੁਰਨੇਕ ਸਿੰਘ ਜੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਰਚਿਤ ਹਥਲੇ ਅੰਕ ਵਿਚ ਦਿਤਾ ਜਾ ਰਿਹਾ ਹੈ। ਆਸ ਹੈ ਕਿ ਪਾਠਕ ਜਨ ਪੜ੍ਹ ਕੇ ਲਾਹੇ ਪ੍ਰਾਪਤ ਕਰਨਗੇ।

ਆਪ ਜੀ ਨੂੰ ਵਿਦਿਤ ਹੈ ਕਿ ਸੰਤ ਮਹਾਰਾਜ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਜ) ਰਾੜਾ ਸਾਹਿਬ ਵਾਲਿਆਂ ਦੇ ਪਵਿੱਤਰ ਸਰੀਰਕ ਆਗਮਨ ਦਿਵਸ 5 ਅਗਸਤ ਨੂੰ ਹਨ ਤੇ 26 ਅਗਸਤ 1975 ਨੂੰ ਉਨ੍ਹਾਂ ਨੇ ਸਰੀਰ ਦਾ ਪ੍ਰਤੀਤਿਆਗ ਵੀ ਕੀਤਾ ਸੀ। ਇਸੇ ਹੀ ਮਹੀਨੇ ਪਿਆਰੇ ਮਹਾਂਪੁਰਸ਼ ਰਤਵਾੜਾ ਸਾਹਿਬ ਵਾਲਿਆਂ ਦੇ ਜੀਵਨ ਸਾਥੀ ਸਤਿਕਾਰ ਯੋਗ ਬੀਜੀ (ਮਾਤਾ ਰਣਜੀਤ ਕੌਰ ਜੀ) ਦਾ ਜਨਮ ਦਿਵਸ 8 ਅਗਸਤ ਨੂੰ ਹੈ। ਸਮੂੰਹ ਸੰਗਤਾਂ ਨੂੰ ਲੱਖ-ਲੱਖ ਵਧਾਈ ਹੋਵੇ ਜੀ। ਐਸੀਆਂ ਰੱਬੀ ਰੂਹਾਂ ਕਦੇ-ਕਦੇ ਸੰਸਾਰ ਮੰਚ 'ਤੇ ਆਉਂਦੀਆਂ ਹਨ ਪਰ ਸਦੀਵੀ ਤੌਰ 'ਤੇ ਉਨ੍ਹਾਂ ਦੀਆਂ ਯਾਦਾਂ ਪਿਆਰ ਵਾਲਿਆਂ ਦੇ ਹਿਰਦਿਆਂ ਵਿਚ ਸਦਾ ਹੀ ਤਾਜ਼ਾ ਰਹਿੰਦੀਆਂ ਹਨ।

ਸਤਿਕਾਰਯੋਗ ਬੀਜੀ (ਮਾਤਾ ਰਣਜੀਤ ਕੌਰ ਜੀ) ਨੇ ਸਾਰੀ ਜ਼ਿੰਦਗੀ ਸੇਵਾ ਕਰਦਿਆਂ ਮਹਾਂਪੁਰਸ਼ਾਂ ਦਾ ਸਾਥ ਨਿਭਾਇਆ। ਆਪ ਜੀ ਨੇ ਜੀਵਨ ਦੇ ਹਰ ਪਹਿਲੂ 'ਤੇ ਮਹਾਂਪੁਰਸ਼ਾਂ ਨੂੰ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਧਾਰਮਿਕ, ਸਮਾਜਿਕ ਤੇ ਘਰੇਲੂ ਜ਼ਿੰਮੇਵਾਰੀਆਂ ਵਿਚ ਦਿਨ ਰਾਤ ਅਣਥੱਕ ਮਿਹਨਤ ਕਰਕੇ ਮਹਾਂਪਰਸ਼ਾਂ ਦਾ ਸਾਥ ਦਿਤਾ। ਉਨ੍ਹਾਂ ਦਾ ਨਾਮ ਬਾਣੀ ਵਿਚ ਰੰਗਿਆ ਜੀਵਨ ਸਦਾ ਹੀ ਚੜ੍ਹਦੀ ਕਲਾ ਲਈ ਸਾਨੂੰ ਸਾਰਿਆਂ ਨੂੰ ਪ੍ਰੇਰਿਤ ਕਰਦਾ ਰਹੇਗਾ। ਇਕ ਆਦਰਸ਼ਕ ਮਾਤਾ ਵਾਲਾ ਪਿਆਰ ਉਹਨਾਂ ਦੇ ਜੀਵਨ ਵਿਚੋਂ ਮਿਲਦਾ ਰਹੇਗਾ। 8 ਅਗਸਤ ਨੂੰ ਰਤਵਾੜਾ ਸਾਹਿਬ ਵਿਖੇ ਕਥਾ ਕੀਰਤਨ ਰਾਹੀਂ ਉਹਨਾਂ ਦੇ ਆਦਰਸ਼ਕ ਮਾਤਾ ਵਾਲੇ ਪਿਆਰ ਭਰੇ ਜੀਵਨ ਨੂੰ ਯਾਦ ਕੀਤਾ ਜਾਵੇਗਾ। ਸਮੇਂ ਦੇ ਹਾਲਾਤ ਨੂੰ ਮੱਦੇ ਨਜ਼ਰ ਰੱਖਦਿਆਂ ਸੰਗਤਾਂ ਇੰਟਰਨੈਟ ਮੀਡੀਏ ਰਾਹੀਂ ਕੀਰਤਨ ਸ੍ਰਵਣ ਕਰਕੇ ਲਾਹੇ ਪ੍ਰਾਪਤ ਕਰਨ ਜੀ।

# ਭਾਦੁਇ

ਸੰਗਰਾਂਦ, ਅਗਸਤ 16 (ਐਤਵਾਰ)

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥*
*ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥*
*ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥*
*ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥*
*ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥*
*ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥*
*ਜੇਹਾ ਬੀਜੈ ਸੁ ਲੁਣੈ ਕਰਮਾ ਸੰਦੜਾ ਖੇਤੁ ॥*
*ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥*
*ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣਵਾਲਾ ਹੇਤੁ ॥*
*ਅੰਗ - 134*

ਸਾਵਣ ਝੜੀਆਂ ਲਾਉਂਦਾ, ਠੰਢਾਂ ਵੰਡਦਾ, ਰਸ, ਰੰਗ ਵਿਚ ਰੱਤੇ ਕਰਨ ਵਾਲਾ ਆਪਣੀ ਚਾਲ ਪਿਆ, ਆਪਣਾ ਦ੍ਰਿਸ਼ ਦਿਖਾ ਕੇ ਸਮੇਂ ਦੇ ਪੜਦੇ ਓਹਲੇ ਛੁਪ ਗਿਆ। ਹੁਣ ਵਾਰੀ ਆਈ - ਭਾਦੋਂ ਦੇ ਮਹੀਨੇ ਦੀ ਜਿਸ ਵਿਚ ਹੁੱਸੜ ਪੈਂਦੇ ਹਨ ਅਤੇ ਗਰਮੀ ਵਧ ਜਾਂਦੀ ਹੈ, ਦਮ ਘੁਟਦਾ ਹੈ, ਚਲਦੇ ਰਾਹੀ ਦਰਖਤਾਂ ਦੀ ਸੰਘਣੀ ਛਾਂ ਹੇਠ ਬੈਠ ਕੇ ਹਵਾ ਦੀ ਆਸ ਰਖਦੇ ਹਨ। ਅਨੇਕ ਜੀਵ - ਸੱਪ, ਬਿੱਛੂ, ਕੀੜੇ-ਮਕੌੜੇ ਧਰਤੀ ਦੇ ਹੁੱਸੜ ਵਿਚੋਂ ਬਾਹਰ ਆ ਕੇ ਠੰਢਕ ਦੀ ਆਸ ਰਖਦੇ ਹਨ। ਮੀਂਹ ਆਉਂਦੇ ਹਨ - ਛਰਾਟਿਆਂ ਦੇ ਰੂਪ ਵਿਚ; ਹਵਾ ਬੰਦ ਹੋ ਜਾਂਦੀ ਹੈ, ਮੀਂਹ ਤੋਂ ਬਾਦ ਵੱਟ ਪੈ ਜਾਂਦਾ ਹੈ; ਮੀਂਹ ਦੀ ਠੰਢਕ ਮਹਿਸੂਸ ਨਹੀਂ ਹੁੰਦੀ। ਉਹ ਸਾਵਣ ਹੀ ਸੀ ਜਿਸ ਵਿਚ ਮੀਂਹ ਦੇ ਨਾਲ ਠੰਢੀ ਹਵਾ ਵੀ ਰੁਮਕਦੀ ਸੀ। ਪ੍ਰਭੂ ਦੇ ਪਿਆਰ ਨੂੰ ਭੁੱਲ ਕੇ ਮਾਇਆ ਦੇ ਪਿਆਰ ਵਿਚ ਇਹ ਜੀਵ ਗਲਤਾਨ ਹੋ ਗਿਆ। ਅੰਦਰਲਾ ਗਿਆਨ ਅਲੋਪ ਹੋ ਗਿਆ। ਮਾਇਆ ਦੇ ਰਸਾਂ ਵਿਚ ਉਲਝ ਗਿਆ ਅਤੇ ਭਰਮ ਵਿਚ ਪੈ ਕੇ ਪ੍ਰਮ ਤੱਤ ਤੋਂ ਅਸੂਝ ਹੋ ਗਿਆ। ਭੇਦ ਭਰਮ ਨੇ ਪੈਦਾ ਹੋ ਕੇ ਇਸ ਅਖੰਡ ਜੋਤ ਤੋਂ ਆਪਣੇ ਆਪ ਨੂੰ ਵਖਰਾ ਸਮਝ ਲਿਆ ਜਿਵੇਂ ਸੂਰਜ, ਚੰਦਰਮਾ, ਗਗਨ ਵਿਚ ਚਮਕ ਰਹੇ ਹਨ। ਉਨ੍ਹਾਂ ਦਾ ਪਰਛਾਵਾਂ ਪਾਣੀ ਨਾਲ ਭਰੇ ਬਰਤਨਾਂ ਵਿਚ ਪੈ ਰਿਹਾ ਹੈ। ਉਸ ਬਿੰਬ ਦਾ ਪ੍ਰਤੀਬਿੰਬ, ਬਿੰਬ ਨਾਲੋਂ ਵਖਰਾ ਪ੍ਰਤੀਤ ਦਿੰਦਾ ਹੈ। ਪਾਣੀ ਹਿਲਦਾ ਹੈ ਤਾਂ ਪਰਛਾਵੇਂ ਦਾ ਚੰਦਰਮਾ ਤੇ ਸੂਰਜ ਵੀ ਹਿਲਦੇ ਨਜ਼ਰ ਆਉਂਦੇ ਹਨ ਪਰ ਸੂਰਜ ਤੇ ਚੰਦਰਮਾ ਆਪਣੀ ਥਾਂ ਤੇ ਅਡੋਲ ਹਨ, ਉਨ੍ਹਾਂ ਦੇ ਅੰਦਰ ਕੋਈ ਲਹਿਰਾਓ ਨਹੀਂ; ਇਹ ਹਿਲ-ਜੁਲ ਪ੍ਰਤੀਤ ਦੇ ਰਹੀ ਹੈ ਕੇਵਲ ਪ੍ਰਤੀਬਿੰਬ ਵਿਚ। ਇਸੇ ਤਰ੍ਹਾਂ ਨਾਲ ਪ੍ਰਮ ਚੇਤਨ ਜੋਤ ਆਪਣਾ ਖੇਲ੍ਹ ਕਰ ਰਹੀ ਹੈ, ਉਸਦਾ ਪ੍ਰਤੀਬਿੰਬ ਅਸਾਡੇ ਅੰਤਸ਼ਕਰਣ ਵਿਚ ਪੈ ਰਿਹਾ ਹੈ ਅਤੇ ਹਉਮੈ ਦੀ ਵਲਗਣ ਵਿਚ ਇਕ ਵਖਰੀ ਹੋਸ਼ ਅਸਾਡੇ ਵਿਚ ਪੈਦਾ ਹੋ ਗਈ ਜਿਸ ਨੂੰ ਹਉਮੈ ਦੀ ਸੁਰਤ ਆਖਿਆ ਜਾਂਦਾ ਹੈ, ਜਿਸ ਬਾਰੇ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਭੋਲਿਆ ਹਉਮੈ ਸੁਰਤਿ ਵਿਸਾਰਿ॥***
***ਹਉਮੈ ਮਾਰਿ ਬੀਚਾਰਿ ਮਨ***
***ਗੁਣ ਵਿਚਿ ਗੁਣੁ ਲੈ ਸਾਰਿ॥ਅੰਗ - ੧੧੬੮***

ਇਸੇ ਤਰ੍ਹਾਂ ਨਾਲ ਕਰਤੱਤਵ ਕਰਮ ਦਾ ਭਰਮ ਪੈ ਗਿਆ। ਦੁਖ-ਸੁਖ, ਖੁਸ਼ੀ-ਗਮੀ, ਆਪਣਾ-ਪਰਾਇਆ, ਜਾਤ-ਜਨਮ, ਦੇਸ-ਪ੍ਰਦੇਸ, ਆਪਣੇ-ਬੇਗਾਨੇ ਉਸ ਸੁਰਤ ਵਿਚੋਂ ਦਿਸਣ ਲਗ ਗਏ ਅਤੇ ਭਰਮ ਵਿਚ ਪਿਆ ਇਹ ਜੀਵ ਬਿਲਕੁਲ ਅਗਿਆਨਤਾ ਦੇ ਅੰਨ੍ਹੇ ਖੂਹ ਵਿਚ ਗਿਰ ਕੇ ਬੇ-ਵਸ ਹੋ ਕੇ ਰੋਂਦਾ ਕੁਰਲਾਉਂਦਾ ਹੈ। ਇਸ ਦਾ ਪਿਆਰ ਉਨ੍ਹਾਂ ਚੀਜ਼ਾਂ ਨਾਲ ਹੋ ਗਿਆ ਜਿਹੜੀਆਂ ਸੰਜੋਗ ਨਾਲ ਪ੍ਰਾਪਤ ਹੁੰਦੀਆਂ ਹਨ ਅਤੇ ਵਿਜੋਗ ਦੇ ਵੱਸ ਹੋ ਕੇ ਵਿਛੁੜ

ਜਾਇਆ ਕਰਦੀਆਂ ਹਨ। ਇਹ ਜਾਦੂ ਦਾ ਜਾਲ, ਜਾਦੂ ਦੇ ਮਿਲਾਪ ਤੇ ਵਿਛੋੜੇ ਇਸ ਦੇ ਮਨ ਵਿਚ ਹਿਤ ਤੇ ਅਹਿਤ ਪੈਦਾ ਕਰ ਰਹੇ ਹਨ। ਕੁਝ ਚੀਜ਼ਾਂ ਨਾਲ ਰਾਗ ਹੋ ਗਿਆ ਅਤੇ ਕੁਝ ਚੀਜ਼ਾਂ ਨਾਲ ਦ੍ਵੈਸ਼ ਹੋ ਗਈ। ਵਾਹਿਗੁਰੂ ਨੂੰ ਛੱਡ ਕੇ, ਜੋ ਇਸ ਦੇ ਸਦਾ ਹੀ ਸੰਗ ਸਹਾਈ ਰਹਿੰਦਾ ਹੈ, ਉਨ੍ਹਾਂ ਚੀਜ਼ਾਂ ਨਾਲ ਇਸ ਦਾ ਪਿਆਰ ਪੈ ਗਿਆ ਜੋ ਇਸ ਨੂੰ ਜਨਮ ਮਰਨ ਦੀਆਂ ਘੁਮੇਟਣੀਆਂ ਵਿਚ ਦੁਖੀ ਕਰਦੀਆਂ ਹਨ -

***ਸੰਗਿ ਸਹਾਈ ਸੁ ਆਵੈ ਨ ਚੀਤਿ॥***
***ਜੋ ਬੈਰਾਈ ਤਾ ਸਿਉ ਪ੍ਰੀਤਿ॥***
***ਅੰਗ - ੨੬੭***

ਮਹਾਰਾਜ ਜੀ ਨੇ ਭਾਦੋਂ ਦੇ ਮਹੀਨੇ ਵਿਚ ਇਸ ਭੁੱਲੜ ਜੀਵ ਨੂੰ ਪ੍ਰਗਟ ਕਰਦਿਆਂ ਫੁਰਮਾਨ ਕੀਤਾ ਹੈ ਕਿ ਐ ਜੀਵ! ਤੂੰ ਉਨ੍ਹਾਂ ਚੀਜ਼ਾਂ ਵਿਚ ਪਰਚ ਗਿਆ ਹੈਂ ਜਿਨ੍ਹਾਂ ਨੇ ਤੇਰੇ ਨਾਲ ਨਹੀਂ ਨਿਭਣਾ। ਤੈਨੂੰ ਚਾਹੀਦਾ ਤਾਂ ਸੀ ਕਿ ਤੂੰ ਉਹ ਸ਼ਿੰਗਾਰ ਬਣਾਉਂਦਾ ਜਿਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਤੈਨੂੰ ਏਕੰਕਾਰ ਜੀ ਦਾ ਸੱਚਾ-ਸੁੱਚਾ ਪਿਆਰ ਪ੍ਰਾਪਤ ਹੁੰਦਾ -

***ਭੈ ਕੀਆ ਦੇਹਿ ਸਲਾਈਆ ਨੈਣੀ***
***ਭਾਵ ਕਾ ਕਰਿ ਸੀਗਾਰੋ॥ ਅੰਗ - ੭੨੨***

ਪਰ ਇਸ ਦੇ ਵਿਪਰੀਤ ਤੂੰ ਆਪਣੇ ਚੋਲੇ ਨੂੰ ਮਾਇਆ ਦੇ ਬਦਬੂਦਾਰ ਕੋਹਝੇ ਰੰਗ ਵਿਚ ਰੰਗ ਲਿਆ। ਹੁਣ ਦੱਸ, ਐਨੀ ਬਦਬੂ ਵਾਲੇ ਨੂੰ ਕੌਣ ਨੇੜੇ ਆਉਣ ਦੇਵੇ ਕਿਉਂਕਿ ਉਸ ਸੱਚੇ ਕੰਤ ਨੂੰ ਕਾਮ, ਕ੍ਰੋਧ, ਲੋਭ, ਮੋਹ, ਈਰਖਾ, ਨਿੰਦਿਆ, ਚੁਗਲੀ, ਆਸਾ, ਤ੍ਰਿਸ਼ਨਾ, ਅੰਦੇਸਾ, ਡਰ, ਬੇ-ਪ੍ਰਤੀਤੀ ਦੇ ਭੱਦੇ ਅਤੇ ਬਦਬੂਦਾਰ ਰੰਗਾਂ ਵਿਚ ਰੰਗਿਆ ਚੋਲਾ ਕਿਵੇਂ ਭਾਵੇ?

***ਇਹੁ ਤਨੁ ਮਾਇਆ ਪਾਹਿਆ ਪਿਆਰੇ***
***ਲੀਤੜਾ ਲਬਿ ਰੰਗਾਏ॥***
***ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ***
***ਕਿਉ ਧਨ ਸੇਜੈ ਜਾਏ॥ ਅੰਗ - ੭੨੧***

ਸੋ ਜਿਨ੍ਹਾਂ ਸ਼ਿੰਗਾਰਾਂ ਨਾਲ ਆਪਣੀ ਦੇਹੀ ਨੂੰ ਸ਼ਿੰਗਾਰਦਾ ਹੈ - ਵਧੀਆ ਤੋਂ ਵਧੀਆ ਪਾਊਡਰ ਆਦਿ ਵਰਤ ਕੇ, ਸੋਹਣੇ ਤੋਂ ਸੋਹਣੇ ਕਪੜੇ ਪਹਿਨ ਕੇ, ਹੋਰ ਅਨੇਕਾਂ ਸ਼ਿੰਗਾਰ ਲਾ ਕੇ, ਪਰ ਪਿਆਰਿਆ! ਤੂੰ ਆਪਣੇ ਅੰਤਸ਼ਕਰਣ ਨੂੰ ਨਾ ਸ਼ਿੰਗਾਰਿਆ, ਉਸਨੂੰ ਸ਼ੁੱਧ ਨਾ ਕੀਤਾ; ਉਸਨੂੰ ਨਾਮ ਦਾ ਸਾਬਣ ਲਾ ਕੇ ਸਾਫ ਨਾ ਕੀਤਾ ਤਾਂ ਫੇਰ ਦੱਸ ਇਨ੍ਹਾਂ ਬਦਬੂਦਾਰ ਸ਼ਿੰਗਾਰਾਂ ਨੂੰ ਦੇਖ ਕੇ ਤਾਂ ਪ੍ਰਭੂ ਨੇ ਆਪਣਾ ਪਿਆਰ ਤੈਨੂੰ ਨਹੀਂ ਬਖਸ਼ ਦੇਣਾ! ਇਸ ਦੀ ਥਾਂ ਇਸ ਸ਼ਿੰਗਾਰੀ ਦੇਹ ਨੇ ਇਕ ਰਸ ਨਹੀਂ ਰਹਿਣਾ, ਇਹਦੇ ਵਿਚ ਤਿੰਨ ਰੰਗ ਅਵੱਸ਼ ਆਉਂਦੇ ਹਨ -

***ਬਾਲ ਜੁਆਨੀ ਅਰੁ ਬਿਰਧਿ ਫੁਨਿ***
***ਤੀਨਿ ਅਵਸਥਾ ਜਾਨਿ॥ ਅੰਗ - ੧੪੨੮***

ਤੇ ਚੌਥੀ ਅਵਸਥਾ ਇਸ ਦੇ ਬਿਨਸਣ ਦੀ ਹੁੰਦੀ ਹੈ। ਇਹ ਬਿਨਸਿਆ ਹੋਇਆ ਬਡਰੂਪ ਹੋ ਜਾਂਦਾ ਹੈ ਅਤੇ ਪ੍ਰੇਤ ਕਹਾਉਂਦਾ ਹੈ। ਕਰਮਾਂ ਦਾ ਫਲ ਦੇਣ ਵਾਲੀਆਂ ਸ਼ਕਤੀਆਂ, ਗੁਪਤ ਤਾਕਤਾਂ, ਅਵਿਅਕਤ ਰੂਪ ਵਿਚ ਆ ਕੇ ਇਸ ਭੁੱਲੜ ਜੀਵ-ਆਤਮਾ ਨੂੰ ਗ੍ਰਸ ਲੈਂਦੀਆਂ ਹਨ। ਰੋਂਦਾ-ਕੁਰਲਾਂਦਾ ਪਰਲੋਕ ਨੂੰ ਜਾਂਦਾ ਹੈ -

***ਬਾਰਿ ਵਿਡਾਨੜੈ ਹੁੰਮਸ ਧੁੰਮਸ***
***ਕੂਕਾ ਪਈਆ ਰਾਹੀ॥ ਅੰਗ - ੫੨੦***

ਜਿਨ੍ਹਾਂ ਦੇ ਵਾਸਤੇ ਸਾਰਾ ਜੀਵਨ ਬਰਬਾਦ ਕਰ ਦਿਤਾ ਅਤੇ ਗਲਤੀ ਨਾਲ ਇਸ ਗੱਲ ਵਿਚ ਪਰਚਿਆ ਰਿਹਾ ਕਿ ਮੈਂ ਆਪਣਾ ਹਲਤ ਸਵਾਰਨਾ ਹੈ, ਪੈਸੇ ਇਕੱਠੇ ਕਰਨੇ ਹਨ, ਕੋਠੀਆਂ, ਦੁਕਾਨਾਂ, ਇੰਡਸਟਰੀਆਂ ਤੇ ਜ਼ਮੀਨਾਂ ਬਣਾਉਣੀਆਂ ਹਨ। ਮਾਇਆ, ਪਾਪਾਂ ਬਾਝਹੁ ਹੱਥ ਨਹੀਂ ਆਉਂਦੀ। ਸੋ ਬਹੁ ਪਰਪੰਚ ਕਰਕੇ ਧਨ ਇਕੱਠਾ ਕਰਦਾ ਰਿਹਾ ਅਤੇ ਹਲਤ ਵਿਚ ਪਰਚਿਆ ਰਿਹਾ, ਹਲਤ ਨੂੰ ਸੰਵਾਰਦਾ ਰਿਹਾ। ਇਸ ਨੂੰ ਸੋਝੀ ਨਹੀਂ ਸੀ ਕਿ ਮੈਂ ਇਸ ਸੰਸਾਰ ਵਿਚ ਰਹਿੰਦਾ ਹੋਇਆ ਪਰਲੋਕ ਨੂੰ ਸ਼ਿੰਗਾਰ ਲਵਾਂ ਜਿਥੇ ਜਾ ਕੇ ਮੈਂ ਰਹਿਣਾ ਤੇ ਵਸਣਾ ਹੈ। ਮੂਰਖ ਹੋ ਕੇ ਦੁਨੀਆਂ ਵਿਚ ਉਲਝਿਆ ਰਿਹਾ ਪਰ ਜੇ ਇਹ ਪਰਲੋਕ ਨੂੰ ਸੰਵਾਰ ਲੈਂਦਾ ਤਾਂ ਇਥੋਂ ਜਾਣ ਵੇਲੇ ਇਸ ਨੂੰ ਮੌਤ ਵਰਗੀ ਭਿਆਨਕ ਘਟਨਾ ਤੋਂ ਬਿਲਕੁਲ ਡਰ ਨਾ ਲਗਦਾ ਕਿਉਂਕਿ ਉਸਨੇ ਪਹਿਲਾਂ ਹੀ ਆਪਣਾ ਪ੍ਰਲੋਕ ਰਾਸ ਕਰ ਲਿਆ ਸੀ।

ਇਕ ਸਾਖੀ ਆਉਂਦੀ ਹੈ ਕਿ ਇਕ ਰਾਜ ਵਿਚ ਜਨਤਾ ਨੇ ਇਹ ਕਾਨੂੰਨ ਬਣਾ ਦਿਤਾ ਸੀ ਕਿ ਕੋਈ ਭੀ ਰਾਜਾ ਵੀਹ ਸਾਲ ਤੋਂ ਵੱਧ ਤਖਤ ਤੇ ਨਹੀਂ ਬੈਠ ਸਕਦਾ। ਵੀਹ ਸਾਲ ਪਿਛੋਂ ਉਸਨੂੰ ਤਖਤ ਤੋਂ ਉਤਾਰ ਕੇ ਦੂਜਾ ਰਾਜਾ ਉਸ ਦੀ ਥਾਂ ਥਾਪ ਦਿਤਾ ਜਾਂਦਾ ਅਤੇ ਪਹਿਲੇ ਰਾਜੇ ਨੂੰ, ਜਿਸਨੇ ਰਾਜ ਦੇ ਸੁਖਾਂ ਦਾ ਅਨੰਦ ਮਾਣਿਆ, ਵਿਸ਼ੇ ਭੋਗਾਂ ਦੇ ਫਿਕੇ ਰਸਾਂ ਵਿਚ ਗਲਤਾਨ ਰਿਹਾ, ਵਿਸ਼ੇ ਵਿਕਾਰਾਂ ਦੀ ਹਨੇਰ੍ਹੀ ਵਿਚ ਰੁਲਿਆ ਰਿਹਾ; ਹੁਣ ਜਦ ਉਸਨੂੰ ਨਿਰਜਨ ਟਾਪੂ ਵਿਚ ਭੇਜਣ ਲਈ ਸਮੁੰਦਰੀ ਜਹਾਜ਼ ਵਿਚ ਬਿਠਾ ਰਹੇ ਹਨ ਤਾਂ ਉਹ ਰੋਂਦਾ-ਕੁਰਲਾਉਂਦਾ ਹੈ ਕਿ ਉਥੇ ਤਾਂ ਨਿਰਜਨ ਵਣ ਹੈ, ਕੁਝ ਖਾਣ ਪੀਣ ਨੂੰ ਨਹੀਂ ਮਿਲਦਾ, ਫਲ ਵਿਹੂਣੇ ਬ੍ਰਿਛ ਹਨ, ਵੱਡੇ-ਵੱਡੇ ਜੰਗਲੀ ਜਾਨਵਰਾਂ ਨਾਲ ਭਰੇ ਪਏ ਹਨ, ਮੈਂ ਕਿਥੇ ਬੈਠਾਂਗਾ, ਕਿਥੇ ਸੌਂਵਾਂਗਾ: ਮੇਰੀ ਰਾਖੀ ਐਥੇ ਤਾਂ ਅੰਗ ਰਖਸ਼ਕ ਕਰਦੇ ਸਨ, ਹੁਣ ਮੇਰੀ ਰਾਖੀ ਕੌਣ ਕਰੇਗਾ ਕੋਈ ਸ਼ਸ਼ਤਰ ਵੀ ਤੁਸੀਂ ਮੈਨੂੰ ਲਿਜਾਣ ਨਹੀਂ ਦਿੰਦੇ; ਉਥੇ ਨਾਲ ਲਿਜਾਣ ਲਈ ਕੁਝ ਵੀ ਪੱਲੇ ਨਹੀਂ ਬੰਨ੍ਹਣ ਦਿੰਦੇ। ਹਾਇ! ਮੇਰੇ ਮੰਦੇ ਭਾਗ, ਮੈਂ ਪਹਿਲਾਂ ਕਿਉਂ ਨਾ ਸੋਚਿਆ। ਜੇ ਮੈਂ ਪਹਿਲਾਂ ਧਿਆਨ ਦਿਤਾ ਹੁੰਦਾ ਤਾਂ ਮੈਂ ਜ਼ਰੂਰ ਕੋਈ ਉਪਰਾਲਾ ਕਰਦਾ, ਕੁਝ ਸੋਚਦਾ, ਉਸ ਅਸਥਾਨ ਨੂੰ

ਸ਼ਿੰਗਾਰਦਾ, ਜਿਥੇ ਜਾ ਕੇ ਅੰਤਲੀ ਘੜੀ ਤਕ ਰਹਿਣਾ ਸੀ। ਸੋ ਇਸ ਤਰ੍ਹਾਂ ਰੋਂਦੇ-ਕੁਰਲਾਂਦੇ ਨੂੰ ਉਸ ਨਿਰਜਨ ਟਾਪੂ ਵਿਚ ਲਿਜਾ ਕੇ ਛੱਡ ਦਿਤਾ। ਉਥੇ ਤੜਫ-ਤੜਫ ਕੇ, ਭੁੱਖਾ, ਪਿਆਸਾ ਰਹਿ ਕੇ ਕਿਸੇ ਨਾ ਕਿਸੇ ਜੰਗਲੀ ਜਾਨਵਰ ਦੀ ਖੁਰਾਕ ਬਣ ਜਾਂਦਾ। ਉਸ ਦੀ ਥਾਂ ਤੇ ਕੋਈ ਹੋਰ ਦੂਸਰਾ ਰਾਜਾ ਬਣਾ ਲਿਆ ਜਾਂਦਾ।

ਇਕ ਰਾਜਾ ਜਦੋਂ ਤਖਤ ਤੇ ਬੈਠਾ ਤਾਂ ਉਸਨੇ ਜਿਥੇ ਤਖਤ ਤੋਂ ਲਹਿ ਕੇ ਜਾਣਾ ਸੀ, ਉਸ ਬਾਰੇ ਪੂਰੀ ਵਾਕਫੀਅਤ ਹਾਸਲ ਕੀਤੀ ਅਤੇ ਆਪਣੇ ਰਾਜ ਦੇ ਸਮੇਂ ਵਿਚ ਹੀ ਵੱਡੇ-ਵੱਡੇ ਲਾਇਕ ਇੰਜਨੀਅਰ ਭੇਜ ਕੇ ਉਸ ਨਿਰਜਨ ਵਣ ਨੂੰ ਅਜਿਹਾ ਸ਼ਿੰਗਾਰਿਆ ਕਿ ਉਸ ਨੂੰ ਵੇਖ ਕੇ ਯਾਤਰੀ ਬਹੁਤ ਹੀ ਆਕਰਸ਼ਿਤ ਹੁੰਦੇ। ਭਵਨਾਂ ਦਾ ਨਿਰਮਾਣ ਕਰ ਦਿਤਾ, ਕਿਤੇ ਵੱਡੇ-ਵੱਡੇ ਸੋਹਣੇ ਪਾਰਕ, ਕਿਤੇ ਠੰਢ ਦੇਣ ਵਾਲੇ ਵੱਡੇ ਫੁਹਾਰੇ, ਕਿਤੇ ਫਲ ਦੇਣਹਾਰੇ ਅਨੇਕ ਕਿਸਮ ਦੇ ਬ੍ਰਿਛ ਲਗਵਾ ਦਿਤੇ, ਖੇਤੀਬਾੜੀ ਲਈ ਜ਼ਮੀਨਾਂ ਪੱਧਰ ਕਰਾ ਦਿਤੀਆਂ ਅਤੇ ਆਪਣੇ ਮਿਤਰਾਂ, ਸਹਿਯੋਗੀਆਂ, ਸੂਝਵਾਨ ਵਿਅਕਤੀਆਂ ਨੂੰ ਇਕ ਬਹੁਤ ਹੀ ਸੁੰਦਰ ਸ਼ਹਿਰ ਬਣਾ ਕੇ ਕੋਠੀਆਂ ਦੇ ਦਿਤੀਆਂ, ਪੜ੍ਹਾਈ ਕਰਨ ਲਈ ਉਚ ਕੋਟੀ ਦੀ ਯੂਨੀਵਰਸਿਟੀ ਸਥਾਪਿਤ ਕਰ ਦਿਤੀ। ਹਰ ਕਿਸੇ ਦਾ ਜੀਅ ਕਰੇ ਕਿ ਜਾ ਕੇ ਉਸ ਪੁਰਾਣੇ ਨਿਰਜਨ ਵਣ ਵਿਚ ਵਸਣਾ ਸ਼ੁਰੂ ਕਰ ਦੇਵੇ। ਦੂਰ-ਦਰਾਜ਼ ਤੋਂ ਸਾਰੀ ਦੁਨੀਆਂ ਦੇ ਲੋਕ ਉਸ ਆਕਰਸ਼ਕ ਟਾਪੂ ਨੂੰ ਦੇਖਣ ਆਉਂਦੇ ਅਤੇ ਅਜਿਹਾ ਦ੍ਰਿਸ਼ ਦੇਖ ਕੇ ਮੋਹਿਤ ਹੁੰਦੇ। ਉਨ੍ਹਾਂ ਦਾ ਜੀਅ ਕਰਦਾ ਕਿ ਉਥੇ ਹੀ ਰਿਹਾਇਸ਼ ਕਰ ਲਈ ਜਾਵੇ। ਵੀਹ ਸਾਲ ਦੇ ਅੰਦਰ ਇਕ ਬੈਕੁੰਠ ਪੁਰੀ ਬਣਾ ਦਿਤੀ। ਖਰਚਾਂ ਲਈ ਮਾਇਆ ਜਮ੍ਹਾਂ ਕਰਾ ਦਿਤੀ, ਬੈਂਕ ਭਰ ਦਿਤੇ - ਕਿਤੇ ਤੋਟਾ ਨਾ ਆਵੇ। ਜਦੋਂ ਰਾਜੇ ਦੇ ਦੋ ਮਹੀਨੇ ਆਪਣੇ ਜਾਣ ਤੋਂ ਪਹਿਲਾਂ ਰਹਿੰਦੇ ਸਨ ਤਾਂ ਉਸ ਨੇ ਆਪਣੀ ਪ੍ਰਜਾ ਨੂੰ ਕਿਹਾ ਕਿ ਤੁਸੀਂ ਮੈਨੂੰ ਛੁੱਟੀ ਦੇਵੋ ਅਤੇ ਆਪਣਾ ਨਵਾਂ ਰਾਜਾ ਚੁਣ ਲਵੋ।

ਪਬਲਿਕ ਬਹੁਤ ਸਿਆਣੀ ਸੀ, ਉਨ੍ਹਾਂ ਨੇ ਕਿਹਾ ਕਿ ਮਹਾਰਾਜ! ਹੁਣ ਆਪ ਨੂੰ ਤਖਤ ਛੱਡਣ ਦੀ ਲੋੜ ਨਹੀਂ। ਤੁਹਾਡੇ ਵਰਗਾ ਰਾਜਾ ਅਸਾਨੂੰ ਵੀ ਨਹੀਂ ਮਿਲਣਾ, ਤੁਸੀਂ ਏਥੇ ਹੀ ਰਹੋ। ਪਰ ਉਹ ਰਾਜਾ ਉਥੇ ਜਾਣ ਵਿਚ ਬਹੁਤ ਹੀ ਖੁਸ਼ੀ ਮਹਿਸੂਸ ਕਰ ਰਿਹਾ ਸੀ।

ਹੁਣ ਤੁਸੀਂ ਆਪ ਹੀ ਸੋਚੋ ਕਿ ਉਸ ਰਾਜੇ ਨੇ ਇਸ ਰਾਜ ਵਿਚ ਰਹਿੰਦਿਆਂ, ਜਿਥੇ ਜਾ ਕੇ ਰਹਿਣਾ-ਵਸਣਾ ਸੀ, ਉਸ ਥਾਂ ਨੂੰ ਸੰਵਾਰ ਲਿਆ। ਇਸੇ ਤਰ੍ਹਾਂ ਜਿਨ੍ਹਾਂ ਨੂੰ ਜੀਵਨ ਜੁਗਤੀ ਦੀ ਸੋਝੀ ਹੋ ਗਈ ਹੈ, ਉਹ ਆਪਣਾ ਪਰਲੋਕ ਸ਼ੁੱਧ ਕਰਦੇ ਹਨ, ਜਿਥੇ ਜਾ ਕੇ ਉਨ੍ਹਾਂ ਦਾ ਆਦਰ ਸਤਿਕਾਰ ਹੋਣਾ ਹੈ। ਉਨ੍ਹਾਂ ਨੂੰ ਇਹ ਜਗਤ ਛੱਡਣ ਵੇਲੇ ਕੋਈ ਦੁਖ ਨਹੀਂ ਹੋਇਆ ਕਰਦਾ, ਸਗੋਂ ਖੁਸ਼ੀ ਮਹਿਸੂਸ ਹੁੰਦੀ ਹੈ। ਇਸ ਥਾਂ ਦੇ ਲੋਕ ਵੀ ਉਸ ਦੇ ਪਿਆਰ ਵਿਚ ਸਦੀਆਂ ਲੰਘ ਜਾਣ ਤੋਂ ਪਿਛੋਂ ਨਹੀਂ ਭੁਲਦੇ, ਉਸਦੀਆਂ ਬਰਸੀਆਂ ਮਨਾਉਂਦੇ ਹਨ, ਯਾਦਾਂ ਮਨਾਉਂਦੇ ਹਨ, ਉਪਦੇਸ਼ਾਂ ਨੂੰ ਇਕੱਠੇ ਕਰਕੇ ਮਾਰਗ ਢੂੰਡਦੇ ਹਨ। ਉਹ ਇਥੇ ਭੀ ਖੁਸ਼ ਹਨ ਅਤੇ ਅੱਗੇ ਵੀ ਖੁਸ਼ੀ-ਖੁਸ਼ੀ ਜਾ ਰਹਿੰਦੇ ਹਨ -

*ਕਬੀਰ ਜਿਸੁ ਮਰਨੇ ਤੇ ਜਗੁ ਡਰੈ*
*ਮੇਰੈ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥*

***ਅੰਗ - ੧੩੬੫***

*ਕਬੀਰ ਜਾ ਤੂੰ ਜਨਮਿਆ ਜਗ ਮਹਿ*
*ਜਗ ਹਸੈ ਤੂੰ ਰੋਇ॥*
*ਐਸੀ ਕਰਨੀ ਕਰ ਚਲਉ ਪਿਆਰੇ*
*ਤੂੰ ਹਸੈ ਜਗ ਰੋਇ॥*

ਸੋ ਇਹ ਇਕ ਦ੍ਰਿਸ਼ਟਾਂਤ ਹੈ - ਗੱਲ ਨੂੰ ਭਲੀਭਾਂਤ ਸਮਝ ਵਿਚ ਲਿਆਉਣ ਲਈ, ਜੋ ਇਸ ਮਹੀਨੇ ਵਿਚ ਗੁਰੂ ਮਹਾਰਾਜ ਜੀ ਨੇ ਦੱਸਿਆ ਹੈ। ਇਹ ਜੀਵਨ ਦੇ ਦੋਏ ਪੱਖ ਹਨ। ਭਾਦੋਂ ਦੇ ਮਹੀਨੇ ਵਿਚ ਉਨ੍ਹਾਂ ਮੰਦ ਭਾਗੀਆਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨੇ ਸੰਸਾਰ ਵਿਚ ਆ ਕੇ 'ਆਹ ਜਗ ਮਿੱਠਾ ਅਗਲਾ ਕਿੰਨ ਡਿੱਠਾ' ਦੇ ਧੁੰਧਲੇ ਖਿਆਲ ਅਨੁਸਾਰ ਆਪਣਾ ਜੀਵਨ ਨਸ਼ਟ ਕਰ ਲਿਆ। ਉਸ ਦਾ ਸੰਸਾਰ ਤੇ ਆਉਣ ਦਾ ਪ੍ਰਮ ਮਨੋਰਥ ਪ੍ਰਭੂ ਪ੍ਰਾਪਤੀ ਸੀ -

*ਗੁਰ ਸੇਵਾ ਤੇ ਭਗਤਿ ਕਮਾਈ॥*
*ਤਬ ਇਹ ਮਾਨਸ ਦੇਹੀ ਪਾਈ॥*
*ਇਸ ਦੇਹੀ ਕਉ ਸਿਮਰਹਿ ਦੇਵ॥*
*ਸੋ ਦੇਹੀ ਭਜੁ ਹਰਿ ਕੀ ਸੇਵ॥*
*ਭਜਹੁ ਗੋੁਬਿੰਦ ਭੂਲਿ ਮਤ ਜਾਹੁ॥*
*ਮਾਨਸ ਜਨਮ ਕਾ ਏਹੀ ਲਾਹੁ॥*

***ਅੰਗ - ੧੧੫੯***

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*

***ਅੰਗ -੧੨***

ਪਰ ਇਸਦੀ ਥਾਂ, ਭਰਮ ਵਿਚ ਭੁੱਲ ਕੇ ਮਾਇਆ ਨਾਲ ਹੇਤ ਲਾ ਲਿਆ। ਮਾਇਆ ਦੇ ਪਿਆਰ ਵਿਚ ਦੁਖ ਹੀ ਦੁਖ ਹੁੰਦਾ ਹੈ, ਸੁਖ ਦਾ ਨਾਮ ਨਿਸ਼ਾਨ ਨਹੀਂ ਹੁੰਦਾ। ਜਿਵੇਂ ਰੇਤੇ ਵਿਚੋਂ ਤੇਲ ਨਹੀਂ ਨਿਕਲਿਆ ਕਰਦਾ, ਇਵੇਂ ਮਾਇਕ ਪਦਾਰਥਾਂ ਵਿਚੋਂ ਕਦੇ ਵੀ ਸੁਖ ਦੀ ਪ੍ਰਾਪਤੀ ਨਹੀਂ ਹੋਇਆ ਕਰਦੀ।

ਭਾਦੋਂ ਦੇ ਮਹੀਨੇ ਬਾਰੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ-

*ਭਾਦੁਇ ਭਰਮਿ ਭੁਲਾਣੀਆ*
*ਦੂਜੈ ਲਗਾ ਹੇਤੁ॥*
*ਲਖ ਸੀਗਾਰ ਬਣਾਇਆ*
*ਕਾਰਜਿ ਨਾਹੀ ਕੇਤੁ॥*
*ਜਿਤੁ ਦਿਨਿ ਦੇਹ ਬਿਨਸਸੀ*
*ਤਿਤੁ ਵੇਲੈ ਕਹਸਨਿ ਪ੍ਰੇਤੁ॥*
*ਪਕੜਿ ਚਲਾਇਨਿ ਦੂਤ ਜਮ*
*ਕਿਸੈ ਨ ਦੇਨੀ ਭੇਤੁ॥*
*ਛਡਿ ਖੜੋਤੇ ਖਿਨੈ ਮਾਹਿ*
*ਜਿਨ ਸਿਉ ਲਗਾ ਹੇਤੁ॥*
*ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥*
*ਅੰਗ - ੧੩੪*

ਸੋ ਇਹ ਜੀਵ ਐਨਾ ਭੁੱਲਿਆ ਕਿ ਇਸ ਨੂੰ ਇਹ ਭੁੱਲ ਹੀ ਗਿਆ ਕਿ ਮੈਂ ਇਸ ਸੰਸਾਰ ਵਿਚੋਂ ਜਾਣਾ ਹੈ, ਭੁੱਲ ਗਿਆ ਵਾਹਿਗੁਰੂ ਜੀ ਦੀ ਕੁਦਰਤ ਨੂੰ, ਅਟੱਲ ਨਿਯਮ ਨੂੰ -

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥*
*ਅੰਗ - ੧੩੫*

ਇਹ ਤਾਂ ਆਮ ਅਸੂਲ ਹੈ ਕਿ ਜ਼ਮੀਨ ਦੇ ਵਿਚ ਜੇ ਅਸੀਂ ਕਿੱਕਰਾਂ ਬੀਜੀਏ ਤੇ ਕਿੱਕਰਾਂ ਤੋਂ ਅੰਗੂਰ ਪ੍ਰਾਪਤ ਕਰਨ ਦੀ ਆਸ ਰੱਖੀਏ ਜਾਂ ਸਾਰਾ ਸਾਲ ਉੱਨ ਦੀ ਕਤਾਈ ਕੀਤੀ ਜਾਵੇ ਤੇ ਮਨ ਵਿਚ ਲੋਚਾ ਰੱਖੀ ਜਾਵੇ ਕਿ ਰੇਸ਼ਮ ਪਹਿਨਾਂਗੇ; ਇਹ ਕਿਸ ਤਰ੍ਹਾਂ ਹੋ ਸਕਦਾ ਹੈ?

*ਫਰੀਦਾ ਲੋੜੈ ਦਾਖ ਬਿਜਉਰੀਆ*
*ਕਿਕਰਿ ਬੀਜੈ ਜਟੁ॥*
*ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥*
*ਅੰਗ - ੧੩੭੯*

ਇਹ ਤਾਂ ਤੂੰ ਇਸ ਧਰਤੀ ਵਿਚ ਜੋ ਬੀਜੇਂਗਾ, ਉਹੀ ਫਲ ਤੈਨੂੰ ਪ੍ਰਾਪਤ ਹੋਏਗਾ। ਅੱਕ ਬੀਜ ਕੇ, ਅੱਕ ਦੀਆਂ ਡੋਡੀਆਂ ਕਦੇ ਵੀ ਅੰਬ ਦੀ ਮਿਠਾਸ ਪੈਦਾ ਨਹੀਂ ਕਰਦੀਆਂ। ਅੰਬ ਖਾਣ ਲਈ ਤੈਨੂੰ ਪਹਿਲਾਂ ਹੀ ਪੂਰੀ ਸਾਵਧਾਨੀ ਨਾਲ ਉਹ ਅੰਬ ਬੀਜਣੇ ਪੈਣਗੇ ਜਿਨ੍ਹਾਂ ਦੀ ਮਿਠਾਸ, ਜਿਨ੍ਹਾਂ ਦਾ ਗੁੱਦਾ ਅੰਦਰ, ਅਨੰਦ ਪੈਦਾ ਕਰਦਾ ਹੈ। ਭੋਗਾਂ ਦੇ ਬੀਜ ਬੀਜ ਕੇ ਕਦੇ ਵੀ ਨਾਮ ਰਸ ਦੀ ਪ੍ਰਾਪਤੀ ਨਹੀਂ ਹੋ ਸਕਦੀ। ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਜੇਹਾ ਬੀਜੈ ਸੁ ਲੁਣੈ ਕਰਮਾ ਸੰਦੜਾ ਖੇਤੁ॥*
*ਅੰਗ - ੧੩੫*

ਅੰਤ ਵਿਚ ਸਾਨੂੰ ਆਪ ਜੀ ਪ੍ਰੇਰਨਾ ਦਿੰਦੇ ਹਨ ਕਿ ਤੁਸੀਂ ਨਿਗੁਰੇ ਰਹਿ ਕੇ ਆਪਣਾ ਜੀਵਨ ਬਰਬਾਦ ਨਾ ਕਰੋ। ਪ੍ਰਭੂ ਦਾ ਨਾਮ ਭਵਜਲ ਪਾਰ ਕਰਨ ਲਈ ਵੱਡਾ ਜਹਾਜ਼ ਹੈ ਅਤੇ ਗੁਰੂ ਦਾ ਪਿਆਰ, ਨਰਕਾਂ ਦੀ ਅੱਗ ਨੂੰ ਨੇੜੇ ਨਹੀਂ ਆਉਣ ਦਿੰਦਾ -

*ਨਾਨਕ ਪ੍ਰਭ ਸਰਣਾਗਤੀ*
*ਚਰਣ ਬੋਹਿਥ ਪ੍ਰਭ ਦੇਤੁ॥*
*ਸੇ ਭਾਦੁਇ ਨਰਕਿ ਨ ਪਾਈਅਹਿ*
*ਗੁਰੁ ਰਖਣਵਾਲਾ ਹੇਤੁ॥ ਅੰਗ - ੧੩੫*

*ਰੇ ਰੇ ਦਰਗਹ ਕਹੈ ਨ ਕੋਊ॥*
*ਆਉ ਬੈਠੁ ਆਦਰੁ ਸੁਭ ਦੇਊ॥ ਅੰਗ -੨੫੨*

ਜਿਸ ਕੰਮ ਨੂੰ ਕਰਨ ਵਾਸਤੇ ਅਸੀਂ ਸੰਸਾਰ ਵਿਚ ਆਏ ਹਾਂ, ਸਾਵਧਾਨ ਹੋ ਕੇ ਵਿਸ਼ੇ ਵਿਕਾਰਾਂ ਨੂੰ ਪਿੱਠ ਦੇ ਕੇ, ਵਿਸ਼ੇ ਵਿਕਾਰਾਂ ਦੀ ਅਸਲੀਅਤ ਨੂੰ ਸਮਝ ਕੇ ਉਹ ਕੰਮ ਕਰੋ ਜਿਸ ਨਾਲ ਸਾਨੂੰ ਖੁਸ਼ੀਆਂ ਪ੍ਰਾਪਤ ਹੋਣ। ਉਹ ਹੈ ਪ੍ਰਭੂ ਦਾ ਸਿਮਰਨ, ਪ੍ਰਭੂ ਦੇ ਪਿਆਰ ਦੀ ਪ੍ਰਾਪਤੀ ਜੋ ਪ੍ਰਭੂ ਦੇ ਪਿਆਰਿਆਂ ਪਾਸੋਂ ਪ੍ਰਾਪਤ ਹੁੰਦੀ ਹੈ।

*ਜਿਸੁ ਵਖਰ ਕਉ ਲੈਨਿ ਤੂ ਆਇਆ॥*
*ਰਾਮ ਨਾਮੁ ਸੰਤਨ ਘਰਿ ਪਾਇਆ॥*
*ਤਜਿ ਅਭਿਮਾਨੁ ਲੇਹੁ ਮਨ ਮੋਲਿ॥*
*ਰਾਮ ਨਾਮੁ ਹਿਰਦੇ ਮਹਿ ਤੋਲਿ॥*
*ਲਾਦਿ ਖੇਪ ਸੰਤਹ ਸੰਗਿ ਚਾਲੁ॥*
*ਅਵਰ ਤਿਆਗਿ ਬਿਖਿਆ ਜੰਜਾਲ॥*
*ਧੰਨਿ ਧੰਨਿ ਕਹੈ ਸਭੁ ਕੋਇ॥*
*ਮੁਖ ਊਜਲ ਹਰਿ ਦਰਗਹ ਸੋਇ॥*
*ਅੰਗ - ੨੮੩*

ਆਪ ਇਨ੍ਹਾਂ ਅਟੱਲ ਸਚਾਈਆਂ ਨੂੰ ਸਮਝੋ, ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰੋ! ਜਿਨ੍ਹਾਂ ਦੇ ਅੰਦਰ ਰਾਗ ਦ੍ਵੈਸ਼ ਦੀ ਇਕ ਕਣੀ ਵੀ ਨਹੀਂ ਹੋਇਆ ਕਰਦੀ, ਉਨ੍ਹਾਂ ਦੀ ਸੰਗਤ ਕਰੋ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਉਪਰ ਇਮਾਨ ਲਿਆਓ। ਬਾਣੀ ਨੂੰ ਸਤਿ-ਸਤਿ ਕਰਕੇ ਮੰਨੋ, ਬਾਣੀ ਨੂੰ ਕਮਾਓ। ਬਾਣੀ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰਨ ਲਈ ਬਾਰ-ਬਾਰ ਭੇਜਦੀ ਹੈ- ਪ੍ਰਭੂ ਪਿਆਰਿਆਂ ਦੀ ਮਹੱਤਤਾ ਦਸਦੀ ਹੋਈ। ਫੁਰਮਾਨ ਹੈ -

*ਸਾਧ ਕੀ ਮਹਿਮਾ ਬੇਦ ਨ ਜਾਨਹਿ॥*
*ਜੇਤਾ ਸੁਨਹਿ ਤੇਤਾ ਬਖਿਆਨਹਿ॥*
*ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ॥*
*ਸਾਧ ਕੀ ਉਪਮਾ ਰਹੀ ਭਰਪੂਰਿ॥*
*ਸਾਧ ਕੀ ਸੋਭਾ ਕਾ ਨਾਹੀ ਅੰਤ॥*
*ਸਾਧ ਕੀ ਸੋਭਾ ਸਦਾ ਬੇਅੰਤ॥*
*ਸਾਧ ਕੀ ਸੋਭਾ ਊਚ ਤੇ ਊਚੀ॥*
*ਸਾਧ ਕੀ ਸੋਭਾ ਮੂਚ ਤੇ ਮੂਚੀ॥*
*ਸਾਧ ਕੀ ਸੋਭਾ ਸਾਧ ਬਨਿ ਆਈ॥*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ॥*
*ਅੰਗ - ੨੭੨*

ਪਰ ਅਫਸੋਸ, ਇਹ ਨਾਮ ਵਪਾਰ ਵਿਰਲੇ ਹੀ ਕਰਦੇ ਹਨ। ਬਲਿਹਾਰ ਹਾਂ ਉਨ੍ਹਾਂ ਤੋਂ ਜੋ ਨਾਮ ਦੇ ਵਪਾਰੀ ਹਨ; ਆਪ ਤਰਦੇ ਹਨ ਸੰਸਾਰ ਨੂੰ ਤਾਰਦੇ ਹਨ।

# ਸੰਤ ਅਨੰਤਹਿ ਅੰਤਰੁ ਨਾਹੀ

## ਸ੍ਰੀ ਮਾਨ ਸੰਤ ਬਾਬਾ ਸੰਤ ਈਸ਼ਰ ਸਿੰਘ ਜੀ (ਰਾੜਾ ਸਾਹਿਬ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂਹਾਨੀ ਮਿਸ਼ਨ*

5 ਅਗਸਤ, 1905 ਵਾਲੇ ਦਿਨ ਪਿੰਡ ਆਲੋਵਾਲ, ਜ਼ਿਲਾ ਪਟਿਆਲਾ ਵਿਖੇ ਵੀਹਵੀਂ ਸਦੀ ਦੀ ਮਹਾਨ ਤਾਰਕ ਆਤਮਾ ਦਾ ਪ੍ਰਕਾਸ਼ ਹੋਇਆ। ਪਿਤਾ ਰਾਮ ਸਿੰਘ ਅਤੇ ਮਾਤਾ ਰਤਨ ਕੌਰ ਜੀ ਉਪਰ ਅਪਾਰ ਕ੍ਰਿਪਾ ਹੋਈ, ਜਿਨ੍ਹਾਂ ਦੇ ਘਰ ਤੱਤ ਬੇਤੇ ਮਹਾਂਪੁਰਸ਼ਾਂ ਦਾ ਆਵਣਾ ਹੋਇਆ। ਆਪ ਦਾ ਨਾਮ ਗੁਲਾਬ ਸਿੰਘ ਰੱਖਿਆ ਗਿਆ। ਬਚਪਨ ਤੋਂ ਹੀ ਆਪ ਦੇ ਕੌਤਕ ਪਰਗਟ ਕਰ ਰਹੇ ਸਨ ਕਿ ਆਪ ਕੋਈ ਮਹਾਨ ਪੁਰਖ ਹੋਣਗੇ। ਚੌਕੜਾ ਮਾਰ ਕੇ, ਰੀੜ ਦੀ ਹੱਡੀ 90 ਡਿਗਰੀ ਤੇ ਰੱਖ ਕੇ ਯੋਗੀਆਂ ਵਾਂਗੂੰ ਬੈਠਣਾ, ਹੈਰਾਨ ਕਰ ਦਿੰਦਾ। ਇਕ ਵਾਰੀ ਮਾਤਾ ਪਿਤਾ, ਬਾਲ ਅਵਸਥਾ ਵਿਚ ਹੀ ਏਹਨਾਂ ਨੂੰ ਪਰਮ ਬੀਤਰਾਗ ਬ੍ਰਹਮ ਗਿਆਨੀ ਮਹਾਂਪੁਰਸ਼ ਵਿਦੌਸ਼ੀ ਵਾਲੇ ਸ੍ਰੀ ਬੀਰਮਦਾਸ ਜੀ ਪਾਸ ਲੈ ਗਏ। ਮਹਾਂਪੁਰਸ਼ਾਂ ਨੇ ਗੋਦੀ ਚੁੱਕ ਕੇ ਪਿਆਰ ਦਿੰਦੇ ਬਚਨ ਕੀਤਾ ਕਿ ਰਾਮ ਸਿੰਘ! ਮੈਨੂੰ ਲੋਕ ਸੰਤ ਕਹਿੰਦੇ ਹਨ ਪਰ ਇਹ ਤੇਰਾ ਪੁੱਤਰ ਪੂਰਨ ਬ੍ਰਹਮਗਿਆਨੀ ਕਾਰਕ ਪੁਰਸ਼, ਸੰਸਾਰ ਦਾ ਉਧਾਰ ਕਰਨ ਵਾਲਾ, ਮਹਾਨ ਜੰਗਮ ਤੀਰਥ ਹੋਵੇਗਾ। ਮਾਂ ਬਾਪ ਨੂੰ ਤੱਤ ਬੇਤੇ ਮਹਾਂਪੁਰਸ਼ਾਂ ਦੇ ਭਵਿੱਖਤ ਬਚਨ ਸੁਣ ਕੇ ਇਕ ਝਟਕਾ ਜੇਹਾ ਲੱਗਿਆ ਅਤੇ ਕੁਝ ਸੋਚ ਭੀ ਫੁਰੀ ਕਿ ਅਸਾਡਾ ਬੱਚਾ ਸਾਧੂ ਬਣੇਗਾ।

ਬੀਰਮਦਾਸ ਜੀ ਨੇ ਕਿਹਾ, "ਰਾਮ ਸਿੰਘ! ਫਿਕਰ ਹੋ ਗਿਆ ਇਸਦੇ ਸਾਧੂ ਬਨਣ ਦਾ? ਸੁਣ! ਇਹ ਤੇਰੀਆਂ, ਆਪਣੀ ਮਾਤਾ ਦੀਆਂ ਤੇ ਹੋਰ ਕੁਲਾਂ ਦਾ ਤਾਰਕ ਹੈ, ਸੰਸਾਰ ਤਰੇਗਾ। ਇਹਨੂੰ ਪੁੱਤਰ ਨ ਸਮਝ, ਸੇਵਾ ਕਰ ਲੈ, ਤੇਰੇ ਲੇਖੇ ਇਹੋ ਕੁਝ ਹੈ।"

ਪਹਿਲੀ ਵਿਦਿਆ ਆਪ ਨੇ ਪਿੰਡਾਂ ਦੇ ਸਕੂਲਾਂ ਤੋਂ ਪ੍ਰਾਪਤ ਕੀਤੀ। ਛੇਵੀਂ ਜਮਾਤ ਤੋਂ ਆਪ ਪਟਿਆਲਾ ਵਿਚ ਮਾਡਲ ਸਕੂਲ ਵਿਚ ਦਾਖਲ ਹੋ ਗਏ। ਇਥੇ ਵੱਡੇ ਸਰਦਾਰਾਂ ਦੇ ਬੱਚੇ ਪੜ੍ਹਿਆ ਕਰਦੇ ਸਨ। ਸੰਤ ਮਹਾਰਾਜ ਜੀ ਨੇ ਮੈਨੂੰ ਇਕ ਵਾਰੀ ਦੱਸਿਆ ਕਿ ਇਥੇ ਇਕ ਵਾਰੀ ਸਿੰਧੀ ਮਹਾਤਮਾ ਟੀ. ਐਲ ਵਿਸਵਾਨੀ ਜੀ ਆਏ। ਉਨ੍ਹਾਂ ਕਲਾਸ ਵਿਚ ਕਿਹਾ ਕਿ ਜਪੁਜੀ ਸਾਹਿਬ ਜ਼ਰੂਰ ਯਾਦ ਹੋਣਾ ਚਾਹੀਦਾ ਹੈ। ਅਸੀਂ ਦੋ ਦਿਨਾਂ ਵਿਚ ਹੀ ਯਾਦ ਕਰ ਲਿਆ। ਪੜ੍ਹਾਈ ਵਿਚ ਆਪ ਫਸਟ ਆਇਆ ਕਰਦੇ ਸਨ। ਲਿਖਤ ਆਪ ਦੀ ਛਾਪੇ ਵਰਗੀ ਸੀ। ਸਾਧੂਆਂ ਦੀ ਸੰਗਤ ਆਪ ਜੀ ਵਿਦਿਆਰਥੀ ਜੀਵਨ ਤੋਂ ਹੀ ਕਰਦੇ ਸਨ। ਆਪ ਜੀ ਵੇਹਲ ਕੱਢ ਕੇ ਤੋਪਖਾਨੇ ਕੀਰਤਨ ਦੀਆਂ ਹਾਜ਼ਰੀਆਂ ਭਰਦੇ, ਤੋਪਖਾਨੇ ਦੇ ਫੌਜੀ ਸਿੰਘ ਕਰਨੀ ਕਮਾਈ ਵਾਲੇ ਸਨ। ਭਿੰਨੀ ਰੈਣ ਜਾਗਣਾ, ਨਾਮ ਸਿਮਰਨ ਕਰਨਾ ਉਹਨਾਂ ਦਾ ਨਿਤ ਕਰਮ ਸੀ। ਸਤੋ ਗੁਣੀ ਭੋਜਨ ਫੌਜੀ ਲੰਗਰ ਵਿਚ ਬਣਦਾ, ਏਥੋਂ ਤਕ ਕਿ ਲਸਣ ਭੀ ਨਹੀਂ ਵਰਤਦੇ ਸਨ। ਤੋਪਖਾਨੇ ਵਿਚੋਂ ਸਰਵਿਸਾਂ ਛੱਡ ਕੇ ਬਹੁਤ ਪ੍ਰੇਮੀ ਮਹਾਤਮਾ ਦੇ ਪ੍ਰੇਮੀ ਬਣ ਗਏ ਸਨ। ਇਹਨਾਂ ਵਿਚੋਂ ਬਹੁਤੇ ਰੇਰੂ ਸਾਹਿਬ ਵਾਲੇ ਪੂਰਨ ਬ੍ਰਹਮਗਿਆਨੀ ਮਹਾਂਪੁਰਸ਼ ਬਾਬਾ ਅਤਰ ਸਿੰਘ ਜੀ ਪਾਸ ਪੁੱਜ ਕੇ ਨਾਮ ਕਮਾਈ ਕਰਦੇ ਸਨ।

ਆਪ ਜੀ ਉਪਰ ਇਹਨਾਂ ਜਗਿਆਸੂਆਂ ਦਾ ਬਹੁਤ ਅਸਰ ਸੀ। ਪੜ੍ਹਾਈ ਦੇ ਨਾਲ ਹੀ ਆਪ ਜੀ ਸੰਤਾਂ ਦੀ ਸੰਗਤ ਕਰਨ ਦੀ ਪੂਰੀ ਸ਼ਰਧਾ ਭਰੀ ਲਗਨ ਰੱਖਦੇ ਸਨ। ਆਪ ਜੀ ਪਟਿਆਲੇ ਦੇ ਚੌਗਿਰਦੇ, ਕਰਨੀ ਕਮਾਈ ਵਾਲੇ ਮਹਾਂਪੁਰਸ਼ਾਂ ਦੀ ਸੰਗਤ ਕਰਦੇ ਸਨ ਜਿਨ੍ਹਾਂ ਵਿਚੋਂ ਉਦਾਸੀ ਮਹਾਤਮਾ ਹਰਨਾਮ ਦਾਸ, ਰਾਮਦਾਸ ਜੀ, ਤ੍ਰਿਪੜੀ ਦੇ ਸੰਤ ਸੰਤੋਖ ਦਾਸ ਜੀ, ਸੁਧਾਸਰ ਸਰੋਵਰ ਪਰ ਸੰਤ ਸੋਹਨਦਾਸ, ਅਤੇ ਪਟਿਆਲੇ ਵਾਲੇ ਬਾਬਾ ਧਿਆਨਾ ਜੀ ਦਾ ਪੂਰਾ ਸਤਿਕਾਰ ਕਰਦੇ ਸਨ।

ਸੱਤਵੀਂ ਜਮਾਤ ਤੋਂ ਹੀ ਆਪ ਜੀ ਅੰਮ੍ਰਿਤ ਵੇਲੇ ਦੋ ਵਜੇ ਉਠਕੇ ਸੁਧਾਸਰ ਜਾਣਾ, ਸਰੋਵਰ ਵਿਚ ਇਸ਼ਨਾਨ ਕਰਕੇ, ਕੰਢੇ ਮਹਾਨ ਯੋਗੀਆਂ ਵਾਂਗੂੰ ਪੰਜ ਘੰਟੇ ਅਫੁਰ ਸਮਾਧ ਵਿਚ ਲੀਨ ਹੋਣਾ। ਉਪ੍ਰੰਤ ਆਪਣੇ ਨਿਵਾਸ ਅਸਥਾਨ, ਸ. ਦਲੀਪ ਸਿੰਘ ਜੀ ਗਾਰਡੀਅਨ ਦੀ, ਜੋ ਭੂਆ ਦੇ ਪੁੱਤਰ ਸਨ, ਤੇ ਪੁਜ ਕੇ ਸਕੂਲ ਦੀ ਤਿਆਰੀ ਕਰਨੀ।

ਇਕ ਵਾਰੀ ਮਹਾਂਪੁਰਸ਼ਾਂ ਨੇ ਦੱਸਿਆ ਕਿ ਅਸੀਂ ਐਉਂ ਪ੍ਰਤੀਤ ਕਰਿਆ ਕਰਦੇ ਹਾਂ ਕਿ ਅਸੀਂ ਪ੍ਰਕਾਸ਼ ਮੰਡਲ ਵਿਚ ਪ੍ਰਕਾਸ਼ ਪੀਂਘ ਤੇ ਹੁਲਾਰੇ ਲੈ ਰਹੇ ਹਾਂ ਅਤੇ ਇਕ ਫੁੱਲ ਤੇ ਸਮਾਧਿਤ, ਪਾਣੀ ਤੇ ਅਚਲ ਬੈਠੇ ਹੁੰਦੇ ਹਾਂ। ਅਜੇ ਤੀਕਰ ਨਾਮ ਦਾਤ ਪ੍ਰਾਪਤ ਨ ਹੋਣ ਕਰਕੇ ਆਪ ਨਿਤਨੇਮ ਵਿਚ ਹੋਰ ਬਾਣੀਆਂ ਤੋਂ ਇਲਾਵਾ 25 ਪਾਠ ਜਪੁਜੀ ਸਾਹਿਬ ਅਤੇ 5 ਪਾਠ ਸੁਖਮਨੀ ਸਾਹਿਬ ਦੇ ਅਬੋਲ ਹੀ ਸੁਰਤ ਰਾਹੀਂ ਕਰਿਆ ਕਰਦੇ ਸਨ। ਆਪਨੇ ਦੱਸਿਆ ਕਿ ਪਾਠ ਅੰਦਰ ਸ਼ੁਰੂ ਹੋ ਜਾਣਾ, ਅਸੀਂ ਤਾਂ ਸਰੋਤੇ ਬਣਕੇ ਹੀ ਸੁਣਿਆ ਕਰਦੇ ਸਾਂ। ਸੰਸਾਰੀ ਫੁਰਨਾ ਕੋਈ ਉਠਦਾ ਹੀ ਨਹੀਂ ਸੀ। ਇਕ ਵਾਰੀ ਆਪ ਦੇ ਭਰਾ ਨੇ ਦਰਵਾਜ਼ੇ ਨੂੰ ਤਾਲਾ ਲਾ ਦਿਤਾ ਕਿ ਆਪ ਬਾਹਰ ਨ ਜਾਣ। ਜਦੋਂ 02.30 ਵਜੇ ਉਹ ਮੋਤੀ ਮਹਿਲ ਤੋਂ ਆਏ ਤਾਂ ਕੀ ਦੇਖਦੇ ਹਨ ਕਿ ਆਪ ਜੀ ਪਉੜੀਆਂ ਵਿਚ ਸਮਾਧੀ ਲਾਈ ਅਡੋਲ ਬੈਠੇ ਹਨ। ਉਸ ਦਿਨ ਤੋਂ ਉਹਨਾਂ ਨੇ ਭੀ ਨਾਮ ਜਪਣ ਦੀ ਖੁਲ੍ਹੀ ਛੁੱਟੀ ਦੇ ਦਿਤੀ। ਇਹ ਸੀ ਮਹਾਨ ਘਾਲਣਾ ਇਹਨਾਂ ਮਹਾਂਪੁਰਖਾਂ ਦੀ, ਜਿਸਦੀ ਬੁਨਿਆਦ ਉਤੇ ਮਹਾਨ ਹਸਤੀ ਦੀ ਜੀਵਨ ਉਸਾਰੀ ਹੋਣੀ ਸੀ। ਇਹ ਗੱਲਾਂ ਵਾਲੇ ਗਿਆਨੀ ਨਹੀਂ ਸਨ, ਕਰਨੀ ਵਾਲੇ ਧੁਰੋਂ ਆਏ

ਮਹਾਂਪੁਰਸ਼ ਸਨ।

***ਜੌਹਰੀ ਪਾਉਂਦੇ ਕੀਮਤਾਂ, ਦੁਖ ਮਿਟਾਵੇ ਪੀਰ।***

ਅਗਸਤ 1923 ਵਿਚ ਆਪ ਜੀ ਦਾ ਮਿਲਾਪ, ਤੱਤ ਬੇਤੇ ਬ੍ਰਹਮਗਿਆਨੀ ਮਹਾਂਪੁਰਸ਼ ਸੰਤ ਅਤਰ ਸਿੰਘ ਰੇਰੂ ਸਾਹਿਬ ਵਾਲਿਆਂ ਨਾਲ ਹੋਇਆ। ਉਹਨਾਂ ਦੀ ਅਤਰ ਸੁਗੰਧੀ ਸੰਸਾਰ ਵਿਚ ਫੈਲ ਰਹੀ ਸੀ। ਐਉਂ ਲੱਗਿਆ ਕਿ ਅਤਰ ਲਈ ਗੁਲਾਬ ਆਪ ਹੀ ਆ ਗਿਆ। ਇਕੋ ਨਜ਼ਰ ਵਿਚ ਆਪਨੂੰ ਪਛਾਣਿਆ ਗਿਆ। ਅੰਮ੍ਰਿਤ ਛਕਾ ਕੇ ਨਾਮ ਦੀ ਦਾਤ, ਨਾਮ ਦੀ ਸੁਖੈਨ ਜੁਗਤ, ਚਿਤ ਨੂੰ ਇਕਾਗਰ ਕਰਨ ਦੇ ਭੇਦ, ਸ਼ਬਦ ਸੁਰਤ ਦੇ ਨਾਮ ਮਾਰਗ ਦੀ ਸੋਝੀ ਬਖਸ਼ ਦਿਤੀ। ਇਮਤਿਹਾਨ ਦੇਣ ਲਈ ਵਾਪਸ ਭੇਜ ਦਿਤੇ, ਪਰ ਹੁਣ ਨਾਮ ਦੇ ਰਸ, ਨਾਮ-ਨਾਮੀ ਦੇ ਪਿਆਰ ਦਾ ਵੇਗ ਸੁਰਤੀ ਉਪਰ ਐਨਾ ਪ੍ਰਬਲ ਛਾ ਗਿਆ ਕਿ ਹਰ ਵਕਤ ਸੁਰਤਿ ਅੰਤਰ ਮੁਖ ਹੋ ਕੇ ਅਕਹਿ ਚਰਨ ਕਮਲੀ ਮੌਜ ਵਿਚ ਲੀਨ ਹੋ ਗਈ। ਇਮਤਿਹਾਨ ਕਿਵੇਂ ਦਿਤਾ, ਕੀਹਨੇ ਦਿਤਾ, ਇਹ ਗੱਲਾਂ ਜਾਨਣ ਦੀ ਲੋੜ ਨਹੀਂ। ਆਪ ਦੀ ਅਵਸਥਾ ਕੁਝ ਅਜੇਹੀ ਸੀ -

***ਕਬੀਰ ਸਤਿਗੁਰ ਸੂਰਮੇ***
***ਬਾਹਿਆ ਬਾਨੁ ਜੁ ਏਕੁ।।***
***ਲਾਗਤ ਹੀ ਭੁਇ ਗਿਰਿ ਪਰਿਆ***
***ਪਰਾ ਕਰੇਜੇ ਛੇਕੁ।।*** ਅੰਗ - **੧੩੭੪**

ਆਲਸ, ਨੀਂਦ, ਭੁੱਖ, ਤੇਹ, ਦਿਲ ਪਰਚਾਵੇ ਦੀਆਂ ਗੱਲਾਂ ਸੁਪਨਾ ਬਣ ਗਈਆਂ। ਨੇਤਰਾਂ ਵਿਚ ਅਰੋਕ ਅਥਰੂ ਵਗਣੇ, ਅੰਦਰਲੇ ਦਾ ਪ੍ਰਤੀਕ ਪਰਗਟ ਹੋ ਰਹੇ ਸਨ।

***ਸਾਂਈ ਵਾਲੇ ਸੁਖ ਨ ਸੌਂਦੇ***
***ਅਤੇ ਰਜ ਨ ਖਾਂਦੇ ਰੋਟੀ।***
***ਔਰਤ ਦੇਖ ਓਹ ਨਾਹਿ ਲੁਭਾਵਨਿ,***
***ਚਾੜ੍ਹੀ ਅਸਲ ਲੰਗੋਟੀ।***
***ਮਨ ਤੇ ਸਭ ਮਨਵਾਵਣ ਅਪਣੀ,***
***ਸਚ ਦੀ ਮਾਰ ਕਸੌਟੀ।***
***ਚੂਹੜ ਸਾਂਈ ਵਾਲਾ ਕੋਈ,***
***ਹੋਰ ਸਗਲੀ ਖਲਕਤ ਖੋਟੀ।***

***ਪੰਨਾ - ੭੧ (ਰੂਹਾਨੀ ਸੰਦੇਸ਼)***

ਆਪ ਪਿਆਰ ਵਿਚ ਪੂਰੀ ਤਰ੍ਹਾਂ ਵਿਕ ਗਏ। ਗੁਲਾਬ ਤੋਂ ਈਸ਼ਰ ਬਨਣ ਲਗੇ। ਆਪਾ ਚਰਨਾਂ ਵਿਚ ਭੇਟ ਕਰ ਦਿਤਾ। ਆਪਣੇ ਮਹਾਂਪੁਰਸ਼ਾਂ ਦੀ ਅਤਿ ਕਰੜੀ ਸੇਵਾ ਵਿਚ ਲੀਨ ਹੋ ਕੇ ਉਹਨਾਂ ਦੀ ਰਜ਼ਾ ਵਿਚ ਆਪਣੀ ਹਸਤੀ ਰਲਾ ਦਿਤੀ। ਮੁਰਦੇ ਵਾਂਗੂੰ ਅਚਾਹ, ਅਫੁਰ ਹੋ ਕੇ ਹੁਕਮੀ ਘਾਲ ਘਾਲਦੇ ਰਹੇ। ਪਿਆਰ ਵਿਚ ਆਪਾ ਵੇਚ ਕੇ ਗੁਲਾਮ ਬਣ ਗਏ। ਖਾਣਾ, ਸੌਣਾ, ਭੁੱਖ ਤੋਂ ਬੇਪ੍ਰਵਾਹ ਕਾਰੇ ਜੁਟੇ ਰਹਿੰਦੇ। ਜਿਨ੍ਹਾਂ ਨੇ ਇਹ ਕਰੜੀ ਘਾਲ ਅਖੀਂ ਵੇਖੀ, ਉਹ ਵੇਖ-ਵੇਖ ਕੇ ਆਪਣੇ ਸੀਸ ਸ਼ਰਧਾ ਵਿਚ ਨਿਵਾਉਂਦੇ ਸਨ। ਇਕ ਵਾਰੀ ਇਕ ਪ੍ਰੇਮੀ ਅੰਮ੍ਰਿਤ ਵੇਲੇ ਹੀ ਸੰਤ ਅਤਰ ਸਿੰਘ ਜੀ ਦੇ ਦਰਸ਼ਨਾਂ ਨੂੰ ਗਿਆ। ਕੀ ਦੇਖਦਾ ਹੈ ਕਿ ਇਹਨਾਂ ਦੇ ਗੜਵਈ, ਦਰਵਾਜ਼ੇ ਤੇ ਅਫੁਰ ਸਮਾਧੀ ਵਿਚ ਸੰਸਾਰ ਭੁੱਲੀਂ ਅਡੋਲ ਬੈਠੇ ਹਨ ਪਰ ਮੱਥੇ ਉਪਰ ਮਿਟੀ ਦਾ ਨਿਸ਼ਾਨ ਹੈ ਜੋ ਇਸ ਗਲ ਦਾ ਪ੍ਰਤੀਕ ਹੈ ਕਿ ਨੀਂਦ ਦਾ ਮੁਕਾਬਲਾ ਕਰਦਿਆਂ ਆਪ ਜੀ ਦਾ ਮਸਤਕ ਧਰਤੀ ਨਾਲ ਛੋਹਿਆ ਗਿਆ ਹੋਣਾ ਹੈ।

ਹਰ ਵਕਤ ਬੈਰਾਗ ਦੇ ਪ੍ਰਬਲ ਵੇਗ ਦੀ ਰੋੜ ਵਿਚ ਰੁੜ੍ਹੇ ਰਹਿੰਦੇ। 1924 ਅਪ੍ਰੈਲ ਤੋਂ ਇਕ ਰਸ ਸੇਵਾ, ਸਿਮਰਨ, ਹਰੀ ਕੀਰਤਨ ਵਿਚ ਲੀਨ ਰਹਿੰਦੇ। ਵੱਡੇ ਮਹਾਂਪੁਰਸ਼ਾਂ ਨਾਲ ਹੀ ਸੈਦੂ ਸਾਹਿਬ ਦੀ ਯਾਤਰਾ ਲਈ ਗਏ। ਆਪ ਮੈਨੂੰ ਕਈ ਵਾਰੀ ਦਸਿਆ ਕਰਦੇ ਕਿ ਲੁੰਡੇ ਦਰਿਆ ਵਿਚ ਇਸ਼ਨਾਨ ਕਰਕੇ ਐਨਾ ਜ਼ੋਰ ਠੰਡ ਦਾ ਪੈਣਾ ਕਿ ਕਮੀਜ਼ ਦੇ ਬਟਨ ਭੀ ਨਾ ਲਾ ਸਕਣੇ। ਕਿਨਾਰੇ ਤੇ ਹੀ ਆਸਣ ਲਾ ਲੈਣਾ, ਦਿਨ ਦੇ ਦਸ ਵੱਜ ਜਾਣੇ, ਧੁੱਪ ਚੜ੍ਹ ਆਉਣੀ, ਸਰੀਰ ਵਿਚ ਨਿੱਘ ਵਰਤਣੀ, ਫਿਰ ਸੁੰਨ ਦੂਰ ਹੋਣ ਤੇ ਸਾਵਧਾਨ ਹੋਣਾ। ਵੱਡੇ ਸੰਤਾਂ ਨੇ ਇਸ ਅਕਥ ਘਾਲਣਾ ਤੋਂ ਪ੍ਰਭਾਵਿਤ ਹੋ ਕੇ ਕਫਣੀ ਪਹਿਨਾ ਕੇ ਬਚਨ ਕੀਤਾ ਕਿ ਹੁਣ ਸੰਸਾਰ ਵਲੋਂ ਮੁਰਦਾ ਹੋ ਕੇ ਗੁਰੂ ਸੇਵਾ ਵਿਚ ਜਿਉਣਾ। ਦੁਨੀਆਂ ਦੀ ਉਸਤਤਿ-ਨਿੰਦਿਆ, ਮਾਣ-ਅਪਮਾਨ, ਆਦਰ-ਅਨਾਦਰ ਤੋਂ ਅਛੋਹ ਰਹਿ ਕੇ ਆਤਮ-ਪ੍ਰਮਾਤਮ ਦੀ ਅੰਦਰੋਂ ਹੀ ਖੋਜ ਕਰਨੀ ਹੈ। ਜੀਰਾਂਦ ਵਿਚ ਵਰਤਣਾ ਹੈ -

***ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ।।***

ਅੰਗ - **੧੩੮੧**

***ਖੋਦ ਖਾਦ ਧਰਤੀ ਸਹੇ,***
***ਕਾਟ ਕੂਟ ਬਨਰਾਇ।।***
***ਬੋਲ ਕਬੋਲ ਸਾਧੂ ਸਹੈ,***
***ਅਵਰ ਪੈ ਸਹਿਆ ਨ ਜਾਇ।।***

ਸਬਰ ਸ਼ੁਕਰ ਨੂੰ ਸਾਥੀ ਬਣਾਉਣਾ ਹੈ। ਲੋਹਾ ਕੰਚਨ ਨੂੰ ਇਕ ਸਮਾਨ ਜਾਣ ਕੇ ਸਮਾਨ ਬਿਰਤੀ ਧਾਰਨ ਕਰਨੀ ਹੈ।

21 ਜਨਵਰੀ 1927 ਨੂੰ ਵੱਡੇ ਮਹਾਂਪੁਰਸ਼ ਸਚਖੰਡ ਲੀਨ ਹੋ ਗਏ। ਵਿਛੋੜਾ ਅਸਹਿ ਸੀ। ਆਪ ਜੀ ਦਿਨ ਰਾਤ ਬੈਰਾਗ ਦਾ ਹੀ ਰੂਪ ਬਣੇ ਰਹਿੰਦੇ -

***ਕਬੀਰ ਬਿਰਹੁ ਭੁਯੰਗਮੁ ਮਨਿ ਬਸੈ***
***ਮੰਤੁ ਨ ਮਾਨੈ ਕੋਇ।।***
***ਰਾਮ ਬਿਓਗੀ ਨਾ ਜੀਐ***
***ਜੀਐ ਤ ਬਉਰਾ ਹੋਇ।।*** ਅੰਗ - **੧੩੬੮**

ਹਰ ਸਮੇਂ ਆਪ ਜੀ ਲਿਵ ਮੰਡਲ ਵਿਚ ਹੀ ਪ੍ਰਵੇਸ਼ ਰਖਦੇ। ਅਗਲੇ ਸਾਲ ਆਪ ਜੀ ਨੂੰ ਰਾੜੇ ਸਾਹਿਬ ਵਾਲੀ ਢੱਕੀ ਦੇ ਮਹਾਨ ਪੁੰਨ ਕਰਮਾਂ ਨੇ ਖਿਚ ਪਾਈ। ਜੀਵਾਂ ਦੀ ਪ੍ਰਬਲ ਪੁੰਨ ਪ੍ਰਾਲਬਧ ਨੂੰ ਅਨੁਭਵ ਕੀਤਾ ਅਤੇ ਇਸ ਪੁੰਨ ਭੂਮੀ ਨੂੰ ਆਪ ਜੀ ਨੇ ਤਪੋ ਭੂਮੀ ਅਤੇ ਕਰਮ ਭੂਮੀ ਵਜੋਂ ਚੁਣਿਆ। ਸੰਸਾਰ ਨੂੰ ਸੋਝੀ ਪਾਉਣ ਲਈ ਆਪ ਜੀ ਨੇ ਗੁਰਮਤਿ ਮਾਰਗ ਅਨੁਸਾਰ ਘਾਲ ਕਮਾਈ ਆਰੰਭ ਦਿਤੀ।

ਗੁਰੂ ਕਾ ਲੰਗਰ ੨੪ ਘੰਟੇ ਚਲਣ ਲਗਿਆ। ਜਗਿਆਸੂ, ਭੌਰਿਆਂ ਵਾਂਗੂੰ ਨਾਮ ਰਸ ਦੀ ਭਿੰਨੀ ਸੁਗੰਧੀ ਲੈਣ ਲਈ ਪਿਛਲੇ ਪੁੰਨਾਂ ਦੇ ਪ੍ਰੇਰੇ ਪੁਜ ਗਏ।

***ਰੇਤ ਅਕੁ ਅਹਾਰ ਕਰਿ***
***ਰੋੜਾਂ ਦੀ ਗੁਰ ਕਰੀ ਵਿਛਾਈ***
***ਭਾਰੀ ਕਰੀ ਤਪਸਿਆ***
***ਵਡੇ ਭਾਗ ਹਰਿ ਸਿਉ ਬਣਿ ਆਈ।।***
***ਭਾਈ ਗੁਰਦਾਸ ਜੀ, ਵਾਰ - ੧/੨੪***

ਆਪ ਜੀ ਦੇ ਸਾਹਮਣੇ ਉਪਰਲਾ ਲਕਸ਼ ਸੀ। ਬਹੁਤ ਸਾਰੇ ਪ੍ਰੇਮੀ ਬਾਣੀ ਦੇ ਪਾਠ, ਸੁਰਤਿ ਇਕਾਗਰ ਕਰਕੇ ਕਰਨ ਲਗੇ। 25 ਸੁਖਮਨੀ ਸਾਹਿਬ ਦੇ ਪਾਠ ਸੁਰਤ ਨਾਲ, 108-108 ਜਪੁਜੀ ਸਾਹਿਬ ਦੇ ਪਾਠ, ਗੁਰੂ ਗਰੰਥ ਸਾਹਿਬ ਦੇ ਬਾਰਾਂ-ਬਾਰਾਂ ਘੰਟੇ ਪਾਠ, ਕੋਈ ਗੁਰਮੰਤ੍ਰ ਦਾ ਅਖੰਡ ਜਾਪ, ਕੋਈ 'ਗੁਰ ਕੀ ਮੂਰਤਿ ਮਨ ਮਹਿ ਧਿਆਨੁ।।', ***ਕੋਈ 'ਧੁਨਿ ਮਹਿ ਧਿਆਨ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ।।,'*** ਕੋਈ ਆਤਮ ਚਿੰਤਨ, ਕੋਈ ਬ੍ਰਹਮ ਬੀਚਾਰੁ ਆਦਿ ਪ੍ਰੇਮ ਕਰਮਾਂ ਵਿਚ ਲੀਨ ਹੋ ਗਏ। ਅਲਪ ਅਹਾਰ, ਸੁਲਪ ਸੀ ਨਿੰਦ੍ਰਾ ਦੇ ਧਾਰਨੀ ਹੋ ਗਏ। ਦਿਨ ਵਿਚ ਇਕ ਵਾਰੀ ਖਿਚੜੀ ਤੇ ਇਕ ਵਾਰੀ ਸਰਦਾਈ, ਲੱਸੀ ਜਾਂ ਦੁੱਧ ਦਾ ਗਲਾਸ ਮਿਲਦਾ। ਕੋਈ ਕਿਸੇ ਨਾਲ ਬੋਲਦਾ ਨਹੀਂ ਸੀ। ਸੰਤ ਮਹਾਰਾਜ ਜੀ ਨੇ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਰੇਤਲੇ ਟਿੱਬਿਆਂ ਵਿਚ ਬੈਠ ਜਾਣਾ। ਦੁਪਹਿਰੇ ਰੇਤ ਤਪ ਜਾਣੀ, ਲੂ ਚਲਦੀ ਰਹਿਣੀ, ਰੇਤ ਅਗਨ ਰੂਪ ਹੋ ਜਾਣੀ ਪਰ ਆਪ ਜੀ ਦੀ ਅਖੰਡ ਸਮਾਧਿ ਕਈ-ਕਈ ਦਿਨ ਖੰਡਿਤ ਨ ਹੋਣੀ। ਜੇ ਆਪ ਦਰਵਾਜ਼ਾ ਬੰਦ ਕਰਕੇ ਬੈਠ ਗਏ ਤਾਂ ਸੱਤ-ਸੱਤ ਦਿਨ ਦਰਵਾਜ਼ਾ ਨ ਖੁਲ੍ਹਣਾ। ਭਾਦਰੋਂ ਦੇ ਸਖਤ ਹੁੰਮੜਾਂ ਤੋਂ ਅਚੇਤ ਹੋ ਕੇ ਸੁਰਤ ਵਾਹਿਗੁਰੂ ਜੀ ਦੇ ਪ੍ਰੇਮ ਪ੍ਰੀਤੀ ਅਤਿ ਗਹਿਰੀ ਲੀਨਤਾ ਵਿਚ ਲਿਵਤਾਰ ਰਹਿਣੀ।

ਸਰਦੀਆਂ ਵਿਚ ਨਹਿਰ ਦੇ ਠੰਡੇ ਪਾਣੀ ਵਿਚ ਇਸ਼ਨਾਨ ਕਰ ਕੰਢੇ ਤੇ ਹੀ ਸੱਜ ਜਾਣਾ। ਇਕੋ ਖੱਦਰ ਦੀ ਚਾਦਰ ਤੇ ਇਕ ਖੱਦਰ ਦਾ ਚੋਲਾ ਹੀ ਹੁੰਦਾ ਸੀ। ਕਈ ਵਾਰੀ ਕੱਕਰ ਉਪਰ ਜੰਮ ਜਾਣਾ, ਦਿਨ ਚੜ੍ਹੇ ਸਮਾਧੀ ਤੋਂ ਉਥਾਨ ਹੋਣਾ, ਏਹੋ ਕ੍ਰਿਆ ਉਸ ਸਮੇਂ ਦੇ ਨਾਲ ਬੈਠਦੇ ਸਾਥੀਆਂ ਦੀ ਸੀ।

***ਇਹ ਬਿਧਿ ਕਰਤ ਤਪਸਿਆ ਭਯੋ।।***
***ਦ੍ਵੈ ਤੇ ਏਕ ਰੂਪ ਹੋ ਗਯੋ।।*** ***(ਦਸਮ ਗ੍ਰੰਥ)***

ਅਲਪ ਆਹਾਰ, ਸੁਲਪ ਸੀ ਨਿੰਦ੍ਰਾ ਕਾਰਨ ਸਰੀਰ ਤਾਂ ਪਿੰਜਰ ਹੀ ਬਣ ਗਿਆ ਪਰ ਚੇਹਰੇ ਦੀ ਆਭਾ ਤੋਂ ਰੋਸ਼ਨੀ ਦੀ ਭਾਅ ਮਾਰਦੀ ਰਾਤ ਦੇ ਅਨ੍ਹੇਰੇ ਵਿਚ ਨੂਰੀ ਕਿਰਣਾਂ ਝਰਦੀਆਂ ਰਹਿਣੀਆਂ। ਤਪ-ਤੇਜ਼ ਰਾਹੀਂ ਜਲਾਲ ਐਨਾ ਵਧ ਗਿਆ ਕਿ ਆਪਦੇ ਨੇਤ੍ਰਾਂ ਵਲ ਵੇਖ ਹੀ ਨਹੀਂ ਸੀ ਹੁੰਦਾ। (Megnetic) ਮਿਕਨਾਤੀਸੀ ਪ੍ਰਭਾਵ, ਨੇਤਰਾਂ ਵਿਚ ਐਨਾ ਪ੍ਰਬਲ ਹੋ ਗਿਆ ਕਿ ਜੇ ਇਕ ਵਾਰੀ ਝਾਕ ਲੈਂਦੇ ਤਾਂ ਅੰਦਰ ਝਰਨਾਟਿਆ ਜਾਣਾ ਅਤੇ ਆਪੇ ਹੀ ਵਾਹਿਗੁਰੂ ਵਾਹਿਗੁਰੂ ਹੋਣ ਲਗ ਜਾਣਾ ਅਤੇ ਕਈ ਕਈ ਦਿਨ ਨ ਬੰਦ ਹੋਣਾ।

ਕੋਈ ਅੰਦਰੂਨੀ ਅਵਸਥਾ ਬਾਰੇ ਕੁਝ ਭੀ ਕਹਿ ਨਹੀਂ ਸਕਦਾ ਕਿਉਂਕਿ ਮਹਾਂਪੁਰਖ ਆਪਣੀਆਂ ਅਵਸਥਾਵਾਂ ਦੇ ਇਸ਼ਤਿਹਾਰ ਨਹੀਂ ਕੱਢਦੇ -

***ਹੋਨਿ ਨਜ਼ੀਕਿ ਖੁਦਾਇ ਦੈ***
***ਭੇਤੁ ਨ ਕਿਸੈ ਦੇਨਿ।।*** *ਅੰਗ* ***- ੧੩੮੪***

ਪਰ ਕਦੇ-ਕਦੇ ਕਿਸੇ ਜਗਿਆਸੂ ਦੇ ਭਲੇ ਲਈ ਕੁਝ ਕੁ ਪਰਗਟ ਭੀ ਕਰ ਦਿੰਦੇ ਸਨ। ਇਕ ਵਾਰੀ ਮੈਂ ਬੇਨਤੀ ਕੀਤੀ ਕਿ ਮਹਾਰਾਜ ਜੀ, ਦਿੱਲੀ ਤੋਂ ਇਕ ਪ੍ਰੇਮੀ ਨੇ ਤੁਹਾਡਾ ਜੀਵਨ ਲਿਖਣ ਦੇ ਫੁਰਨੇ ਨਾਲ ਮੈਥੋਂ ਕੁਝ ਤਥ ਮੰਗੇ ਹਨ। ਆਪ ਨੇ ਫੁਰਮਾਇਆ ਕਿ ਸੰਤਾਂ ਦਾ ਜੀਵਨ ਕੋਈ ਸਾਧੂ ਹੀ ਲਿਖ ਸਕਦਾ ਹੈ, ਲਿਖਾਰੀ ਨਹੀਂ। ਲਿਖਾਰੀ ਨੇ ਬਾਹਰਲੀਆਂ ਘਟਨਾਵਾਂ ਲਿਖਣੀਆਂ ਹਨ। ਅੰਦਰਲੀਆਂ ਬਾਰੇ ਉਸਨੂੰ ਗਿਆਨ ਨਹੀਂ। ਮੇਰੇ ਬਾਰ-ਬਾਰ ਪੁੱਛਣ ਤੇ ਫੁਰਮਾਇਆ ਕਿ ਅਸੀਂ ਨੌਂ ਸਾਲ ਧਰਤੀ ਉਪਰ ਪਿੱਠ ਨਹੀਂ ਲਾਈ। ਰਾਤਾਂ, ਪਲੰਘਾਂ ਤੇ ਨਹੀਂ, ਸਫਾਂ ਅਤੇ ਭੂਮੀ ਤੇ ਹੀ ਕੱਟੀਆਂ ਸਨ। ਫਿਰ ਨਾਮ ਦੀ ਅਵਸਥਾਵਾਂ ਬਾਰੇ ਦਸਦਿਆਂ ਕਿਹਾ ਕਿ ਜਦੋਂ ਅਸੀਂ ਸਹੰਸਰਾਰ, 1000 ਪੱਤੀਆਂ ਵਾਲੇ, ਅਤਿ ਰੋਸ਼ਨੀ ਵਾਲੇ ਚੱਕਰ ਵਿਚੋਂ ਲੰਘ ਰਹੇ ਸੀ ਤਾਂ ਰੂਹਾਨੀ ਸ਼ਕਤੀਆਂ, ਜੋ ਕਾਲ ਮੰਡਲ ਦੀ ਆਖਰੀ ਰੇਖਾ ਉਤੇ ਰੂਹ ਨੂੰ ਭੁਲਾਉਣ ਲਈ ਖੜ੍ਹੀਆਂ ਹੁੰਦੀਆਂ ਹਨ; ਪਹਿਲਾਂ ਆਪੋ-ਆਪਣੀ ਸ਼ਕਤੀ ਦਾ ਪਰੀਚਾ ਕਰਾ ਕੇ ਦਸ ਰਹੀਆਂ ਸਨ ਕਿ ਮੈਂ ਅੰਤਰਜਾਮਤਾ ਹਾਂ, ਮੈਨੂੰ ਅੰਗੀਕਾਰ ਕਰੋ, ਮੇਰੇ ਕੌਤਕ ਵੇਖੋ; ਕੋਈ ਅਵਾਜ਼ ਦਿੰਦੀ ਸੀ - ਮੈਂ ਦੂਰ ਦਰਸ਼ਕਤਾ ਹਾਂ, ਤੀਜੀ ਕਹਿੰਦੀ ਸੀ ਮੈਂ ਪ੍ਰੇਰਨਾ ਸ਼ਕਤੀ ਹਾਂ, ਰਾਜੇ ਮਹਾਰਾਜੇ ਤੁਹਾਡੇ ਚਰਨਾਂ ਤੇ ਲਿਆ ਸਕਦੀ ਹਾਂ; ਕੋਈ ਕਹੇ ਤੁਹਾਨੂੰ ਹਵਾ ਵਿਚੀਂ ਹਜ਼ਾਰਾਂ ਮੀਲਾਂ ਤੇ ਇਕ ਫੁਰਨਾ ਕਰਦੇ ਹੀ ਪਹੁੰਚਾ ਸਕਦੀ ਹਾਂ।

ਅਸੀਂ ਬੈਰਾਗ ਦੀ ਪਰਬਲਤਾ ਕਰਕੇ ਕੋਈ ਧਿਆਨ ਨ ਦਿਤਾ। ਫਿਰ ਇਹ ਇਸਤਰੀ ਰੂਪ ਵਿਚ ਰੋ-ਰੋ ਕੇ, ਅੰਗੀਕਾਰ ਕਰਨ ਲਈ ਬੇਨਤੀਆਂ ਕਰਨ, ਪਰ ਅਸਾਡਾ ਨਿਸ਼ਾਨਾ ਕਾਲ ਮੰਡਲ ਤੋਂ ਨਿਰੰਕਾਰ ਮੰਡਲ ਦਾ ਹੋਣ ਕਰਕੇ ਇਹਨਾਂ ਦੀਆਂ ਠਗਣੀਆਂ ਚਾਲਾਂ ਵਿਚ ਫਸ ਨ ਸਕਿਆ। ਫਿਰ ਜਦੋਂ ਨਾਮ ਮੰਡਲ ਵਿਚ ਸੁਰਤ ਦਾ ਨਿਵਾਸ ਹੋ ਜਾਂਦਾ ਹੈ ਤਾਂ ਇਹ ਪਿਛੇ ਲਗ ਤੁਰਦੀਆਂ ਹਨ -

***ਨਵਨਿਧੀ ਅਠਾਰਹ ਸਿਧੀ***
***ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ।।***
***ਅੰਗ - ੬੪੯***

ਪਰ ਗੁਰਮੁਖ ਜਨ, ਫੇਰ ਭੀ ਇਹਨਾਂ ਤੋਂ ਕੋਈ ਕੰਮ ਨਹੀਂ ਲੈਂਦੇ ਕਿਉਂਕਿ ਇਹ ਸੇਵਾਦਾਰਨੀਆਂ ਬਣੀਆਂ ਭੀ ਕੁਟਲ, ਕਠੋਰ ਲੁਭਾਉਣ ਵਾਲੀਆਂ ਹਨ, ਭੀੜਾਂ ਇਕੱਠੀਆਂ ਕਰਦੀਆਂ ਹਨ।

ਆਪ ਦਇਆ ਕਰਕੇ ਫੁਰਮਾਉਣ ਲਗੇ ਕਿ ਅਕਾਲ ਮੰਡਲ ਵਿਚ, ਪ੍ਰਵੇਸ਼ ਕਰਦੇ ਹੀ ਸੁਰਤ ਆਪਾ ਭਾਵ ਗੁਆ ਬੈਠਦੀ ਹੈ ਅਤੇ ਇਹ ਨਿੱਕੀ ਹਉਂ, ਪਰਮ ਆਪੇ ਦਾ ਰੂਪ ਹੀ ਬਣ ਜਾਇਆ ਕਰਦੀ। ਇਸ ਅਵਸਥਾ ਤੇ ਪੁਜਿਆ 'ਸੰਤ' 'ਗੁਰਮਖਿ' 'ਮਹਾਂਪੁਰਸ਼' ਦੀ ਉਪਾਧੀ ਧਾਰਨ ਕਰਦਾ ਹੈ ਇਸੇ ਕਰਕੇ 'ਸੰਤ ਅਨਤੰਹਿ ਅੰਤਰੁ ਨਾਹੀ॥' ਜਾਂ 'ਬ੍ਰਹਮ ਗਿਆਨੀ ਆਪਿ ਪਰਮੇਸ਼ਰ' ਹੋਇਆ ਕਰਦਾ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

***ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥***
***ਅੰਗ - ੩੯੭***

ਪੂਰਨ ਰੂਪ ਵਿਚ ਆਪ ਜੀ ਬਖਸ਼ਸ਼ ਦਾ ਦਰ ਪ੍ਰਾਪਤ ਕਰਕੇ, ਹੁਕਮ ਅੰਦਰ ਸੰਸਾਰ ਨੂੰ ਨਾਮ ਮਾਰਗ ਤੇ ਪਾ ਕੇ ਸੁਖੀ ਕਰਨ ਲਈ ਕੀਰਤਨ ਮੰਡਲ ਰਚੇ। ਦੇਸਾਂ-ਪ੍ਰਦੇਸਾਂ ਵਿਚ ਲੱਖਾਂ ਜਗਿਆਸੂਆਂ ਨੂੰ ਜੀਵਨ ਦਾਨ ਦੀ ਦਾਤ ਬਖਸ਼ੀ। ਸਤ ਲੱਖ ਪ੍ਰਾਣੀਆਂ ਤੋਂ ਵੱਧ, ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ, ਪ੍ਰਭੂ ਪਿਆਰ ਵਿਚ ਪਰੋਏ, ਸਾਰੀ ਜ਼ਿੰਦਗੀ ਇਕ ਦਿਨ ਭੀ ਛੁਟੀ ਨਾ ਕੀਤੀ। ਆਪ ਕਿਹਾ ਕਰਦੇ ਸਨ ਕਿ ਭਾਈ ਤੁਹਾਨੂੰ ਸਭ ਨੂੰ ਛੁੱਟੀ ਹੋ ਜਾਂਦੀ ਹੈ, ਅਸਾਡੇ ਸਿਰ ਤੇ ਨਿਰੰਕਾਰ ਜੀ ਨੇ ਐਸੀ ਕਾਰ ਪਾਈ ਹੈ ਕਿ ਅਸਾਨੂੰ ਕਦੇ ਭੀ ਛੁੱਟੀ ਨਹੀਂ ਹੁੰਦੀ। ਅੰਮ੍ਰਿਤ ਵੇਲੇ ਜਾਗਣਾ, ਦਿਨੇ ਸੰਗਤਾਂ ਵਿਚ, ਰਾਤੀਂ ਕਥਾ ਕੀਰਤਨ, ਇਹ ਨਿੱਤ ਦਾ ਹੀ ਕਰਮ ਹੈ।

ਆਪ ਜੀ ਪੂਰਨ ਗਿਆਨਵਾਨ ਸਨ। ਕਈ ਪ੍ਰੇਮੀ ਖੇਦ ਮਹਿਸੂਸ ਕਰਨਗੇ ਜੇ ਮੈਥੋਂ ਇਹ ਕਹਿ ਹੋ ਜਾਵੇ ਕਿ ਆਪ ਜੀ ਦੇ ਸਰੀਰ ਵਿਚ ਪਰਮੇਸ਼ਰ ਹੀ ਦਰਸ਼ਨ ਦੇ ਰਹੇ ਸਨ। ਆਪ ਜੀ ਦੇ ਸੁਭਾਵ ਬਾਰੇ ਰੂਹਾਨੀ ਸੰਦੇਸ਼ ਪੰਨਾ ੨੦੮ ਵਿਚ ਅੰਕਿਤ ਹੈ -

***ਜਨਮੇ ਦੀ ਖੁਸ਼ੀ ਕਦੇ ਕੀਤੀ ਹੈ ਨ ਆਪ ਜੀ ਨੇ***
***ਮਰੇ ਤਾਂ ਉਦਾਸੀ ਦਾ ਨਾ ਕਦੇ ਪ੍ਰਭਾਓ ਹੈ।***
***ਦੁਨੀਆਂ ਦਾ ਦੁਖ ਸੁਖ ਜਾਣਦੇ ਨੇ ਇਕੋ ਜਿਹਾ***
***ਵਰ ਤੇ ਸਰਾਪ ਦਾ ਨ ਰਖਿਆ ਲਗਾਓ ਹੈ।***
***ਸੰਗਤ ਨਿਵਾਸ ਰਖੀ ਆਸ ਹੈ ਨ ਕਿਸੇ ਦੇ ਵੀ***
***ਰਾਜੇ ਰੰਕ ਸੰਦਾ ਨਹੀ ਚਿਤ ਮਹਿ ਡਰਾਓ ਹੈ।***
***ਜਪਦੇ ਹੀ ਸਤਿਨਾਮੁ ਨਿਤ ਦੇਖੇ ਮੋਹਨ ਹਰਿ***
***ਕਾਹੂੰ ਸਿਓ ਨ ਵੈਰ ਸੰਤ ਜੀ ਸੁਭਾਓ ਹੈ।***

ਸੰਤ ਮਹਾਰਾਜ ਜੀ ਨਿਰਾ ਹੀ ਪ੍ਰੇਮ ਰੂਪ ਸਨ। ਜਿਸਨੇ ਇਕ ਵਾਰ ਦਰਸ਼ਨ ਕਰ ਲਏ, ਖਿਚ ਖਾ ਗਿਆ। ਪਿਛਲਾ ਸੁਭਾਅ ਬਦਲ ਗਿਆ ਅਤੇ ਨਾਮ ਜਾਪ ਵਲ ਲਗ ਗਿਆ। ਆਪ ਜੀ ਮਾਇਆ ਵਲੋਂ ਪੂਰਨ ਤੌਰ ਤੇ ਨਿਰਚਾਹ ਸਨ। ਚੰਡੀਗੜ੍ਹ ਚਾਰ ਪੰਜ ਵਾਰੀ ਲਿਆ ਕੇ ਕੀਰਤਨ ਕਰਾਏ, ਦੀਵਾਨ ਤਿੰਨ-ਤਿੰਨ ਹਫਤੇ ਲਗਦੇ ਰਹੇ, ਬੇ-ਪਨਾਹ ਇਕੱਠ ਹੁੰਦੇ। ਕਮੇਟੀਆਂ ਦੀਆਂ ਗੋਲਕਾਂ ਨਕੋ-ਨੱਕ ਭਰ ਜਾਂਦੀਆਂ, ਪਰ ਮਾਇਆ ਗ੍ਰਸੀਆਂ ਕਮੇਟੀਆਂ, ਮਹਾਂਪੁਰਖਾਂ ਦੇ ਆਦਰ ਲਈ 250 ਰੁਪੈ ਸਿਰੋਪਾ ਭੇਟ ਕਰਦੀਆਂ। ਸੰਤ ਮਹਾਰਾਜ ਜੀ ਆਪਣੇ ਪਾਸੋਂ 500 ਰੁਪੈ ਕੱਢ ਕੇ, ਸਿਰੋਪੇ ਤੇ ਹੋਰ ਰੱਖ ਕੇ ਵਾਪਸ ਕਰ ਦਿੰਦੇ, ਉਹ ਕਮੇਟੀਆਂ ਦੀ ਮਾਇਕ ਭੁੱਖ ਨੂੰ ਚੰਗੀ ਤਰ੍ਹਾਂ ਸਮਝਦੇ ਸਨ।

ਲੰਡਨ 1974 ਵਿਚ ਸਾਊਥਹਾਲ ਗੁਰਦਵਾਰਾ ਸਿੰਘ ਸਭਾ ਵਿਚ ਕੀਰਤਨ ਕੀਤਾ। ਹਜ਼ਾਰਾਂ ਪੌਂਡਾਂ ਦਾ ਸਿਰੋਪਾ। ਜੋ ਅੱਜ ਕਲ ਦੇ ਕਈ ਲੱਖਾਂ ਦੇ ਬਰਾਬਰ ਹੈ, ਆਪ ਜੀ ਨੇ ਇਹ ਕਹਿ ਕੇ ਵਾਪਸ ਕਰ ਦਿਤਾ ਕਿ ਇਥੇ ਤੁਸੀਂ ਸੰਗਤਾਂ ਲਈ ਵੱਡਾ ਹਾਲ ਬਣਾਉ।

ਇਸ ਤਰ੍ਹਾਂ ਅਫਰੀਕਾ, ਇੰਗਲੈਂਡ ਆਦਿ ਦੂਰ ਇਲਾਕਿਆਂ ਵਿਚ ਗੁਰੂ ਨਾਨਕ ਗੁਰਮਤਿ ਸੰਦੇਸ਼ ਦਿਤਾ ਅਤੇ ਨਾਮ ਨਾਲ ਲੱਖਾਂ ਪ੍ਰੇਮੀ ਜੋੜੇ।

ਅੰਤ ਉਹ ਸਮੇਂ ਭੀ ਆ ਗਏ ਜਦੋਂ ਆਪ ਦਾ ਸੰਸਾਰ ਤੋਂ ਸਰੀਰਕ ਤੌਰ ਤੇ ਵਿਛੋੜਾ ਦੇ ਜਾਣਾ ਲੱਖਾਂ ਪ੍ਰੇਮੀਆਂ ਲਈ ਸਹਿਣਾ ਅਤਿ ਔਖਾ ਹੋ ਗਿਆ। ਆਪ ਜੀ 5 ਅਗਸਤ 1905 ਵਿਚ ਇਸ ਸੰਸਾਰ ਵਿਚ ਪ੍ਰਗਟ ਹੋਏ ਅਤੇ 27 ਅਗਸਤ 1975 ਵਿਚ ਪੰਜ ਭੂਤਕ ਚੋਲਾ ਛੱਡ ਕੇ ਪ੍ਰੇਮੀਆਂ ਲਈ ਅਸਹਿ ਵਿਛੋੜਾ ਦੇ ਗਏ, ਜੋ ਅੱਜ ਭੀ ਸਹਿਨ ਨਹੀਂ ਕੀਤਾ ਜਾ ਸਕਦਾ, ਅਜੇ ਭੀ ਹੰਝੂ ਵਹਿ ਤੁਰਦੇ ਹਨ।

ਆਪ ਨੇ ਇਥੇ ਕੀ ਉਪਕਾਰ ਕੀਤੇ - ਕੌਣ ਗਿਣੇ, ਕੌਣ ਕਹੇ; ਅਕਹਿ ਹਨ। ਆਪ ਗਿਆਨ ਦੇ ਸੂਰਜ, ਪ੍ਰੇਮ ਦੇ ਸਾਗਰ, ਸ਼ਕਤੀਆਂ ਦੇ ਭੰਡਾਰ, ਬੇਵਸਾਂ ਦਾ ਸਹਾਰਾ, ਜਗਿਆਸੂਆਂ ਦੇ ਧੇਅ ਅਤੇ ਪੂਰਨ ਰੂਪ ਵਿਚ ਪ੍ਰਭੂ ਲੀਨ ਸਨ - ਆਪ ਸਦੀਵੀ ਅਮਰ ਹਨ।

ਆਪ ਦੇ ਜੀਵਨ ਨਾਦ ਦੀ ਯਾਦ ਅੱਜ ਭੀ ਉਵੇਂ ਹੀ ਪ੍ਰੇਰਨਾ ਦੇ ਰਹੀ ਹੈ ਜਿਵੇਂ ਆਪ ਦਾ ਸਰੀਰਧਾਰੀ ਹੋਣ ਦੇ ਸਮੇਂ ਸੀ। ਆਪ ਤੋਂ ਵਰੋਸਾਏ ਹੋਏ ਆਪ ਦੇ ਪਿਆਰ ਰਸ ਮਾਣਦੇ ਭੌਰੇ ਉਸੇ ਚਾਲੀ ਤੇ ਚਲ ਕੇ, ਆਪ ਦੇ ਦਰਸਾਏ ਮਾਰਗ ਤੇ ਚਲ ਕੇ ਸੰਗਤਾਂ ਦਾ ਭਲਾ ਕਰ ਰਹੇ ਹਨ। ਇਕ ਫੁਲਾਂ ਦੇ ਗੁਲਦਸਤੇ ਦੇ ਰੂਪ ਵਿਚ ਸੰਸਾਰ ਨੂੰ ਸੁਗੰਧੀ ਪ੍ਰਦਾਨ ਕਰ ਰਹੇ ਹਨ। ਇਕ ਰਾੜਾ ਸਾਹਿਬ ਤੋਂ ਹੋਰ ਕਈ ਆਸ਼ਰਮ ਬਣ ਕੇ, ਆਪ ਤੋਂ ਗੁਰਮਤਿ ਪ੍ਰਕਾਸ਼ ਪ੍ਰਾਪਤ ਕੀਤੇ ਨੂਰ ਨੂੰ, ਕਲਜੁਗੀ ਜੀਵਾਂ ਦੀਆਂ ਅੰਤਸ਼ਕਰਣ ਦੀਆਂ ਘੁਪ ਅਨ੍ਹੇਰੀਆਂ ਕੋਠੜੀਆਂ ਵਿਚ, ਨਿਰਮਲ ਜੋਤਿ ਦੇ ਪ੍ਰਕਾਸ਼ ਨੂੰ ਸਮੋ ਕੇ ਪ੍ਰਕਾਸ਼ਿਤ ਕਰ ਰਹੇ ਹਨ।

ਉਹਨਾਂ ਦੀ ਯਾਦ, ਸਮੇਂ ਦੀ ਚਾਲ ਨਾਲ ਨਿਤ ਉਜਲ ਪ੍ਰਕਾਸ਼ ਵੰਡਦੀ ਮਾਰਗ ਦਰਸਾਉਂਦੀ ਰਹੇਗੀ।

ਵਾਹਿਗੁਰੂ ਜੀ ਉਹਨਾਂ ਦੀ ਪਿਆਰੀ ਯਾਦ ਦਾ ਇਕ ਕਿਣਕਾ ਅਸਾਨੂੰ ਭੀ ਬਖਸ਼ਣ ਅਤੇ ਗੁਰੂ ਮੇਹਰ ਨਾਲ ਅਸਾਡਾ ਜੀਵਨ ਸਫਲ ਹੋਵੇ - ਇਹੋ ਤੀਬਰ ਕਾਮਨਾ ਹੈ।

# ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ॥

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-28)*

ਬੁੱਲ੍ਹੇ ਸ਼ਾਹ ਅਨਾਇਤ ਸ਼ਾਹ ਕੋਲ ਆਉਂਦੈ।

ਕਹਿੰਦੇ, ਕੀ ਕਰਨ ਆਇਐਂ, ਕੌਣ ਹੈਂ ਤੂੰ?

ਕਹਿੰਦਾ, ਜੀ ਮੈਂ ਹੈਗਾ ਸ਼ੇਖ।

ਕਹਿੰਦੇ, ਮੈਂ ਤਾਂ ਰਾਈਂ ਹਾਂ, ਤੇਰੀ ਅਰ ਮੇਰੀ ਜਾਤ 'ਚ ਬੜਾ ਫਰਕ ਹੈ।

ਕਹਿੰਦਾ, ਨਹੀਂ ਮਹਾਰਾਜ! ਮੈਂ ਤਾਂ ਮੁਰੀਦ ਬਣਨ ਆਇਆ ਹਾਂ। ਰੱਬ ਨੂੰ ਪਾਉਣੈ।

ਪੀਰ ਅਨਾਇਤ ਸ਼ਾਹ ਜੀ ਪਿਆਜ ਲਾਉਂਦੇ ਸੀ, ਕਹਿੰਦੇ, ਬੁੱਲ੍ਹਿਆ! ਰੱਬ ਨੂੰ ਕੀ ਪਾਉਣਾ, ਏਧਰੋਂ ਪੁੱਟਣਾ ਤੇ ਏਧਰ ਲਾਉਣਾ। ਗੱਲ ਐਨੀ ਹੀ ਹੈ। ਦੁਨੀਆਂ ਵਲ ਪਿੱਠ ਕਰਕੇ ਰੱਬ ਵਲ ਮੂੰਹ ਕਰ ਲੈਣੈ। ਰੱਬ ਮਿਲ ਜਾਂਦੈ।

ਅਖੀਰ ਉਹਨਾਂ ਨੇ ਬੁੱਲ੍ਹੇ ਨੂੰ ਰੱਖ ਲਿਆ। ਬੜੀ ਸੇਵਾ ਕਰਦੈ। ਬਹੁਤ ਦਿਨ ਲੰਘ ਗਏ। ਅੱਜ ਰਿਸ਼ਤੇਦਾਰੀ 'ਚੋਂ ਸੁਨੇਹਾ ਆ ਗਿਆ ਕਿ ਵਿਆਹ ਹੈ ਜ਼ਰੂਰ ਆਇਓ। ਉਸ ਵੇਲੇ ਅਨਾਇਤ ਸ਼ਾਹ ਕਹਿਣ ਲੱਗੇ ਕਿ ਮੇਰੇ ਤੋਂ ਤਾਂ ਨਹੀਂ ਆ ਹੁੰਦਾ। ਦੇਖੋ, ਕਿਸੇ ਨੂੰ ਭੇਜਾਂਗੇ। ਬੱਚੇ ਸਾਰੇ ਹੀ ਤਿਆਰ ਹੋ ਗਏ। ਘਰਵਾਲੀ ਵੀ ਤਿਆਰ ਹੋ ਗਈ। ਉਹ ਕਹਿੰਦੇ, ਕਿ ਤੁਸੀਂ ਸਾਰੇ ਹੀ ਚੱਲੇ ਹੋਂ, ਮੈਨੂੰ ਲੁੱਟ ਲੈਣੈ ਬੁੱਲੇ ਨੇ।

ਬੱਚੇ ਪਰਵਾਹ ਹੀ ਨਹੀਂ ਕਰਦੇ ਹੁੰਦੇ ਮਾਂ-ਪਿਉ ਦੀ ਕਿ ਐਵੇਂ ਕਰੀ ਜਾਂਦੇ ਨੇ ਕਿ ਲੁੱਟ ਲੈਣੈ, ਲੁੱਟ ਲੈਣੈ। ਚੰਗਾ ਭਲਾ ਸ਼ਰੀਫ ਬੰਦੈ, ਇਹਨੇ ਕੀ ਲੁੱਟ ਲੈਣੈ। ਉਹ ਚਲੇ ਗਏ।

ਬੁੱਲੇ ਨੂੰ ਕਹਿਣ ਲੱਗੇ, ਜਲ ਲਿਆ। ਬੁੱਲੇ ਨੇ ਜਲ ਲਿਆਂਦਾ, ਤੇ ਅਨਾਇਤ ਸ਼ਾਹ ਨੇ ਅੱਧਾ ਜਲ ਪੀ ਲਿਆ, ਤੇ ਕਹਿੰਦੇ, ਬਾਕੀ ਤੂੰ ਪੀ ਲੈ।

ਬੁੱਲੇ ਤੋਂ ਸ਼ਕਤੀ ਨਾ ਸਾਂਭ ਹੋਵੇ, ਉੱਛਲੇ। ਕਈ ਦਿਨ ਲੰਘਣ ਤੋਂ ਬਾਅਦ ਦੇਖਣਾ ਚਾਹਿਆ ਕਿ ਇਹਨੇ ਸ਼ਕਤੀ ਜਜ਼ਬ ਕਰ ਲਈ ਕਿ ਉਵੇਂ ਜਿਵੇਂ ਚੱਲ ਰਿਹੈ।

ਕਹਿੰਦੇ, ਫਲਾਣਾ ਪੀਰ ਹੈ, ਉਹਦੇ ਕੋਲ ਜਾਣੈ, ਉਹਦਾ ਉਰਸ ਹੈ ਅੱਜ, ਹਾਜ਼ਰੀ ਲਵਾ ਆ। ਪਰ ਆ ਜਾਈਂ ਵਾਪਸ ਆਥਣੇ ਤੱਕ।

ਉਥੇ ਗਿਆ ਤਾਂ ਭੀੜ ਬੜੀ। ਦੂਰ ਦਾ ਇਲਾਕਾ ਸੀ। ਮਿਲ ਨਾ ਸਕਿਆ। ਅਖੀਰ ਜਦੋਂ ਵਾਰੀ ਆਈ ਤਾਂ ਮਿਲਿਆ। ਜਦੋਂ ਬਾਹਰ ਆਇਆ ਤਾਂ ਸੂਰਜ ਛਿਪਣ ਵਾਲਾ ਹੋ ਗਿਆ। ਸੋਚਣ ਲੱਗਿਆ ਕਿ ਪੀਰ ਨੇ ਕਿਹਾ ਸੀ ਕਿ ਅੱਜ ਹੀ ਵਾਪਸ ਆ ਜਾਈਂ। ਦੇਖਦਾਂ ਸ਼ਕਤੀ ਵਰਤ ਕੇ। ਕੰਧ ਸੀ ਉਥੇ, ਕੰਧ 'ਤੇ ਚੜ੍ਹ ਗਿਆ। ਕੰਧ ਨੂੰ ਘੋੜੇ ਵਾਂਗਣ ਨਠਾ ਕੇ ਲੈ ਆਇਆ।

ਕਈ ਪ੍ਰੇਮੀਆਂ ਦਾ ਖਿਆਲ ਹੋਣੈ ਕਿ ਇਹ ਐਵੇਂ ਰਵਾਇਤਾਂ ਨੇ। ਸਾਡੇ ਪਿੰਡ ਧਮੋਟ ਇਕ ਕੰਧ ਖੜ੍ਹੀ ਹੁੰਦੀ ਸੀ, ਖੇਤਾਂ 'ਚ। ਸਾਡੇ ਬਜ਼ੁਰਗ ਬਾਬੇ ਦਸਦੇ ਹੁੰਦੇ ਕਿ ਆਹ ਜਰਗ ਵਾਲਾ ਸੰਤ ਸੀ। ਇਹ ਸ਼ੇਰ ਦੀ ਸਵਾਰੀ ਕਰਿਆ ਕਰਦਾ ਸੀ। ਜਦੋਂ ਕਿਸੇ ਸੰਤ ਨੂੰ ਮਿਲਣ ਜਾਣਾ ਸ਼ੇਰ 'ਤੇ ਚੜ੍ਹ ਕੇ ਜਾਂਦਾ ਸੀ। ਉਹ ਇਥੇ ਆਪਣੇ ਪਿੰਡ ਦੇ ਸੰਤਾਂ ਨੂੰ ਮਿਲਣ ਆਇਆ, ਸੇਵਕਾਂ ਨੇ ਖਬਰ ਕਰੀ ਕਿ ਮਹਾਰਾਜ! ਸੰਤ ਆ ਰਹੇ ਨੇ ਜਰਗ ਵਾਲੇ, ਪਰ ਸ਼ੇਰ 'ਤੇ ਚੜ੍ਹੇ ਆਉਂਦੇ ਨੇ।

ਕੰਧ ਸੀ ਟੁੱਟੀ ਹੋਈ, ਉਹ ਉਥੇ ਬੈਠੇ ਦਾਤਣ ਕਰਦੇ ਸੀ। ਉਹਨੂੰ ਥਾਪੀ ਦੇ ਦਿਤੀ ਉਹਨਾਂ ਨੇ, ਕਹਿੰਦੇ, ਚੱਲ ਸੰਤ ਆਉਂਦੇ ਨੇ, ਆਪਾਂ ਵੀ ਅਗਾਂਹਾਂ ਜਾ ਕੇ ਮਿਲੀਏ, ਉਹ ਕੰਧ ਖੇਤਾਂ 'ਚ ਆ ਗਈ। ਉਥੇ ਖੜ੍ਹੀ ਹੁੰਦੀ, ਅਸੀਂ ਨਿਆਣੇ ਹੁੰਦੇ, ਕਦੇ ਉਸ 'ਤੇ ਚੜ੍ਹ ਜਾਂਦੇ, ਕਦੇ ਉਤਰ ਜਾਂਦੇ। ਇਸ ਤਰ੍ਹਾਂ ਦੀਆਂ ਗੱਲਾਂ ਆਮ ਹੁੰਦੀਆਂ ਸੀ। ਕੋਈ ਬਾਤ ਨਹੀਂ ਸੀ ਹੁੰਦੀ ਕਿ ਜੀ ਕੰਧ ਕਿਵੇਂ ਤੁਰ ਗਈ। ਇਹ ਗੱਲਾਂ ਹੋਰ ਨੇ, ਉਹ ਹੋਰ ਨੇ।

ਜਿਸ ਵਕਤ ਬੁੱਲ੍ਹੇਸ਼ਾਹ ਆ ਗਿਆ।

ਅਨਾਇਤ ਸ਼ਾਹ ਨੇ ਪੁਛਿਆ ਕਿ ਕਿਵੇਂ ਰਿਹਾ?

ਕਹਿਣ ਲੱਗਿਆ, ਜੀ ਬੜੀ ਦੇਰ ਲੱਗੀ। ਸੂਰਜ ਛਿਪਣ ਵਾਲਾ ਹੋ ਗਿਆ ਤੇ ਬਚਨ ਤੁਹਾਡਾ ਸੀ ਕਿ ਜਲਦੀ ਆ ਜਾਈਂ ਅੱਜ ਹੀ। ਹੋਰ ਤਾਂ ਕੋਈ ਤਰੀਕਾ ਨਹੀਂ ਸੀ।

ਕਹਿੰਦੇ, ਫੇਰ ਕੀ ਕਰਿਆ?

ਕਹਿੰਦਾ, ਮਹਾਰਾਜ! ਮੈਂ ਕੰਧ ਦੀ ਸਵਾਰੀ ਕਰ ਲਈ।

ਕਹਿਣ ਲੱਗੇ, ਇਹ ਤਾਂ ਸਾਬਰ ਨਹੀਂ ਹੈ ਬੰਦਾ। ਇਹ ਤਾਂ ਸਰਾਪ ਦੇ ਕੇ ਮਾਰ ਦਊਗਾ। ਨੁਕਸਾਨ ਕਰ ਦਊ, ਬੇਗਾਨੇ ਪੁੱਤਰਾਂ ਨੂੰ ਮਾਰ ਦਊ। ਸਿਰ 'ਤੇ ਹੱਥ ਫੇਰਿਆ, ਖਾਲੀ ਕਰ ਦਿਤਾ।

ਬੜੇ ਸਾਲ ਸੇਵਾ ਕਰਦੇ ਦੇ, ਪਛਤਾਉਂਦੇ ਦੇ ਲੰਘ ਗਏ। ਕੁਛ ਨਾ ਬਣਿਆ। ਅਖੀਰ ਇਕ ਵਾਰੀ ਪ੍ਰਸੰਨ ਹੋ ਗਏ। ਪ੍ਰਸੰਨ ਹੋਇਆਂ ਨੇ ਮੁੜ ਕੇ ਦੇ ਦਿਤੀ ਸ਼ਕਤੀ। ਕਹਿੰਦੇ, ਬੁੱਲ੍ਹਿਆ! ਇਕ ਥਾਂ ਦੋ ਸ਼ੇਰ ਨਹੀਂ ਰਹਿੰਦੇ ਹੁੰਦੇ। ਇਥੋਂ ਹੋਰ ਜਗ੍ਹਾ ਜਾਹ ਤੂੰ।

ਉਹ ਆਪਣੇ ਪਿੰਡ ਕਸੂਰ ਆ ਗਿਆ। ਸਮਾਂ ਲੰਘ ਗਿਆ, ਮਹਿਮਾ ਸੁਣੀ ਕਿ ਬੜੇ ਇਕੱਠ ਹੁੰਦੇ ਨੇ। ਬੜੇ ਲੋਕ ਉਹਨਾਂ ਕੋਲ ਜਾਂਦੇ ਨੇ।

ਪ੍ਰਮਾਣੀਕਤਾ (Qualification) ਹੈ ਸੰਤਾਂ ਦੀ ਕਿ ਬਹੁਤ ਇਕੱਠ ਹੁੰਦਾ ਜੀ। ਲੇਕਿਨ ਇਹ ਉਪਰਲੀ-ਉਪਰਲੀ, ਬਾਹਰਲੀ ਹੈ, ਅੰਦਰਲੀ ਗੱਲ ਹੋਰ ਹੁੰਦੀ ਹੈ।

ਪੀਰ ਅਨਾਇਤ ਸ਼ਾਹ ਨੇ ਆਪਣਾ ਲੜਕਾ ਭੇਜ ਦਿਤਾ ਕਿ ਜਾਹ, ਦੇਖ ਕੇ ਆ ਕਿ ਕਿੰਨਾ ਕੁ ਮਾਣ ਹੈ ਉਹਦੇ 'ਚ?

ਜਦੋਂ ਗਿਆ ਤਾਂ ਬੁੱਲ੍ਹੇ ਨੇ ਬੜੀ ਸੇਵਾ ਕਰੀ। ਜਿੰਨੇ ਦਿਨ ਰਿਹਾ ਬੜੀ ਸੇਵਾ ਕਰੀ। ਉਸ ਤੋਂ ਬਾਅਦ ਜਦੋਂ ਉਹ ਵਾਪਸ ਆਉਣ ਲੱਗਾ ਤਾਂ ਬੁੱਲ੍ਹੇ ਦੇ ਕੋਲ ਬਹੁਤ ਸਾਰੇ ਮੁਰੀਦ ਬੈਠੇ ਸੀ, ਬੁੱਲ੍ਹੇ ਨੇ ਉਥੇ ਬੈਠੇ ਨੇ ਹੀ ਹੱਥ ਜੋੜ ਦਿਤੇ।

ਅਨਾਇਤ ਸ਼ਾਹ ਕੋਲ ਆਇਆ ਤਾਂ ਉਸ ਨੇ ਬੁੱਲ੍ਹੇ ਦੀ ਬੜੀ ਸਿਫ਼ਤ ਕਰੀ।

ਕਹਿੰਦੇ, ਇਸ ਤਰ੍ਹਾਂ ਦੱਸ ਕਿ ਜਦੋਂ ਤੂੰ ਆਇਆ, ਤੈਨੂੰ ਬਾਹਰ ਤੱਕ ਛੱਡਣ ਆਇਆ?

ਕਹਿੰਦਾ, ਮਹਾਰਾਜ! ਬਹੁਤ ਮੁਰੀਦ ਬੈਠੇ ਸੀ ਉਹਨਾਂ ਕੋਲ, ਵਿਹਲੇ ਨਹੀਂ ਸੀਗੇ। ਉਥੋਂ ਮੈਨੂੰ ਉਹਨਾਂ ਬੈਠੇ ਹੀ ਅਦਬ ਅਦਾਇਬ ਕਰਕੇ ਤੋਰ ਦਿਤਾ।

ਕਹਿੰਦੇ, ਹਾਂ, ਉਹਨੂੰ ਅਭਿਮਾਨ ਹੋ ਗਿਆ ਕਿ ਮੈਂ ਕੁਛ ਬਣ ਗਿਆ। ਉਥੇ ਬੈਠਿਆਂ ਨੇ ਹੀ ਸ਼ਕਤੀ ਖਿੱਚ ਲਈ। ਖਾਲੀ ਕਰ ਦਿਤਾ ਬੁੱਲ੍ਹਾ। ਨਾਲ ਹੁਕਮ ਕਰ ਦਿਤਾ ਕਿ ਇਹ ਸਾਡੇ ਮੱਥੇ ਨਾ ਲੱਗੇ।

ਬਾਰ੍ਹਾਂ ਸਾਲ ਫੇਰ ਬੁੱਲ੍ਹੇ ਨੂੰ ਲੱਗੇ। ਜਿੰਨੀਆਂ ਕਾਫ਼ੀਆਂ ਨੇ ਉਸ ਵੇਲੇ ਉਚਾਰੀਆਂ ਉਹਨੇ। 300-400 ਗਜ਼ ਦੇ ਉਤੇ ਕੈਂਪ ਲਾਉਂਦਾ ਰਿਹਾ, ਪਰ ਪੀਰ ਦੇ ਕੋਲ ਨਹੀਂ ਸੀ ਆਇਆ।

ਇਕ ਵਾਰ ਪੀਰ ਫੇਰ ਪ੍ਰਸੰਨ ਹੋ ਗਏ, ਉਸ ਵੇਲੇ ਬੁੱਲ੍ਹੇ ਨੂੰ ਫੇਰ ਪੂਰਾ ਕਰ ਦਿਤਾ। ਕੱਲ੍ਹ ਦੀਆਂ ਗੱਲਾਂ ਨੇ ਇਹ।

*ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ ॥*
*ਨਦਰਿ ਕਰੇ ਜਿਸੁ ਆਪਣੀ ਤਿਸੁ ਲਾਏ ਹੇਤ ਪਿਆਰੁ ॥*
*ਅੰਗ - ੧੪੨੨*

ਜਿਹਨੂੰ ਨਦਰ ਕਰ ਦੇਵੇ, ਉਹਨੂੰ ਪਿਆਰ ਲਗਦੈ। ਪਿਆਰ ਦੇ ਵਿਚ ਆ ਕੇ ਚਾਕਰੀ ਕਰਦੈ-

*ਸਤਿਗੁਰ ਕੀ ਸੇਵੈ ਲਗਿਆ ਭਉਜਲੁ ਤਰੈ ਸੰਸਾਰੁ ॥*
*ਮਨ ਚਿੰਦਿਆ ਫਲੁ ਪਾਇਸੀ ਅੰਤਰਿ ਬਿਬੇਕ ਬੀਚਾਰੁ ॥*
*ਨਾਨਕ ਸਤਿਗੁਰਿ ਮਿਲਿਐ ਪ੍ਰਭੁ ਪਾਈਐ*
*ਸਭੁ ਦੂਖ ਨਿਵਾਰਣਹਾਰੁ ॥ ਅੰਗ - ੧੪੨੨*

ਉਹਦੇ ਅੰਦਰ ਬਿਬੇਕ ਬੁੱਧੀ ਜਾਗ ਪੈਂਦੀ ਹੈ। ਸਤਿ ਤੇ ਅਸਤਿ ਦੀ ਪਛਾਣ ਆ ਜਾਂਦੀ ਹੈ। ਨਿਰਣਾ ਕਰ ਲੈਂਦੈ, ਪ੍ਰਮੇਸ਼ਰ ਨੂੰ ਆਪਣੇ ਅੰਦਰ ਦੇਖ ਲੈਂਦੈ। ਹੁਣ ਇਹਦੇ 'ਚ ਹੈ ਕਿ ਜਿਹੋ ਜਿਹਾ ਸਤਿਗੁਰੂ ਨੂੰ ਦੇਖਦੈ ਹੈ, ਜਿੰਨੀ ਕੁ ਸ਼ਰਧਾ ਰਖਦੈ। ਚਾਹੇ ਸਾਧੂ ਸੰਤ ਨੂੰ ਕਰਦੈ, ਚਾਹੇ ਸਤਿਗੁਰੂ ਨੂੰ ਕਰਦੈ, ਫਲ ਓਨਾਂ ਕੁ ਹੀ ਮਿਲਦੈ। ਕਿਉਂਕਿ ਐਸਾ ਭਾਈ ਗੁਰਦਾਸ ਜੀ ਨੇ ਫੁਰਮਾਨ ਕਰਿਆ-

*ਧਾਰਨਾ - ਜਗ ਵੇਖਣਹਾਰਾ ਜੀ,*
*ਜੇਹਾ ਮੂੰਹ ਕਰ ਭਾਲੀਐ।*
*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।*
*ਭਾਈ ਗੁਰਦਾਸ ਜੀ, ਵਾਰ ੩੪/੧*

ਆਪਣੀ ਭਾਵਨਾ ਹੈ, ਜਿਹੋ ਜਿਹੀ ਕਿਸੇ ਦੇ ਮਨ 'ਚ ਸ਼ਰਧਾ ਹੁੰਦੀ ਹੈ, ਉਹੋ ਜਿਹਾ ਫਲ ਲਗ ਜਾਇਆ ਕਰਦੈ। ਵਿਸ਼ੇਸ਼ ਸ਼ਰਧਾ ਵਾਲੇ ਨੂੰ ਵਿਸ਼ੇਸ਼ ਫਲ ਲਗਦੈ। ਜੇ ਨਾ ਸ਼ਰਧਾ ਹੋਵੇ, ਉਹਨੂੰ ਨਹੀਂ ਲਗਦਾ। ਜਿਹੜਾ ਮਹਾਤਮਾ ਦੇ ਉਤੇ ਤਰਕ ਕਰਦੈ, ਗੁਰੂ ਦੇ ਉਤੇ ਸ਼ੱਕ ਕਰਦੈ, ਪਨ੍ਹਾ ਰੱਖ ਕੇ ਵਰਤਦੈ। ਮਹਾਰਾਜ ਉਹਨੂੰ ਗਣਤ ਕਹਿੰਦੇ ਨੇ। ਕਹਿੰਦੇ, ਜਿਹੜਾ ਗਣਤ ਦੇ ਵਿਚ ਸੇਵਾ ਕਰਦੈ, ਉਹਦੀ ਸੇਵਾ -

*ਗਣਤੈ ਸੇਵ ਨ ਹੋਵਈ ਕੀਤਾ ਥਾਇ ਨ ਪਾਇ ॥*

*ਅੰਗ- ੧੨੪੬*

ਗਣਤ ਰੱਖਣ ਵਾਲੇ ਦੀ ਸੇਵਾ ਥਾਂ ਨਹੀਂ ਪੈਂਦੀ ਤੇ ਉਹਦਾ ਕੀਤਾ ਹੋਇਆ ਥਾਂ ਨਹੀਂ ਪੈਂਦਾ। ਕਿਉਂਕਿ -

*ਜੇਹਾ ਸਤਗੁਰੁ ਕਰਿ ਜਾਨਿਆ ਤੇਹੋ ਜੇਹਾ ਸੁਖੁ ਹੋਇ ॥*
*ਏਹੁ ਸਹਸਾ ਮੂਲੇ ਨਾਹੀ ਭਾਉ ਲਾਏ ਜਨੁ ਕੋਇ ॥*

*ਅੰਗ- ੩੦*

ਪਿਆਰ ਤੇ ਪ੍ਰੀਤ ਵਿਚ ਆਉਣ ਵਾਲਾ ਕੋਈ-ਕੋਈ ਪਿਆਰਾ ਹੋਇਆ ਕਰਦੈ। ਕਹਿੰਦੇ, ਜੇ ਸ਼ੱਕ ਰਖਦੈ, ਉਹਦੀ ਸੇਵਾ ਨਿਸਫਲ ਹੋ ਜਾਇਆ ਕਰਦੀ ਹੈ। ਛੇ ਕਲਾ ਬੈਰਾਗ ਦੀਆਂ ਪਤਾ ਨਹੀਂ ਕਿੰਨੇ ਜਨਮਾਂ 'ਚ ਬਣਦੀਆਂ ਨੇ, ਸਭ ਖਤਮ ਹੋ ਜਾਂਦੀਐ ਨੇ -

*ਗਣਤੈ ਸੇਵ ਨ ਹੋਵਈ ਕੀਤਾ ਥਾਇ ਨ ਪਾਇ ॥*
*ਸਬਦੈ ਸਾਦੁ ਨ ਆਇਓ ਸਚਿ ਨ ਲਗੋ ਭਾਉ ॥*

*ਅੰਗ - ੧੨੪੬*

ਨਿਸ਼ਾਨੀ ਇਹ ਹੈ ਕਿ ਸੁਰਤ ਸ਼ਬਦ ਦੇ ਨਾਲ ਨਹੀਂ ਜੁੜਦੀ। ਸ਼ਬਦ ਨੂੰ ਫੜ ਨਹੀਂ ਸਕਦੀ। ਉਥੇ ਕਲਪਨਾ ਦਾ ਰਾਜ ਹੋ ਜਾਏਗਾ। ਉਥੇ ਪ੍ਰਮੇਸ਼ਰ ਦੇ ਨਾਲ ਪਿਆਰ ਨਹੀਂ ਲਗਦਾ। ਦੁਨੀਆਂਦਾਰੀ ਨੂੰ ਸੋਚੀ ਜਾਏਗਾ, ਮੁੜ-ਮੁੜ ਹੇਠਾਂ ਨੂੰ ਸੋਚੀ ਜਾਏਗਾ।

*ਸਤਿਗੁਰੁ ਪਿਆਰਾ ਨ ਲਗਈ ਮਨਹਠਿ ਆਵੈ ਜਾਇ ॥ ਅੰਗ - ੧੨੪੬*

ਨਾ ਸਾਧੂ ਪਿਆਰਾ ਲੱਗੇ, ਨਾ ਸੰਤ ਪਿਆਰਾ ਲੱਗੇ। ਹੱਠ ਕਰ ਰਿਹੈ ਮਨ ਦਾ। ਮਹਾਰਾਜ ਕਹਿੰਦੇ, ਕੀ ਖੱਟ ਲਏਂਗਾ, ਹਠ ਤੋਂ। ਆਉਣਾ ਜਾਣਾ ਹੀ ਤੇਰੇ ਪੱਲੇ ਪਿਆ ਰਹਿਣੈ। ਸੋ ਇਸ ਤਰ੍ਹਾਂ ਦੇ ਨਾਲ -

*ਸਤਿਗੁਰ ਕੀ ਸੇਵਾ ਚਾਕਰੀ ਜੇ ਚਲਹਿ ਸਤਿਗੁਰ ਭਾਇ ॥*

*ਅੰਗ - ੧੨੪੬*

ਜੇ ਤਾਂ ਉਹਦੀ ਮਰਜ਼ੀ ਦੇ ਮੁਤਾਬਿਕ ਚਲਦੈ ਤਾਂ, ਤਾਂ ਸੇਵਾ ਥਾਂ ਪੈਂਦੀ ਹੈ।

ਗੁਰੂ ਮਹਾਰਾਜ ਗੁਰੂ ਛੇਵੇਂ ਪਾਤਸ਼ਾਹ ਜੀ ਕਸ਼ਮੀਰ ਗਏ ਹੋਏ ਸੀ। ਪਹਾੜ ਦੇ ਉਤੇ ਦੀ ਲੰਘ ਰਹੇ ਨੇ। ਨਾਲ ਭਾਈ ਨਿਹਾਲਾ ਹੈ ਕਸ਼ਮੀਰੀ। ਬੇਨਤੀ ਕੀਤੀ ਸਾਰਿਆਂ ਨੇ ਕਿ ਮਹਾਰਾਜ! ਇਹ ਸ਼ੇਰਾਂ ਦਾ ਇਲਾਕਾ ਆ ਗਿਆ। ਇਹ ਪੱਧਰ ਥਾਂ ਨਾ ਹੋਣ ਕਰਕੇ ਸ਼ੇਰ ਇਥੇ ਉੱਚੇ ਥਾਂਵਾਂ 'ਤੇ ਲੁਕਦੇ ਨੇ। ਰਸਤਾ ਹੇਠਾਂ ਹੈ ਤੇ ਸ਼ੇਰਾਂ ਦਾ ਮੁਕਾਮ ਉਤੇ ਹੈ। ਜਦੋਂ ਮੌਕਾ ਦੇਖਦੇ ਨੇ, ਸਣੇ ਘੋੜੇ ਸਵਾਰ ਦੇ ਉਤੇ ਹੱਲਾ ਕਰਕੇ ਦੋਹਾਂ ਨੂੰ ਮਾਰ ਦਿੰਦੇ ਨੇ। ਇਥੇ ਨਾ ਕੋਈ ਕਿਸੇ ਯੋਧੇ ਦਾ ਕਰਤੱਬ ਕੁਛ ਕਰਦੈ, ਨਾ ਕੋਈ ਪੇਸ਼ ਜਾਂਦੀ ਹੈ। ਸੋ ਆਪ ਦੇ ਚਰਨਾਂ 'ਚ ਬੇਨਤੀ ਹੈ ਕਿ ਆਪ ਸਮਰੱਥ ਪੁਰਸ਼ ਹੋਂ। ਜੇ ਦੂਜੇ ਰਸਤਿਓਂ ਚੱਲੀਏ ਤਾਂ ਚੰਗਾ ਹੈ।

ਮਹਾਰਾਜ ਜੀ ਕਹਿਣ ਲੱਗੇ, ਭਾਈ ਨਿਹਾਲਿਆ! ਇਥੇ ਖੜ੍ਹ ਉਰੇ ਹੀ। ਅਸੀਂ ਓਧਰ ਦੀ ਹੋ ਕੇ ਆ ਜਾਂਦੇ ਹਾਂ। ਮਹਾਰਾਜ ਪਿੱਛੇ ਮੁੜ ਕੇ ਰਸਤਾ ਉਥੋਂ ਮੁੜਦਾ ਸੀ। ਦੂਸਰੇ ਰਸਤਿਓਂ ਜਿਹੜਾ ਰਸਤਾ ਠੀਕ ਸੀ, ਉਥੋਂ ਦੀ ਹੋ ਕੇ ਪਹਾੜ ਦੇ ਉਤੇ ਦੀ ਘੁੰਮੇ, ਜਿੱਥੇ ਜਾਣਾ ਸੀ ਮਹਾਰਾਜ ਜੀ ਨੇ ਉਥੇ ਚਲੇ ਗਏ। ਕਿਉਂਕਿ ਮਹਾਰਾਜ ਜੀ ਨੇ ਉਥੇ ਬੜੇ ਕੌਤਕ ਕਰੇ। ਬੜੇ ਪੀਰਾਂ ਨੂੰ ਮਿਲੇ। ਸਾਨੂੰ ਪਤਾ ਨਹੀਂ ਇਹਨਾਂ ਗੱਲਾਂ ਦਾ।

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਜੀਵਨ 'ਚ ਆਉਂਦੈ ਕਿ ਆਪ ਇਕ ਵਾਰੀ ਇਹਨਾਂ ਪਹਾੜਾਂ 'ਤੇ ਚਲੇ ਗਏ ਕਿ ਕੋਈ ਸਥਾਨ ਹੋਵੇ ਗੁਰੂ ਮਹਾਰਾਜ ਦਾ, ਕਿਉਂਕਿ ਉਹ ਇਥੇ ਘੁੰਮਦੇ ਰਹੇ ਨੇ ਤਾਂ ਪਤਾ ਲੱਗਿਆ ਕਿ ਇਕ ਪਹਾੜੀ ਦੇ ਉਤੇ ਇਕ ਪੀਰ ਰਹਿੰਦਾ ਸੀ ਉਹਨਾਂ ਦਿਨਾਂ 'ਚ। ਉਹਦਾ ਮਜ਼ਾਰ ਬਣਿਆ ਹੋਇਆ ਹੈ। ਆਪ ਉਥੇ ਚਲੇ ਗਏ ਤਾਂ ਉਥੇ ਜਿਹੜਾ ਉਸ ਵੇਲੇ ਦਾ ਪੀਰ ਸੀ ਉਹ ਕਹਿਣ ਲੱਗਿਆ ਕਿ ਭਾਈ ਸਾਹਿਬ! ਮੇਰੇ ਮੁਰਸ਼ਦ ਕੋਲ ਆਏ ਸੀ ਇਥੇ। ਰੂਹਾਨੀ ਬਾਤਚੀਤ ਉਹਨਾਂ ਨਾਲ ਹੋਈ ਸੀ ਤੇ ਗੁਰੂ ਮਹਾਰਾਜ ਜਿਥੇ ਬੈਠੇ ਸੀ ਉਹ ਬਾਅਦ ਵਿਚ ਅਸੀਂ ਉੱਚਾ ਥੜ੍ਹਾ ਬਣਾ ਦਿਤਾ ਦੋ ਫੁੱਟ ਦਾ, ਆਹ ਥੜ੍ਹਾ ਹੈ ਚਾਰ ਫੁੱਟ ਮੁਰੱਬੇ ਦਾ। ਇਥੇ ਬੈਠੇ ਸੀਗੇ ਗੁਰੂ ਮਹਾਰਾਜ। ਕਹਿੰਦੇ ਫੇਰ?

ਕਹਿੰਦੇ, ਹੁਣੇ ਹੀ ਇਕ ਕੌਤਕ ਵਰਤਿਐ, ਥੋੜ੍ਹੇ ਹੀ ਦਿਨ ਹੋਏ। ਉਹ ਇਹ ਵਰਤਿਆ ਕਿ ਇਥੇ ਆ ਕੇ ਇਕ ਬੱਚਾ ਸ਼ਰਾਰਤਾਂ ਕਰਨ ਲਗ ਗਿਆ। ਬੇਅਦਬੀ ਕਰੀ ਉਸ ਨੇ ਇਸ ਥੜ੍ਹੇ ਦੀ। ਜੋੜਿਆਂ ਸਣੇ ਉਤੇ ਚੜ੍ਹ ਗਿਆ। ਨਾ ਹਟਿਆ ਸਾਡਾ ਹਟਾਇਆ ਹੋਇਆ, ਅਖੀਰ ਉਹ ਕਿਸੇ ਰੂਹ ਨੇ ਫੜ ਲਿਆ। ਉਹਦਾ ਬਹੁਤ ਬੁਰਾ ਹਾਲ ਹੋ ਗਿਆ। ਮਰਨ ਵਾਲਾ ਹੋ ਗਿਆ। ਉਹ ਕੁਛ ਬੋਲਦਾ ਸੀ ਪੰਜਾਬੀ 'ਚ।

ਕਹਿੰਦੇ, ਹੇਠਾਂ ਪੰਜਾਬੀ ਲੋਕ ਰਹਿੰਦੇ ਨੇ, ਉਥੇ ਗਏ ਪਿੰਡ ਵਾਲੇ ਸਾਰੇ ਇਕੱਠੇ ਹੋ ਕੇ। ਉਹਨਾਂ ਨੂੰ ਲਿਆਏ, ਤੇ ਉਹਨਾਂ ਨੂੰ ਕਿਹਾ ਕਿ ਦੇਖੋ, ਇਹ ਕੀ ਕਹਿੰਦੈ?

ਉਹਨਾਂ ਨੇ ਪੁਛਿਆ ਕਿ ਕੀ ਕਹਿੰਦੇ ਹੋਂ ਤੁਸੀਂ?

ਕਹਿੰਦੇ, ਚੰਗਾ ਹੋਇਆ ਤੂੰ ਆਇਆ, ਇਹਨਾਂ ਨੂੰ ਦਸ ਦੇ ਕਿ ਗੁਰੂ ਛੇਵੇਂ ਪਾਤਸ਼ਾਹ ਜਿਸ ਥਾਂ ਦੇ ਉਤੇ ਬੈਠੇ ਸੀ, ਉਹਦੀ ਬੇਅਦਬੀ ਕੀਤੀ ਹੈ। ਅਸੀਂ ਸ਼ਹੀਦ ਸਿੰਘ ਹਾਂ, ਸਾਡਾ ਬੜੀ ਦੇਰ ਦਾ ਇਥੇ ਪਹਿਰਾ ਲੱਗਿਆ ਹੋਇਆ ਹੈ। ਇਸ ਅਸਥਾਨ ਦੀ ਅਸੀਂ ਬੇਅਦਬੀ ਨਹੀਂ ਹੋਣ ਦਿਤੀ ਕਦੀ ਵੀ। ਇਸ ਬੱਚੇ ਨੇ

ਬੇਅਦਬੀ ਕਰੀ ਹੈ, ਅਸੀਂ ਇਹ ਰੱਖਿਆ ਹੋਇਆ ਹੈ ਇਸ ਹਾਲਤ ਦੇ ਵਿਚ, ਸਾਡਾ ਹੀ ਫੜਿਆ ਹੋਇਆ ਹੈ।

ਉਹ ਪੰਜਾਬੀ ਜਿਹੜੇ ਬੁਲਾਏ ਹੋਏ ਸੀ ਉਹ ਕਹਿਣ ਲੱਗੇ ਕਿ ਤੁਸੀਂ ਕੋਈ ਕ੍ਰਿਪਾ ਵੀ ਕਰ ਸਕਦੇ ਹੋਂ? ਇਸ ਬੱਚੇ ਨੂੰ ਕਿਵੇਂ ਛੱਡ ਸਕਦੇ ਹੋਂ?

ਕਹਿੰਦੇ, ਸਾਰਾ ਪਿੰਡ ਹਾਮੀ ਭਰੇ ਤਾਂ ਛੱਡਾਂਗੇ। ਸਾਰਾ ਪਿੰਡ ਇਕੱਠਾ ਹੋ ਗਿਆ। ਕਹਿੰਦੇ, ਬਾਬਾ ਜੀ! ਹੁਕਮ ਕਰੋ।

ਕਹਿਣ ਲੱਗੇ, ਹੁਕਮ ਇਹ ਹੈ ਕਿ ਇਸ ਥੜ੍ਹੇ ਦੇ ਉਤੇ ਗੁਰੂ ਮਹਾਰਾਜ ਦਾ ਨਿਸ਼ਾਨ ਕਾਇਮ ਕਰੋ। ਫੇਰ ਅਸੀਂ ਛੱਡ ਦੇਵਾਂਗੇ। ਕਰੋ ਵਾਇਦਾ ਸਾਰੇ। ਕੋਈ ਕਨਾਲ ਜ਼ਮੀਨ ਦੇਵੋ, ਕੋਈ ਦੋ ਕਨਾਲ ਦੇਵੋ, ਆਲੇ ਦੁਆਲੇ ਜ਼ਮੀਨ ਛੱਡੋ ਇਹਦੇ।

ਭਾਈ ਸਾਹਿਬ ਨੇ ਜਦੋਂ ਇਹ ਬਾਤ ਸੁਣੀ, ਸਾਰਿਆਂ ਨੂੰ ਬੁਲਾਇਆ। ਨਿਰਣਾ ਕੀਤਾ। ਕਹਿੰਦੇ ਜੀ ਆਹ ਗੱਲ ਠੀਕ ਹੈ। ਉਹ ਕਹਿੰਦੇ, ਚੰਗਾ, ਅਸੀਂ ਵੀ ਇਸ ਥਾਂ 'ਤੇ ਆਪਣਾ ਧਨ ਲਾਉਂਦੇ ਹਾਂ, ਤੁਸੀਂ ਵੀ ਲਾਓ। ਆਪਾਂ ਇਕੱਠੇ ਹੋ ਕੇ ਯਾਦਗਾਰ ਬਣਾ ਦੇਈਏ। ਸੋ ਉਹਨਾਂ ਪਹਾੜੀਆਂ 'ਚ ਗੁਰੂ ਮਹਾਰਾਜ ਘੁੰਮਦੇ ਰਹੇ। ਕੁਛ ਤਾਂ ਸਾਨੂੰ ਪਤਾ ਹੈ, ਕੁਛ ਨਹੀਂ ਪਤਾ। ਬੇਮਤਲਬਾ ਨਹੀਂ ਸੀ ਸੈਰਾਂ ਕਰਦੇ। ਕੋਈ ਨਾ ਕੋਈ ਗੁਰੂ ਮਹਾਰਾਜ ਦੇ ਸਾਮ੍ਹਣੇ ਨਿਸ਼ਾਨਾ ਹੋਇਆ ਕਰਦਾ ਸੀ।

ਸੋ ਕਹਿਣ ਲੱਗੇ, ਭਾਈ ਨਿਹਾਲੇ! ਤੂੰ ਇਥੇ ਖੜ੍ਹ ਅਸੀਂ ਆਉਂਦੇ ਹਾਂ। ਦੂਜੇ ਪਾਸੇ ਦੀ ਜਦੋਂ ਮਹਾਰਾਜ ਜੀ ਗਏ, ਉਸ ਰਸਤੇ ਨਾਲ ਮੇਲ ਹੀ ਨਾ ਹੋਇਆ। ਉਹ ਰਸਤਾ ਮੁੜ ਕੇ ਸ੍ਰੀ ਨਗਰ ਨੂੰ ਆ ਗਿਆ। ਤਿੰਨ ਦਿਨ ਤਿੰਨ ਰਾਤਾਂ ਲੰਘ ਗਈਆਂ।

ਮਹਾਰਾਜ ਕਹਿੰਦੇ, ਭਾਈ ਨਿਹਾਲਾ ਨਹੀਂ ਨਜ਼ਰ ਆਉਂਦਾ?

ਕਹਿੰਦੇ, ਸੱਚੇ ਪਾਤਸ਼ਾਹ! ਤੁਸੀਂ ਜਾਣੀ ਜਾਣ ਹੋਂ। ਜਿਥੇ ਆਪ ਨੇ ਉਸ ਨੂੰ ਕਿਹਾ ਸੀ ਕਿ ਖੜ੍ਹਾ ਰਹਿ। ਕਹਿੰਦੇ, ਉਥੇ ਸ਼ੇਰ ਆਦਮੀ ਨੂੰ ਖਾਂਦੇ ਨੇ। ਹੋ ਸਕਦਾ ਹੈ ਕਿ ਸ਼ੇਰ ਨੇ ਨਾ ਕਿਤੇ ਖਾ ਲਿਆ ਹੋਵੇ।

ਮਹਾਰਾਜ ਉਸੇ ਵੇਲੇ ਘੋੜੇ 'ਤੇ ਸਵਾਰ ਹੋ ਕੇ ਉਸੇ ਥਾਂ 'ਤੇ ਪਹੁੰਚਦੇ ਨੇ। ਉਥੇ ਹੀ ਖੜ੍ਹਾ ਹੈ ਭਾਈ ਨਿਹਾਲਾ, ਇਕ ਇੰਚ ਇਧਰ ਨਹੀਂ ਹੋਇਆ ਇਕ ਇੰਚ ਓਧਰ ਨਹੀਂ ਹੋਇਆ।

ਘੋੜੇ ਤੋਂ ਉਤਰੇ ਗੁਰੂ ਮਹਾਰਾਜ। ਬੁੱਕਲ 'ਚ ਲੈ ਲਿਆ, ਗੁਰਸਿੱਖਾ! ਨਿਹਾਲ! ਨਿਹਾਲ! ਨਿਹਾਲ। ਕਿਉਂਕਿ ਹੁਕਮ ਮੰਨਿਐ ਗੁਰੂ ਦਾ ਉਸ ਨੇ।

ਕਿਉਂ ਮੰਨਿਆ?

ਕਿਉਂਕਿ ਉਹ ਪਿਆਰ ਵਿਚ ਸੀ ਗੁਰੂ ਦੇ। ***'ਸਤਿਗੁਰ ਕੀ ਸੇਵਾ ਚਾਕਰੀ ਜੇ ਚਲਹਿ ਸਤਿਗੁਰ ਭਾਇ ॥' (ਅੰਗ - 1246)*** ਪਿਆਰ ਵਿਚ ਰਹਿ ਕੇ ਚਲਦੈ। ਉਹਨੂੰ ਆਪਣੇ ਸਰੀਰ ਦੇ ਜਾਣ ਦਾ ਡਰ ਨਹੀਂ ਸੀ। ਹੁਕਮ ਦਾ ਸੀ -

*ਆਪੁ ਗਵਾਇ ਸਤਿਗੁਰੂ ਨੋ ਮਿਲੈ ਸਹਜੇ ਰਹੈ ਸਮਾਇ ॥*
*ਨਾਨਕ ਤਿਨ੍ਾ ਨਾਮੁ ਨ ਵੀਸਰੈ ਸਚੇ ਮੇਲਿ ਮਿਲਾਇ ॥ ੨ ॥*
*ਅੰਗ - ੧੨੪੬*

ਜਿਹੜਾ ਗਿਣਤੀ ਰਖਦੈ ਕਿ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ, ਇਹ ਨਹੀਂ ਕਰਨਾ ਚਾਹੀਦਾ। ਇਹਨਾਂ ਨੂੰ ਆਹ ਨਹੀਂ ਸੀ ਗੱਲ ਕਹਿਣੀ ਚਾਹੀਦੀ। ਪਹਿਲਾਂ ਤਾਂ ਉਹ ਸੇਵਕ ਹੀ ਨਹੀਂ ਹੁੰਦਾ, ਖਾਰਜ ਹੋ ਜਾਂਦੈ ਸੇਵਕੀ 'ਚੋਂ। ਕੋਈ ਸਬੰਧ ਹੀ ਨਹੀਂ ਰਹਿੰਦਾ। ਕਿਉਂਕਿ ਇਹ ਸਬੰਧ ਸਿਰਫ ਪਿਆਰ ਦਾ ਹੁੰਦੈ। ਪਿਆਰ ਹੋਵੇ, ਗਣਤ ਆ ਗਈ, ਉਹ ਟੁੱਟ ਜਾਇਆ ਕਰਦੈ -

*ਸਤਿਗੁਰ ਸੇਤੀ ਗਣਤ ਜਿ ਰਖੈ*
*ਹਲਤੁ ਪਲਤੁ ਸਭੁ ਤਿਸ ਕਾ ਗਇਆ ॥ ਅੰਗ - ੩੦੨*

ਮਹਾਰਾਜ ਕਹਿੰਦੇ ਆਹ ਸੰਸਾਰ ਵੀ ਗਿਆ ਤੇ ਅਗਲਾ ਵੀ ਗਿਆ -

*ਨਿਤ ਝਹੀਆ ਪਾਏ ਝਗੂ ਸੁਟੇ*
*ਝਖਦਾ ਝਖਦਾ ਝੜਿ ਪਇਆ॥ ਅੰਗ- ੩੦੨*

ਕਹਿੰਦੇ, ਦਿਮਾਗ ਫਿਰ ਜਾਂਦੈ। ਅਰਲ-ਬਰਲ ਮੂੰਹ ਤੋਂ ਕੱਢਦੈ ਤੇ ਖਤਮ ਹੋ ਜਾਇਆ ਕਰਦੈ। ਕਿਉਂਕਿ ਗੁਰ ਪੀਰਾਂ ਦੀ ਚਾਕਰੀ ਕੋਈ ਐਵੇਂ ਹੀ ਚਾਕਰੀ ਨਹੀਂ ਹੋਇਆ ਕਰਦੀ। ਬਹੁਤ ਵੱਡੀਆਂ ਬਰਕਤਾਂ, ਬਹੁਤ ਵੱਡੀਆਂ ਦਾਤਾਂ ਉਹਦੇ ਵਿਚ ਛੁਪੀਆਂ ਹੋਇਆ ਕਰਦੀਆਂ ਨੇ। ਸਭ ਤੋਂ ਵੱਡੀ ਦਾਤ ਨਾਮ ਦੀ ਦਾਤ ਹੋਇਆ ਕਰਦੀ ਹੈ।

ਕੌਡਾ ਰਾਕਸ਼, ਗੁਰੂ ਮਹਾਰਾਜ ਜਿਸ ਵਕਤ ਉਸ ਕੋਲ ਜਾਂਦੇ ਨੇ, ਮਰਦਾਨੇ ਨੂੰ ਛੁਡਾ ਲਿਆ। ਮਰਦਾਨਾ ਕਹਿਣ ਲੱਗਿਆ, ਮਹਾਰਾਜ! ਇਹ ਸ਼ੀਸ਼ਾ ਲੈ ਕੇ ਆਇਐ ਜਿਸ ਵਕਤ ਤੁਸੀਂ ਆਏ ਹੋਂ।

ਕਹਿੰਦੇ, ਤੂੰ ਪੁੱਛ ਲੈ।

ਕਹਿੰਦਾ, ਕਿਉਂ ਬਈ ਕੌਡੇ ਤੋਂ ਸ਼ੀਸ਼ਾ ਕਿਉਂ ਲਿਆਇਐਂ ਤੇ ਆਪਣੀ ਵਿਥਿਆ ਦਸ ਮਹਾਰਾਜ ਕੋਲ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਮੈਂ ਇਕ ਬਹੁਤ ਵੱਡਾ ਵਿਦਵਾਨ ਸੀ। ਮੇਰੀ ਵਿਦਵਤਾ ਦਾ ਡੰਕਾ ਸਾਰੇ ਇਲਾਕਿਆਂ 'ਚ ਵੱਜਿਆ ਹੋਇਆ ਸੀ। ਮੇਰੇ ਜਿਹੜੇ ਗੁਰੂ ਸੀ ਜਿਹਨਾਂ ਤੋਂ ਮੈਂ ਵਿਦਿਆ ਲਈ ਸੀ, ਵਿਦਿਆ ਗੁਰੂ। ਉਹ ਕਈ

ਵਾਰੀ ਜੁਬਾਨ ਦੇ ਹੇਰ-ਫੇਰ ਨਾਲ ਗਲਤ ਬੋਲ ਜਾਂਦੇ ਸੀ ਤੇ ਮੈਂ ਤਰਕ ਕਰਨੀ ਕਿ ਇਹਨਾਂ ਨੂੰ ਆਉਂਦਾ ਨਹੀਂ ਹੈ। ਇਕ ਵਾਰੀ ਗੁਰੂ ਆਏ ਤੇ ਸਾਰੇ ਲੋਕ ਖੜ੍ਹੇ ਹੋ ਗਏ ਤੇ ਮੈਂ ਨਾ ਖੜ੍ਹਾ ਹੋਇਆ। ਕਹਿੰਦਾ, ਉਸ ਵੇਲੇ ਉਹਨਾਂ ਨੇ ਮੈਨੂੰ ਕਿਹਾ ਕਿ ਕੌਡਿਆ! ਐਡਾ ਅਭਿਮਾਨ ਤੇਰੇ ਅੰਦਰ, ਚੰਗਾ ਜਾਹ, ਤੂੰ ਗੁਰੂ ਦੀ ਨਿਰਾਦਰੀ ਕਰੀ ਹੈ ਤੇ ਰਾਕਸ਼ਸ਼ ਬਣ ਜਾ, ਆਦਮੀ ਖਾਏਂਗਾ ਤੂੰ।

ਕਹਿੰਦਾ, ਮੈਂ ਚਰਨ ਫੜ੍ਹ ਲਏ, ਕਿਹਾ ਮਹਾਰਾਜ! ਕ੍ਰਿਪਾ ਕਰੋ ਕਿ ਮੈਂ ਇਸ ਸਰਾਪ ਤੋਂ ਕਦੋਂ ਛੁੱਟਾਂਗਾ। ਬਹੁਤ ਬੇਨਤੀਆਂ ਕਰਨ ਤੋਂ ਬਾਅਦ ਆਹ ਸ਼ੀਸ਼ਾ ਉਹਨਾਂ ਨੇ ਮੈਨੂੰ ਦਿਤਾ ਸੀ। ਕਹਿੰਦੇ, ਲੈ, ਖਾਣ ਤੋਂ ਪਹਿਲਾਂ ਤੂੰ ਇਹ ਸ਼ੀਸ਼ੇ 'ਚ ਦੇਖ ਲਿਆ ਕਰੀਂ। ਆਦਮੀ ਖਾਏਂਗਾ ਜਾਂ ਜਾਨਵਰ ਖਾਏਂਗਾ। ਤੈਨੂੰ ਜਿਹੜਾ ਆਦਮੀ ਲੱਗਿਆ ਉਹ ਨਾ ਖਾਈਂ।

ਕਹਿੰਦੇ, ਜਿਹਨੇ ਤੈਨੂੰ ਬਖਸ਼ਣਾ ਹੈ ਉਹ ਨਿਰਾ ਨੂਰ ਹੋਏਗਾ। ਜਦੋਂ ਸ਼ੀਸ਼ੇ 'ਚ ਤੇਰੇ ਝਿਲਮਿਲ-ਝਿਲਮਿਲ ਹੋਣ ਵਾਲੀ ਹਸਤੀ ਆ ਗਈ। ਉਦੋਂ ਹੀ ਚਰਨ ਫੜ ਲਈਂ, ਜਾਹ ਛੁੱਟ ਜਾਏਂਗਾ।

ਸੱਚੇ ਪਾਤਸ਼ਾਹ! ਬੰਦੇ ਮੈਂ ਬੜੇ ਖਾਧੇ। ਲੇਕਿਨ ਮੈਂ ਦੇਖ ਲੈਂਦਾ ਸੀ ਬੰਦਾ ਕੋਈ ਨਹੀਂ ਸੀ, ਕੋਈ ਭੇਡੂ ਸੀ, ਕੋਈ ਬੱਕਰਾ ਸੀ, ਕੋਈ ਮੁਰਗਾ ਸੀ, ਮੈਂ ਖਾਂਦਾ ਆਦਮੀ ਸੀ, ਸ਼ੀਸ਼ੇ 'ਚ ਮੁਰਦਾ ਹੀ ਦਿਸਦਾ ਸੀ। ਆਹ ਮਰਦਾਨਾ ਤੁਹਾਡਾ ਬੇਮੁਖ ਹੋ ਕੇ ਮਨੁੱਖਤਾ ਤੋਂ ਗਿਰ ਗਿਆ ਸੀ। ਤਾਂ ਮੈਂ ਇਹਨੂੰ ਖਾਨ ਲੱਗਿਆ ਸੀ। ਮਹਾਰਾਜ! ਜਦੋਂ ਤੁਸੀਂ ਆਏ ਹੋਂ, ਮੈਂ ਨੱਠ ਕੇ ਸ਼ੀਸ਼ੇ 'ਚ ਦੇਖਿਆ, ਤਾਂ ਨਿਰਾ ਤੁਸੀਂ ਨਜ਼ਰ ਆਏ। ਕ੍ਰਿਪਾ ਕਰੋ, ਮੇਰਾ ਸਰਾਪ ਬਖਸ਼ੋ।

ਮਹਾਰਾਜ ਨੇ ਬਖਸ਼ਿਸ਼ ਕਰਕੇ ਉਸ ਨੂੰ ਮੰਜੀ 'ਤੇ ਬਿਠਾ ਦਿਤਾ। ਕਹਿੰਦੇ, ਲੈ ਕੌਡਿਆ! ਅਸੀਂ ਤੈਨੂੰ ਤੇਰੀ ਗਵਾਈ ਹੋਈ ਚੀਜ਼ ਵਾਪਸ ਕਰਾਉਂਦੇ ਹਾਂ, ਉਸ ਤੋਂ ਵੀ ਵੱਧ ਤੈਨੂੰ 'ਨਾਮ' ਦਿੰਨੇ ਹਾਂ। ਬੋਲ ਸਾਮ੍ਹਣੇ ਬੈਠ ਕੇ, 'ਕਹਿ ਵਾਹਿਗੁਰੂ, ਕਹਿ ਵਾਹਿਗੁਰੂ'। ਵਾਹਿਗੁਰੂ ਕਹਾਉਣਾ ਕੀ ਸੀ, ਅੰਗੂਠੇ ਤੋਂ ਲੈ ਕੇ ਸਿਰ ਦੀ ਚੋਟੀ ਤਕ ਝਰਨਾਹਟ ਹੋਈ ਸਰੀਰ 'ਚ, ਨੂਰ ਹੀ ਨੂਰ ਹੋ ਗਿਆ। ਰਾਖਸ਼ਸ਼ਪੁਣਾ ਮਰ ਗਿਆ। ਮੁੜ ਕੇ ਉਥੇ ਹੀ ਆ ਗਿਆ।

ਗਲਤੀ ਕੀ ਕੀਤੀ ਸੀ? ਨਿਰਾਦਰੀ ਕਰੀ ਸੀ ਆਪਣੇ ਗੁਰੂ ਦੀ।

ਇਸੇ ਤਰ੍ਹਾਂ ਦੇ ਨਾਲ ਗੁਰੂ ਛੇਵੇਂ ਪਾਤਸ਼ਾਹ ਦੇ ਉਤੇ ਸਪੇਰੇ ਨੇ ਸੱਪ ਸੁੱਟਿਆ। ਮਹਾਰਾਜ ਜੀ ਰੁੜਦੇ-ਰੁੜਦੇ ਉਥੇ ਆ ਗਏ। ਸੱਪ ਓਧਰ ਗਿਆ ਤਾਂ ਮਹਾਰਾਜ ਨੇ ਫੜ ਲਿਆ ਫਣ ਤੋਂ। ਘਸਾ ਦਿਤਾ ਧਰਤੀ ਨਾਲ ਸੱਪ ਨੂੰ। ਐਨੇ ਜ਼ੋਰ ਦੀ ਹੱਥ ਨਾਲ ਘੁੱਟਿਆ ਕਿ ਸਾਰੇ ਹੈਰਾਨ ਹੋ ਗਏ ਕਿ ਇਹ ਬੱਚਾ ਹੈ ਤੇ ਐਨਾ ਬਲ ਇਹਦੇ ਵਿਚ। ਸੱਪ ਮਰ ਗਿਆ।

ਗੁਰੂ ਪੰਜਵੇਂ ਪਾਤਸ਼ਾਹ ਆ ਗਏ।

ਕਹਿੰਦੇ, ਜੀ ਆਪ ਸੱਪ ਮਰ ਗਿਆ। ਸਾਹਿਬਜ਼ਾਦਾ ਜੀ ਨੇ ਘੁੱਟ ਕੇ ਮਾਰ ਦਿਤਾ।

ਮਹਾਰਾਜ ਅੰਤਰਧਿਆਨ ਹੋ ਕੇ ਕਹਿਣ ਲੱਗੇ ਪਿਆਰਿਓ! ਇਸ ਸਰਪ ਦਾ ਕਾਲ ਇਹਨਾਂ ਦੇ ਹੱਥੋਂ ਹੀ ਹੋਣਾ ਸੀ। ਸਿੱਖ ਕਹਿਣ ਲੱਗੇ, ਮਹਾਰਾਜ! ਸਾਨੂੰ ਵੀ ਪਤਾ ਲੱਗੇ ਕੁਛ?

ਸਰਪ ਦੀ ਰੂਹ ਨੂੰ ਰੋਕ ਲਿਆ। ਕਹਿੰਦੇ, ਆਪਣੀ ਵਿਥਿਆ ਦਸ। ਉਹ ਕਹਿਣ ਲੱਗਿਆ, ਮਹਾਰਾਜ! ਮੈਂ ਵੇਦ ਪਾਠੀ ਹਾਂ। ਵੇਦ ਦੇ ਅਰਥ ਕਰਦਾ ਸੀ। ਤੇ ਇਕ ਵਾਰੀ ਮਹਾਤਮਾ ਆਏ ਤਾਂ ਮੈਂ ਕਿਹਾ ਕਿ ਇਹ ਤਾਂ ਅਨਪੜ੍ਹ ਹੁੰਦੇ ਨੇ। ਮੈਂ ਸਤਿਕਾਰ ਨਾ ਕਰਿਆ ਉਹਨਾਂ ਦਾ। ਉਹ ਮੇਰਾ ਅਭਿਮਾਨ ਦੇਖ ਕੇ ਮੈਨੂੰ ਕਹਿਣ ਲੱਗੇ ਕਿ ਤੂੰ ਤਾਂ ਸੱਪ ਵਾਂਗੂੰ ਅਹੰਕਾਰੀ ਹੋਇਆ-ਹੋਇਆ ਹੈਂ। ਸੱਪ ਬਣਨਾ ਪੈਣਾ ਹੈ ਤੈਨੂੰ। ਕਹਿੰਦਾ, ਲੈ ਬਈ ਸਰਾਪ ਮਿਲ ਗਿਆ। ਬੇਨਤੀ ਕਰੀ ਕਿ ਮਹਾਰਾਜ! ਕਦੇ ਬਖਸ਼ਿਆ ਵੀ ਜਾਵਾਂਗਾ? ਉਹਨਾਂ ਨੇ ਕਿਹਾ, ਹਾਂ, ਛੇਵੇਂ ਜਾਮੇ 'ਚ ਸ੍ਰੀ ਗੁਰੂ ਨਾਨਕ ਜੀ ਆਉਣਗੇ ਬਾਲ ਰੂਪ ਦੇ ਵਿਚ, ਸਪੇਰਾ ਤੈਨੂੰ ਉਹਨਾਂ ਦੇ ਉਤੇ ਛੱਡੇਗਾ। ਤੇਰਾ ਕਲਿਆਣ ਉਹਨਾਂ ਦੇ ਹੱਥ ਲੱਗਣ ਨਾਲ ਹੋਏਗਾ। ਸੋ ਮਹਾਰਾਜ! ਮੇਰਾ ਸਰਾਪ ਖਤਮ ਹੋਇਆ ਤੇ ਮੈਨੂੰ ਪਿਛਲੀ ਬੁੱਧੀ ਸਾਰੀ ਆ ਗਈ ਹੈ, ਆਪ ਦੀ ਬੜੀ ਭਾਰੀ ਕ੍ਰਿਪਾ ਹੋਈ ਹੈ।

ਕਿਉਂ ਇਹ ਚੀਜ਼ਾਂ ਹੋਈਆਂ, ਕਿਉਂਕਿ ਆਪਣੇ ਮਹਾਤਮਾ ਦੇ ਨਾਲ ਗਣਤ ਰਖਦੇ ਸੀ ਇਹ। ਇਸ ਕਰਕੇ ਮਹਾਰਾਜ ਕਹਿੰਦੇ ਨੇ ਕਿ ਜੇ ਲੈਣਾ ਹੈ ਕੁਛ ਤਾਂ ਸੇਵਾ ਕਰ। ਸੇਵਾ ਕਰਕੇ ਮਿਲ ਜਾਏਗਾ ਤੈਨੂੰ। ਚਾਕਰੀ ਹੈ ਬਹੁਤ ਕਰੜੀ। ਜੇ ਲੈਣ ਆਉਣੈ ਤਾਂ ਉਹਨਾਂ ਕੋਲ ਜਾਹ। ਹੋਰ ਚੀਜ਼ ਮਨ 'ਚ ਧਾਰ ਕੇ ਨਾ ਉਹਨਾਂ ਕੋਲ ਜਾਹ। ਹੋਰ ਕੁਛ ਧਾਰ ਕੇ ਜਾਏਂਗਾ, ਨਿਰਾਸ਼ਾ 'ਚ ਆਏਂਗਾ। ਸੋ ਇਸ ਤਰ੍ਹਾਂ ਸੇਵਾ, ਸਭ ਤੋਂ ਵੱਡੀ ਸੇਵਾ ਜੋ ਮਹਾਰਾਜ ਨੇ ਪਰਵਾਨ ਕਰੀ ਹੈ, ਉਹ ਕਹਿੰਦੇ ਸਤਿਗੁਰੂ ਦਾ ਹੁਕਮ ਮੰਨਣ ਵਿਚ ਹੈ। ਹੁਕਮ ਮੰਨਣਾ ਸਭ ਤੋਂ ਵੱਡੀ ਸੇਵਾ ਹੈ-

*ਹੁਕਮਿ ਮੰਨਿਐ ਹੋਵੈ ਪਰਵਾਣੁ*
*ਤਾ ਖਸਮੈ ਕਾ ਮਹਲੁ ਪਾਇਸੀ ॥* *ਅੰਗ - ੪੭੧*

ਜਿਹੜਾ ਸਲਾਮ ਵੀ ਕਰੇ ਤੇ ਜਵਾਬ ਵੀ ਦੇ ਦੇਵੇ। ਮਹਾਰਾਜ ਕਹਿੰਦੇ, ਉਹਦੀ ਜੜ੍ਹ ਨਹੀਂ ਲੱਗਿਆ ਕਰਦੀ-

*ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥*
*ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ॥ ੨ ॥*
*ਅੰਗ – ੪੭੪*

ਸੋ ਥਾਂ ਨਹੀਂ ਇਹ ਪਿਆ ਕਰਦੀ –

*ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥*
*ਗੁਰ ਕੀ ਆਗਿਆ ਮਨ ਮਹਿ ਸਹੈ ॥ ਅੰਗ – ੨੮੬*

ਪੁੱਠੀ ਵੀ ਆਗਿਆ ਹੈ, ਸਿੱਧੀ ਵੀ ਆਗਿਆ ਹੈ। ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਜਾ ਰਹੇ ਨੇ, ਦੇਖਿਆ ਆਪ ਨੇ, ਕਹਿਣ ਲੱਗੇ, ਸੰਗਤਾਂ ਨੇ ਆਉਣਾ ਹੈ। ਕੰਧਾਂ ਵਾਸਤੇ ਪੱਥਰ ਚੁਕ ਲਓ, ਬਿਆਸਾ ਦਰਿਆ 'ਚੋਂ।

ਹੁਕਮ ਹੋ ਗਿਆ, ਤੀਸਰੇ ਦਿਨ ਮਹਾਰਾਜ ਜੀ ਜਦੋਂ ਫੇਰ ਉਥੇ ਆਏ, ਕੀ ਦੇਖਦੇ ਨੇ ਕਿ ਲੱਗਿਆ ਪਿਆ ਹੈ ਦਿਨ ਰਾਤ ਗੁਰਸਿੱਖ, ਸੇਵਾ ਕਰ ਰਿਹੈ। ਉਸ ਵੇਲੇ ਮਹਾਰਾਜ ਕਹਿਣ ਲੱਗੇ ਕਿ ਭਾਈ! ਤੂੰ ਸਿੰਘ ਨਾਲ ਲਾ ਲੈਣੇ ਸੀਗੇ। ਭਾਈ ਚੂਹੜ ਕਹਿਣ ਲੱਗੇ, ਮਹਾਰਾਜ! ਆਪ ਨੇ ਹੁਕਮ ਤਾਂ ਮੈਨੂੰ ਕਰਿਆ ਸੀ। ਤਿੰਨ ਰਾਤਾਂ ਤਿੰਨ ਦਿਨ ਲੰਘ ਗਏ ਸੀ, ਪੱਥਰ ਢੋਈ ਜਾਂਦਾ ਸੀ, ਇਕੋ ਆਵਾਜ਼ ਆਉਂਦੀ ਸੀ 'ਸਤਿਨਾਮੁ ਵਾਹਿਗੁਰੂ-ਸਤਿਨਾਮੁ ਵਾਹਿਗੁਰੂ'। ਮਹਾਰਾਜ ਨੇ ਸੇਵਾ ਦੇਖ ਕੇ ਨਿਹਾਲ ਕਰ ਦਿਤਾ।

ਭਾਈ ਖੁਸ਼ਹਾਲੀ ਨਾਲ ਮਹਾਰਾਜ ਬੈਠੇ ਨੇ। ਕਹਿੰਦੇ, ਭਾਈ ਖੁਸ਼ਹਾਲੀ! ਜੇ ਇਥੇ ਸਰਕੜਾ ਆ ਜਾਵੇ ਤਾਂ ਛੱਪਰ ਪੈ ਜਾਣਗੇ। ਚੌਮਾਸੇ ਤੋਂ ਪਹਿਲਾਂ-ਪਹਿਲਾਂ ਸੰਗਤਾਂ ਨੂੰ ਠਹਿਰਣ ਦਾ ਥਾਂ ਬਣ ਜਾਵੇ। ਭਾਈ ਖੁਸ਼ਹਾਲੀ ਦਾਤਰੀ ਲੈ ਕੇ ਸਰਕੜਾ ਕੱਟਣ ਲੱਗ ਗਿਆ। ਤਿੰਨ ਦਿਨ ਕੱਟੀ ਜਾਂਦੈ, ਤਿੰਨ ਰਾਤਾਂ ਲੰਘ ਗਈਆਂ। ਗੁਰੂ ਮਹਾਰਾਜ ਜੀ ਨੂੰ ਪਤਾ ਲੱਗਿਆ, ਮਹਾਰਾਜ ਜੀ ਕਹਿਣ ਲੱਗੇ, ਭਾਈ ਖੁਸ਼ਹਾਲੀ ਸੰਗਤ ਨਾਲ ਲਾ ਲੈਣੀ ਸੀ।

ਕਹਿਣ ਲੱਗਿਆ, ਸੱਚੇ ਪਾਤਸ਼ਾਹ! ਆਪ ਦਾ ਹੁਕਮ ਸੀ ਤੁਸੀਂ ਕਿਹਾ ਕਿ ਸਿੱਖ ਲਾ ਲੈ ਭਾਈ ਕੋਈ, ਸਰਕੜਾ ਕੱਟਣੈ। ਸੱਚੇ ਪਾਤਸ਼ਾਹ! ਮੈਂ ਵੀ ਆਪ ਦਾ ਸਿੱਖ ਹਾਂ।

ਸੋ ਆਗਿਆ ਮੰਨਣੀ ਹੈ ਜਿਹੜੀ ਉਹਦੇ ਬਾਰੇ ਮਹਾਰਾਜ ਜੀ ਦਾ ਐਸਾ ਫੁਰਮਾਨ ਹੈ –

*ਧਾਰਨਾ – ਆਗਿਆ ਸਮ ਨਹੀਂ ਜੀ,*
*ਸਾਹਿਬ ਸੇਵਾ-ਸਾਹਿਬ ਸੇਵਾ।*

ਇਕ ਮਹਾਤਮਾ ਅਭਿਆਸ ਕਰਾ ਰਹੇ ਸੀ, ਆਗਿਆ ਮੰਨਣ ਦੀ। ਬਹੁਤ ਸਾਰੇ ਸੇਵਕ ਸੀ। ਆਪ ਨਾਲ ਲੈ ਕੇ ਤੁਰ ਜਾਣਾ। ਅਚਾਨਕ ਕਹਿ ਦੇਣਾ 'ਰੁਕੋ।' ਉਥੇ ਹੀ ਖੜ੍ਹੇ ਰਹਿੰਦੇ ਸੀ। ਪ੍ਰਸ਼ਾਦਾ ਛਕਣ ਲੱਗੇ, ਕੋਈ ਬੁਰਕੀ ਪਾ ਰਿਹੈ, ਕੋਈ ਤੁਰ ਰਿਹੈ, ਉਹਨਾਂ ਨੇ ਬਚਨ ਕਰ ਦਿਤਾ ਕਿ 'ਰੁਕੋ।' ਉਥੇ ਹੀ ਖੜ੍ਹ ਜਾਣਾ। ਸਾਰੇ ਹੀ ਮੰਨ ਲੈਂਦੇ ਸੀ। ਇਕ ਦਿਨ ਐਸਾ ਹੋਇਆ ਕਿ ਨਹਿਰ ਵਿਚ ਦੀ ਲੰਘ ਰਹੇ ਸੀ, ਉਤਰੀ ਹੋਈ ਸੀ ਨਹਿਰ। ਕੁਛ ਤਾਂ ਪਰਲੇ ਪਾਸੇ ਪੱਨੀ 'ਤੇ ਜਾਣ ਵਾਲੇ ਹੋ ਗਏ। ਕੁਛ ਵਿਚ ਸੀ, ਕੁਛ ਹਾਲੇ ਇਧਰ ਹੀ ਸੀ। ਮਹਾਤਮਾ ਨੇ ਕਿਹਾ, ਰੁਕੋ। ਕਹਿ ਕੇ ਉਥੋਂ ਤੁਰ ਆਏ। ਦੂਰ ਬੈਠੇ ਦੇਖਦੇ ਸੀ। ਉਵੇਂ ਜਿਵੇਂ ਬੁੱਤ ਬਣੇ ਖੜ੍ਹੇ ਨੇ ਸਾਰੇ। ਉਸ ਤੋਂ ਬਾਅਦ ਕੁਦਰਤ ਐਸੀ ਹੋਈ ਪਾਣੀ ਛੱਡ ਦਿਤਾ ਨਹਿਰ ਵਾਲਿਆਂ ਨੇ। ਪਾਣੀ ਚੜ੍ਹਨਾ ਸ਼ੁਰੂ ਹੋ ਗਿਆ। ਜਿਹੜੇ ਵਿਚਕਾਰਲੀ ਧਾਰ 'ਚ ਖੜ੍ਹੇ ਸੀ। ਉਹਨਾਂ ਨੇ ਕਿਹਾ ਕਿ ਫੇਰ ਤਾਂ ਨਿਕਲ ਹੀ ਨਹੀਂ ਹੋਣਾ। ਰੋੜ ਕੇ ਲੈ ਜਾਣੈ ਪਾਣੀ ਨੇ। ਕਿਉਂ ਨਾ ਜਾਨ ਬਚਾਈਏ, ਉਹ ਨਿਕਲ ਆਏ ਬਾਹਰ। ਜਿਹੜੇ ਦੂਜੇ ਸੀ ਉਹ ਵੀ ਨਿਕਲਣ ਲਗ ਗਏ। ਸਾਰੇ ਨਿਕਲ ਆਏ।

ਮਹਾਤਮਾ ਨੂੰ ਦਸਿਆ ਕਿ ਮਹਾਰਾਜ! ਉਹ ਤਾਂ ਨਹਿਰ ਭਰ ਗਈ। ਇਕ ਪ੍ਰੇਮੀ ਅਜੇ ਖੜ੍ਹਾ ਸੀ ਵਿਚ, ਪਾਣੀ ਹੌਲੀ-ਹੌਲੀ ਵਧ ਰਿਹਾ ਸੀ। ਉਹਦੇ ਠੋਡੀ ਨੂੰ ਪਾਣੀ ਲਗ ਗਿਆ। ਉਹ ਮਹਾਤਮਾ ਆ ਗਏ। ਕਹਿੰਦੇ, ਬਾਹਰ ਆ ਜਾ। ਸਾਰੇ ਸੇਵਕਾਂ ਨੂੰ ਕਹਿੰਦੇ, ਤੁਸੀਂ ਸਭ ਫੇਲ੍ਹ, ਇਹ ਪਾਸ। ਇਕ ਪਾਸ ਹੋਇਆ ਉਹਦੇ ਵਿਚ। ਆਗਿਆ ਵੱਡੀ ਚੀਜ਼ ਹੈ। ਮਹਾਤਮਾ ਦੀ ਆਗਿਆ, ਗੁਰੂ ਦੀ ਆਗਿਆ।

ਗੁਰੂ ਚੌਥੇ ਮਹਾਰਾਜ ਬਹੁਤ ਸੇਵਾ ਕਰ ਰਹੇ ਨੇ, ਗੁਰੂ ਅਮਰਦਾਸ ਮਹਾਰਾਜ ਜੀ ਦੀ। ਇਕ ਦਿਨ ਮਹਾਰਾਜ ਜੀ ਕਹਿਣ ਲੱਗੇ ਬੀਬੀ ਭਾਨੀ ਨੂੰ ਕਿ ਬੇਟਾ! ਰਾਮਦਾਸ ਜੀ ਦੀ ਉਮਰ ਤਾਂ ਕੱਲ੍ਹ ਨੂੰ ਪੂਰੀ ਹੋ ਰਹੀ ਹੈ। ਤੁਸੀਂ ਕਿਸ ਤਰ੍ਹਾਂ ਗੁਜ਼ਾਰਾ ਕਰੋਂਗੇ। ਕਹਿਣ ਲੱਗੀ, ਪਾਤਸ਼ਾਹ! ਤੁਹਾਡੇ ਹੁਕਮ ਦੇ ਵਿਚ ਆਉਣਾ, ਹੁਕਮ ਵਿਚ ਜਾਣਾ।

"ਨਾ ਬੀਬਾ! ਮੈਂ ਤਾਂ ਇਸ ਤਰ੍ਹਾ ਪੁਛਦਾ ਹਾਂ ਕਿ ਤੇਰੇ ਤਿੰਨ ਬੱਚੇ ਨੇ। ਛੋਟੇ-ਛੋਟੇ ਨੇ ਅਜੇ, ਗੁਜ਼ਾਰਾ ਕਿਵੇਂ ਕਰੋਂਗੇ।"

ਕਹਿਣ ਲੱਗੇ, ਪਾਤਸ਼ਾਹ! ਆਪ ਦੇ ਲੰਗਰ ਦੇ ਬਰਤਨ ਮਾਂਜੂੰਗੀ, ਝਾੜੂ ਦੇਵਾਂਗੀ, ਪ੍ਰਸ਼ਾਦੇ ਲਾਹਵਾਂਗੀ, ਬਸਤਰ ਧੋਵਾਂਗੀ; ਹੋਰ ਵੀ ਜੋ ਕਾਰਜ ਹੋਏਗਾ। ਸੇਵਾ ਕਰਕੇ ਮੈਂ ਨਿਰਭਾਹ ਕਰ ਲਵਾਂਗੀ ਆਪਣਾ। ਕੁਛ ਵੀ ਨਹੀਂ ਮੈਨੂੰ ਚਾਹੀਦਾ। ਸਿਰਫ ਪ੍ਰਸ਼ਾਦ ਪਾਣੀ ਮਿਲਦਾ ਰਹੇ, ਐਨਾ ਹੀ ਬਹੁਤ ਹੈ।

ਮਹਾਰਾਜ ਜੀ ਦੇ ਨੇਤਰਾਂ ਵਿਚ ਕੁਛ ਜਲ ਦਾ ਨਿਸ਼ਾਨ ਦਿਸਿਆ। ਪਿਆਰ ਦੀ ਭਾਵਨਾ 'ਚ ਆ ਗਏ। ਕਹਿਣ ਲੱਗੇ, ਬੇਟਾ! ਛੇ ਸਾਲ, ਕੁਛ ਮਹੀਨੇ, ਕੁਛ ਦਿਨ ਉਹਨਾਂ ਦੀ ਉਮਰ ਰਹਿੰਦੀ ਹੈ। ਐਨੀ ਹੀ ਮੇਰੀ ਉਮਰ ਬਚਦੀ ਹੈ। ਅੱਜ ਤੇ ਮੈਂ ਆਪਣੀ ਉਮਰ ਉਹਨਾਂ ਨੂੰ ਦੇ ਕੇ ਕੱਲ੍ਹ ਨੂੰ ਸੱਚਖੰਡ ਚਲੇ ਜਾਣੈ। ਉਸੇ ਵੇਲੇ

ਮਹਾਰਾਜ ਨੇ ਹੁਕਮ ਕਰ ਦਿਤਾ, ਆਪ ਨੇ ਉਸੇ ਵੇਲੇ ਗੱਦੀ ਗੁਰੂ ਰਾਮਦਾਸ ਮਹਾਰਾਜ ਜੀ ਨੂੰ ਸੰਭਾਲ ਕੇ ਆਪ ਜੋਤੀ ਜੋਤ ਸਮਾ ਗਏ। ਪ੍ਰਿਥੀ ਚੰਦ ਉਸ ਵੇਲੇ ਕੁਛ ਵੱਡਾ ਸੀ। ਬੜੇ ਧਿਆਨ ਨਾਲ ਉਸ ਨੇ ਸੁਣੀ ਗੱਲ। ਇਧਰ ਸੇਵਾ ਕਰਦੇ ਗੁਰੂ ਰਾਮਦਾਸ ਜੀ ਮਹਾਰਾਜ, ਗੁਰਿਆਈ ਦੇ ਉਤੇ ਸੰਗਤਾਂ ਦਾ ਉਧਾਰ ਕਰ ਰਹੇ ਨੇ ਤੇ ਅੱਜ ਉਹਨਾਂ ਦਾ ਭਰਾ ਲਾਹੌਰ ਤੋਂ ਆਇਆ। ਆ ਕੇ ਕਹਿਣ ਲੱਗਿਆ ਮਹਾਰਾਜ! ਮੇਰੇ ਲੜਕੇ ਦੀ ਸ਼ਾਦੀ ਹੈ। ਕ੍ਰਿਪਾ ਕਰਕੇ ਆਪ ਚੱਲੋ। ਮਹਾਰਾਜ ਕਹਿਣ ਲੱਗੇ ਕਿ ਭ੍ਰਾਤਾ! ਸਾਡੇ ਜਾਣ ਦੇ ਨਾਲ ਤੈਨੂੰ ਬਹੁਤ ਖੇਚਲ ਹੋਏਗੀ। ਕਿਉਂਕਿ ਸੰਗਤਾਂ ਨੇ ਤਾਂ ਉਥੇ ਆਉਣਾ ਹੀ ਆਉਣਾ ਹੈ, ਉਥੇ ਆਉਣ ਲਗ ਜਾਣਗੀਆਂ। ਲੰਗਰ ਚਲਣਗੇ, ਸਾਂਭ ਸੰਭਾਲ ਦਾ ਕੰਮ ਔਖਾ ਹੋ ਜਾਏਗਾ। ਤੇਰਾ ਵਿਆਹ ਦਾ ਕਾਰਜ ਦਾ ਕੰਮ ਹੈ। ਐਵੇਂ ਵਿਘਨ ਪਏਗਾ ਸਾਡੇ ਜਾਣ 'ਤੇ, ਲਾਹੌਰ ਦੀ ਸੰਗਤ ਹੀ ਬੇਅੰਤ ਹੈ। ਲੰਗਰ ਚੱਲਣਗੇ, ਤੁਹਾਨੂੰ ਖੇਚਲ ਹੋ ਜਾਏਗੀ। ਤੁਸੀਂ ਇਸ ਤਰ੍ਹਾਂ ਕਰੋ, ਇਹਨਾਂ ਦੇ ਵਿਚੋਂ ਲੈ ਜਾਓ ਬੱਚਿਆਂ 'ਚੋਂ। ਪ੍ਰਿਥੀ ਚੰਦ ਨੂੰ ਲੈ ਜਾਓ। ਬੜਾ ਸਿਆਣਾ ਹੈ। ਬਹੁਤ ਸੋਹਣੀ ਗੱਲਬਾਤ ਨਜਿੱਠਦਾ ਹੈ। ਗੱਲਾਂਬਾਤਾਂ ਬਹੁਤ ਜਾਣਦਾ ਹੈ।

ਕਹਿੰਦੇ, ਮੇਰੀ ਤਾਂ ਇੱਛਾ ਤੁਹਾਡੇ ਨਾਲ ਸੀ। ਪਰ ਚੰਗਾ, ਪ੍ਰਿਥੀ ਚੰਦ ਜੀ ਨੂੰ ਮੇਰੇ ਨਾਲ ਭੇਜ ਦਿਓ ਬੜਾ ਹੋਣਹਾਰ ਸਾਹਿਬਜ਼ਾਦਾ ਹੈ, ਪ੍ਰਬੰਧ ਵਿਚ ਵੀ ਬਹੁਤ ਵਧੀਆ ਹੈ। ਬੋਲਚਾਲ ਦੇ ਵਿਚ ਵੀ ਸਾਰਿਆਂ ਤੋਂ ਸ੍ਰੇਸ਼ਟ ਹੈ ਤੇ ਕਾਰੋਬਾਰ ਨੂੰ ਨਜਿੱਠਣ ਵਿਚ ਵੀ ਵਿਉਂਤਬੰਦੀ ਇਹਦੀ ਜ਼ਬਰਦਸਤ ਹੈ। ਠੀਕ ਹੈ, ਮੈਂ ਖੁਸ਼ ਹਾਂ। ਪ੍ਰਿਥੀਚੰਦ ਨੂੰ ਬੁਲਾਇਆ।

ਕਹਿੰਦੇ, ਬੇਟਾ ਪ੍ਰਿਥੀਚੰਦ! ਤੇਰੇ ਤਾਇਆ ਜੀ ਆਏ ਨੇ, ਸ਼ਾਦੀ ਹੈ ਇਹਨਾਂ ਦੇ ਘਰ। ਸਾਨੂੰ ਤਾਂ ਵਿਹਲ ਨਹੀਂ ਹੈ ਤੇ ਤੂੰ ਇਸ ਤਰ੍ਹਾਂ ਕਰ ਉਥੇ ਕੁਛ ਦੇਰ ਰਹਿ। ਸੰਗਤਾਂ ਨੂੰ ਪ੍ਰਚਾਰ ਕਰੀ, ਉਪਦੇਸ਼ ਦੇਵੀਂ ਤੇ ਤੈਨੂੰ ਜਦੋਂ ਅਸੀਂ ਬੁਲਾਵਾਂਗੇ ਤੇ ਤੂੰ ਆ ਜਾਈਂ। ਚਲਾਕ ਸੀ ਅੰਦਰੋਂ ਪੂਰਾ। ਬਾਹਰੋਂ ਵੀ ਪੂਰਾ ਹੀ ਸੀ। ਨਿਗ੍ਹਾ ਗੁਰਗੱਦੀ 'ਤੇ ਰੱਖੀ ਹੋਈ ਸੀ। ਬਹੁਤ ਵੱਡੀ ਜਾਇਦਾਦ ਸੀ, ਬਾਰ੍ਹਾਂ ਪਿੰਡਾਂ ਦਾ ਪਟਾ ਕੋਈ ਦੇ ਗਿਆ। ਉਹਦੇ ਉਤੇ ਨਿਗ੍ਹਾ ਸੀ। ਮਨ ਵਿਚ ਇਕ ਦਮ ਤਾੜ ਲਿਆ ਕਿ ਇਹ ਤਾਂ ਮੈਨੂੰ ਲਾਹੌਰ ਭੇਜ ਕੇ ਨਾ ਬੁਲਾਉਣ ਤੇ ਮੇਰੀ ਗੈਰਹਾਜ਼ਰੀ 'ਚ ਗੱਦੀ ਹੀ ਨਾ ਦੇ ਦੇਣ।

ਕਹਿਣ ਲੱਗਿਆ, ਮਹਾਰਾਜ! ਆਗਿਆ ਤਾਂ ਮੈਂ ਮੰਨਣ ਨੂੰ ਤਿਆਰ ਹਾਂ। ਪਰ ਤੁਹਾਨੂੰ ਪਤਾ ਹੀ ਹੈ, ਸਾਰੀ ਸੰਗਤ ਨੂੰ ਮੈਂ ਹੀ ਸੰਭਾਲਦਾ ਹਾਂ। ਲੰਗਰ ਦਾ ਪ੍ਰਬੰਧ ਵੀ ਮੇਰੇ ਕੋਲ ਹੈ। ਜ਼ਮੀਨਾਂ ਦਾ ਪ੍ਰਬੰਧ ਵੀ ਮੇਰੇ ਕੋਲ ਹੈ। ਮਸੰਦਾਂ ਤੋਂ ਵੀ, ਸਾਰਿਆਂ ਤੋਂ ਜੋ ਕਾਰ ਭੇਟਾ ਹੈ ਮੈਂ ਲੈਂਦਾ ਹਾਂ। ਆਪ ਤਾਂ ਤੁਸੀਂ ਉਪਦੇਸ਼ ਦੇਈ ਜਾਂਦੇ ਹੋਂ, ਤੁਹਾਨੂੰ ਤਾਂ ਪਤਾ ਹੀ ਨਹੀਂ ਕਿ ਕਿਸ ਤਰ੍ਹਾਂ ਨਿਰਬਾਹ ਹੋ ਰਿਹੈ ਘਰ 'ਚ। ਕਿਵੇਂ ਲੰਗਰ ਚਲ ਰਹੇ ਨੇ, ਕਿਵੇਂ ਆਇਆ ਗਿਆਂ ਨੂੰ ਸਾਂਭਿਆ ਜਾ ਰਿਹੈ। ਮਹਾਰਾਜ! ਮੈਨੂੰ ਤਾਂ ਬਹੁਤ ਮੁਸ਼ਕਲ ਹੈ। ਇਕ ਦਿਨ ਚਲਿਆ ਗਿਆ, ਕੰਮ ਖਰਾਬ ਹੋ ਜਾਏਗਾ। ਮੈਂ ਨਹੀਂ ਜਾ ਸਕਦਾ।

ਕਹਿੰਦੇ, ਨਹੀਂ, ਪ੍ਰਿਥੀਚੰਦ ਤੂੰ ਸਿਆਣਾ ਹੈਂ, ਤੈਨੂੰ ਜਾਣਾ ਬਣਦਾ ਹੈ ਸਾਡੀ ਥਾਂ 'ਤੇ।

ਕਹਿਣ ਲੱਗਿਆ, ਮਹਾਰਾਜ! ਚਾਹੇ ਇਕ ਵਾਰੀ ਕਹੋ, ਚਾਹੇ ਦਸ ਵਾਰੀ ਕਹੋ, ਮੈਂ ਨਹੀਂ ਜਾਣਾ। ਜਵਾਬ ਦੇ ਦਿਤਾ ਗੁਰੂ ਨੂੰ।

ਉਸ ਵੇਲੇ ਕਮਜ਼ੋਰੀ ਇਹ ਆਈ ਕਿ ਪ੍ਰਿਥੀਚੰਦ ਗੁਰੂ ਨੂੰ ਗੁਰੂ ਨਹੀਂ ਸੀ ਸਮਝਦਾ। ਇਕ ਸਾਧਾਰਣ ਮਨੁੱਖ ਸਮਝ ਰਿਹਾ ਸੀ ਤੇ ਜਿਹੜਾ ਗੁਰੂ ਦਾ ਸਿਧਾਂਤ ਸੀ ਉਸ ਤੋਂ ਲਾਂਭੇ ਹੋ ਗਿਆ।

*ਧਾਰਨਾ - ਗੁਰ ਗੋਬਿੰਦ, ਗੋਬਿੰਦ ਗੁਰੂ ਹੈ,*
*ਨਾਨਕ ਭੇਦ ਨ ਭਾਈ।*

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥ ੪ ॥ ੧ ॥ ੮ ॥ ਅੰਗ - ੪੪੨*

ਜੇ ਤਾਂ ਗੁਰੂ 'ਤੇ ਵਿਸ਼ਵਾਸ਼ ਹੈ ਕਿ ਇਹ ਚੰਗਾ ਸੰਤ ਹੈ ਜਾਂ ਚੰਗਾ ਮਨੁੱਖ ਹੈ, ਗੱਲ ਨਹੀਂ ਬਣਿਆ ਕਰਦੀ, ਜਦੋਂ ਤਕ ਵਿਸ਼ਵਾਸ਼ ਪੂਰਾ ਨਹੀਂ ਹੋਇਆ ਕਰਦਾ। ਸੋ ਪ੍ਰਿਥੀਚੰਦ ਇਹ ਸਮਝਦਾ ਸੀ ਕਿ ਇਹ ਸਾਰਾ ਕਾਰੋਬਾਰ, ਗੱਲਾਂਬਾਤਾਂ ਦੇ ਹਿਸਾਬ ਨਾਲ ਚੱਲ ਰਿਹੈ। ਮੇਰੀ ਕਾਬਲੀਅਤ ਹੈ ਕਿ ਮਸੰਦਾਂ ਨੂੰ ਵੀ ਮੈਂ ਕਾਬੂ ਕਰ ਲੈਂਦਾ ਹਾਂ, ਸੰਗਤਾਂ ਨੂੰ ਕਰ ਲੈਂਦਾਂ ਇਧਰਲੀਆਂ-ਉਧਰਲੀਆਂ ਗੱਲਾਂ ਮਾਰ ਕੇ। ਸਾਰਿਆਂ ਨੂੰ ਖੁਸ਼ ਕਰ ਲੈਂਦਾ ਹਾਂ ਤੇ ਨਿਗ੍ਹਾ ਕਾਹਦੇ ਉਤੇ ਰੱਖੀ ਹੋਈ ਸੀ, ਗੁਰਗੱਦੀ ਉਤੇ। ਇਹ ਨਹੀਂ ਮੈਂ ਜਾਣ ਦੇਣੀ ਇਹਨਾਂ ਦਾ ਤਾਂ ਸਵਾ ਸਾਲ ਬਚਦਾ ਹੈ ਹੁਣ। ਐਸੀ ਕੋਈ ਘਟਨਾ ਨਾ ਵਾਪਰ ਜਾਵੇ ਕਿਤੇ ਮੈਂ ਗੈਰ ਹਾਜ਼ਰ ਹੋ ਜਾਵਾਂ। ਪਿਛੋਂ ਗੱਦੀ ਕਿਸੇ ਹੋਰ ਨੂੰ ਹੀ ਦੇ ਦੇਣ।

ਮਹਾਰਾਜ ਨੇ ਬਹੁਤ ਬਚਨ ਕਰੇ ਲੇਕਿਨ ਸਾਰੇ ਹੀ ਮੋੜ ਦਿਤੇ ਉਹਨੇ। ਮਹਾਰਾਜ ਕਹਿੰਦੇ, ਚੰਗਾ ਜਾਹ। ਵਿਚਕਾਰਲੇ ਪੁੱਤਰ ਨੂੰ ਬੁਲਾਇਆ, ਉਹ ਗਿਆਨ 'ਚ ਰਹਿੰਦੇ ਸੀ, ਉਹ ਕਹਿੰਦੇ ਸੰਸਾਰ ਤਾਂ ਤਿੰਨ ਕਾਲ ਹੋਇਆ

ਹੀ ਨਹੀਂ। ਕਿਹੜਾ ਰਿਸ਼ਤੇਦਾਰ, ਕੀਹਦੀ ਸ਼ਾਦੀ, ਕੀਹਨੇ ਜਾਣੈ। ਛੋਟਿਆਂ ਨੂੰ ਬੁਲਾਇਆ, ਗੁਰੂ ਅਰਜਨ ਪਾਤਸ਼ਾਹ ਨੂੰ। ਆਪ ਹਰ ਵਕਤ ਗੁਰੂ ਦੇ ਪਿਆਰ ਵਿਚ ਲੀਨ ਰਿਹਾ ਕਰਦੇ ਸੀ। ਇਕ ਸਕਿੰਟ ਵਾਸਤੇ ਵੀ ਆਪ ਲਾਂਭੇ ਨਹੀਂ ਸੀ ਹੋਇਆ ਕਰਦੇ। ਬਹੁਤ ਹੀ ਪਿਆਰ ਆਪ ਦੇ ਹਿਰਦੇ ਵਿਚ ਸੀ। ਜਿੱਥੇ ਪਿਤਾ ਜੀ ਜਾਣਦੇ ਸੀ, ਉਥੇ ਆਪ ਉਪਰ ਪੂਰਨ ਗੁਰੂ ਭਾਵਨਾ ਸੀ। ਪੂਰਨ ਪ੍ਰਮੇਸ਼ਰ ਸਮਝਦੇ ਸੀ ਗੁਰੂ ਨੂੰ। ਬਚਨ ਹੋਇਆ, ਜਵਾਬ ਤਾਂ ਆਇਆ ਹੀ ਨਹੀਂ। ਕਹਿਣ ਲੱਗੇ, ਜੋ ਆਗਿਆ ਮਹਾਰਾਜ।

ਕਹਿੰਦੇ, ਦੇਖ ਬੇਟਾ ਅਰਜਨ! ਜਿੰਨੀ ਦੇਰ ਅਸੀਂ ਸੁਨੇਹਾ ਨਾ ਭੇਜੀਏ ਤੂੰ ਆਉਣਾ ਨਹੀਂ ਉਥੇ ਹੀ ਪ੍ਰਚਾਰ ਕਰਨਾ ਹੈ। ਸੰਗਤਾਂ ਬਹੁਤ ਨੇ ਨਾਲ, ਤੁਸੀਂ ਉਥੇ ਪ੍ਰਚਾਰ ਕਰਿਓ। ਸਿੱਖੀ ਦਾ ਸਿਧਾਂਤ ਫੈਲਾਇਓ। ਅਸੀਂ ਬੁਲਾ ਲਵਾਂਗੇ ਸਮਾਂ ਆਉਣ 'ਤੇ।

ਉਸ ਵੇਲੇ ਆਪ ਜੀ ਚਲੇ ਜਾਂਦੇ ਨੇ। ਵਿਆਹ ਸ਼ਾਦੀ ਹੋ ਗਿਆ। ਆਪ ਮਸਤ ਰਹਿੰਦੇ ਨੇ ਵੈਰਾਗਵਾਨ ਅਵਸਥਾ ਵਿਚ। ਕਿਉਂਕਿ ਵੈਰਾਗ ਲਗ ਗਿਆ। ਗੁਰੂ ਦਾ ਦਰਸ਼ਨ ਨਹੀਂ ਹੁੰਦਾ ਤੇ ਉਹਨਾਂ ਦਾ ਪਿਆਰ ਜਿਹੜਾ ਸੀ ਉਹ ਸੱਚਮੁੱਚ ਹੀ ਇਹੋ ਜਿਹਾ ਸੀ। ਪੜ੍ਹੋ ਪਿਆਰ ਨਾਲ -

*ਧਾਰਨਾ - ਜਿੰਦ ਬਚਦੀ ਨਹੀਂ ਗੁਰ ਦਰਸ ਬਿਨਾਂ।*

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥੧੨॥*
*ਅੰਗ- ੭੦੮*

ਐਸਾ ਪਿਆਰ ਗੁਰੂ ਦਰਸ਼ਨ ਬਗੈਰ ਆਪ ਦੇ ਨੇਤਰਾਂ 'ਚ ਜਲ ਚਲਦਾ ਰਹਿੰਦਾ ਸੀ। ਕੋਠੇ 'ਤੇ ਚੜ੍ਹ ਜਾਂਦੇ, ਬੜੀ-ਬੜੀ ਦੇਰ ਤਕ ਅੰਮ੍ਰਿਤਸਰ ਦਾ ਰਸਤਾ ਦੇਖਦੇ ਰਹਿੰਦੇ, ਕਿ ਸਤਿਗੁਰੂ ਮਹਾਰਾਜ ਕਿਸੇ ਨੂੰ ਭੇਜ ਰਹੇ ਨੇ? ਕੋਈ ਆ ਰਿਹੈ ਸਾਨੂੰ ਲੈਣ ਵਾਸਤੇ? ਸਮਾਂ ਲੰਘਦਾ ਜਾਂਦਾ ਹੈ। ਰੋਜ਼ ਦਾ ਕੰਮ ਹੋ ਗਿਆ -

*ਊਚੇ ਚੜਿ ਕੇ ਪੰਥ ਨਿਹਾਰੋ।*

ਉਪਰ ਚੜ੍ਹਨਾ ਤੇ ਰਸਤੇ ਵਲ ਦੇਖਣਾ। ਲੇਕਿਨ ਜਦੋਂ ਕੋਈ ਨਜ਼ਰ ਨਾ ਆਉਣਾ, ਫੇਰ ਆਪ ਨੇ ਹੇਠਾਂ ਉਤਰ ਆਉਣਾ। ਸੋ ਐਸੀ ਜੋ ਅਵਸਥਾ ਹੈ, ਜਿਹਨੂੰ ਲਗਦੀ ਹੈ ਉਹ ਤਾਂ ਜਾਣਦਾ ਹੈ -

*ਲਾਗੀ ਹੋਇ ਸੁ ਜਾਨੈ ਪੀਰ ॥*
*ਰਾਮ ਭਗਤਿ ਅਨੀਆਲੇ ਤੀਰ ॥ ੧ ॥ ਅੰਗ- ੩੨੭*

ਲੱਗੀਆਂ ਦੀ ਸਾਰ ਲੱਗੀਆਂ ਵਾਲੇ ਜਾਣਦੇ ਨੇ। ਦੂਸਰੇ ਨਹੀਂ ਜਾਣਦੇ। ਦੂਸਰਿਆਂ ਵਾਸਤੇ ਤਾਂ ਇਹ ਇਕ ਕਹਾਣੀ ਹੁੰਦੀ ਹੈ। ਜਿਹਨੂੰ ਲਗ ਗਈ ਉਹਦੇ ਬਾਰੇ ਇਸ ਤਰ੍ਹਾਂ ਹੈ -

*ਧਾਰਨਾ - ਨਾ ਜੀਵੇ ਕੋਈ ਰਾਮ ਦਾ ਵਿਯੋਗੀ।*

*ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥*
*ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥ ੭੬ ॥*
*ਅੰਗ - ੧੩੬੮*

ਅੱਕਾਂ ਦੇ ਗਲ ਖਖੜੀਆਂ ਲੱਗੀਆਂ ਹੁੰਦੀਆਂ ਨੇ। ਜੇ ਇਹ ਅੱਕ ਤੋਂ ਵਿਛੜ ਜਾਣ, ਪੁਰਜਾ-ਪੁਰਜਾ ਹੋ ਕੇ ਖਿੰਡ ਜਾਂਦੀਆਂ ਨੇ -

*ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ ॥*
*ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ ॥ ੧ ॥*
*ਅੰਗ - ੩੧੯*

ਬੁਰਾ ਹਾਲ ਹੋ ਜਾਂਦੈ। ਸੋ ਇਸ ਤਰ੍ਹਾਂ ਦੇ ਨਾਲ-

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ*
*ਸੋ ਤਨੁ ਜਾਣੁ ਮਸਾਨੁ ॥ ੩੬ ॥ ਅੰਗ - ੧੩੭੯*

ਜਿਥੇ ਪਿਆਰਾ ਨਾ ਹੋਵੇ ਆਪਣਾ ਉਹ ਘੁੱਗ ਬਸਤੀਆਂ ਜਿਹੜੀਆਂ ਨੇ, ਉਹਨਾਂ 'ਚ ਜੀਅ ਨਹੀਂ ਲੱਗਿਆ ਕਰਦਾ। ਐਸਾ ਫੁਰਮਾਨ ਹੈ -

*ਧਾਰਨਾ - ਦਿਸਦਾ ਉਜਾੜ ਹੈ, ਰਾਮ ਦੇ ਪਿਆਰੇ ਬਾਝੋਂ।*

*ਕਬੀਰ ਜਹ ਜਹ ਹਉ ਫਿਰਿਓ ਕਉਤਕ ਠਾਓ ਠਾਇ ॥*
*ਇਕ ਰਾਮ ਸਨੇਹੀ ਬਾਹਰਾ ਊਜਰੁ ਮੇਰੈ ਭਾਂਇ ॥ ੧੪ ॥*
*ਅੰਗ - ੧੩੬੫*

ਕਬੀਰ ਸਾਹਿਬ ਨੂੰ ਪੁਛਿਆ ਕਿ ਮੇਲਾ ਦੇਖ ਆਏ? ਕਹਿੰਦੇ, ਮੈਂ ਤਾਂ ਉਜਾੜ 'ਚ ਘੁੰਮ ਕੇ ਆਇਆ ਹਾਂ। ਘੁੱਗ ਵਸਦਾ ਸ਼ਹਿਰ ਹੋਵੇ, ਬੇਅੰਤ ਦੁਨੀਆਂ ਆਲੇ-ਦੁਆਲੇ ਹੋਵੇ, ਕਹਿੰਦੇ, ਜੇ ਆਪਣਾ ਪਿਆਰਾ ਨਾ ਨਜ਼ਰ ਆਵੇ, ਉਹਦੇ ਬਿਨਾਂ ਤਾਂ ਉਜਾੜ ਲਗਦੈ।

ਸੋ ਐਸੀ ਮਨੋਬਿਰਤੀ ਗੁਰੂ ਮਹਾਰਾਜ ਦੀ ਵੈਰਾਗ ਦੇ ਅੰਦਰ ਹੋ ਗਈ। ਆਪ ਦੇ ਉਪਰ ਵੈਰਾਗ ਦਾ ਬਹੁਤ ਜ਼ਬਰਦਸਤ ਅਸਰ ਹੋ ਗਿਆ -

*ਆਸ਼ਕਾਰਾ ਨਵ ਨੀਸ਼ਾਨੀ ਐ ਪਿਸਰ,*
*ਆਹ ਸਰਦੋ, ਰੰਗ ਜ਼ਰਦੋ ਚਸ਼ਮਤਰ।*
*ਕਮਗੁਫਤਨੋ, ਕਮ ਖ਼ੁਰਦਨੋਂ,*
*ਖ਼ੁਆਬਸ਼ ਹਰਾਮ, ਇੰਤਜ਼ਾਰੀ, ਬੇਕਰਾਰੀ, ਦਸਤਸਰ।*

ਕਹਿੰਦੇ, ਰੰਗ ਜਰਦ ਹੋ ਜਾਂਦੈ, ਠੰਢੀਆਂ ਸਾਹਾਂ ਆਉਂਦੀਆਂ ਨੇ। ਨੌਂ ਨਿਸ਼ਾਨੀਆਂ ਹੋਇਆ ਕਰਦੀਆਂ ਨੇ।

ਹਰ ਵਕਤ ਵੈਰਾਗ 'ਚ ਰਹਿਣਾ। ਵੈਰਾਗ ਦੇ ਬਚਨ ਕਰਨੇ, ਕਦੇ ਨੇਤਰਾਂ 'ਚੋਂ ਜਲ ਚਲ ਪੈਣਾ, ਇੰਤਜ਼ਾਰ ਕਰਨਾ ਹਰ ਵਕਤ। ਐਸੀ ਹਾਲਤ 'ਚੋਂ ਗੁਰੂ ਮਹਾਰਾਜ ਲੰਘ ਰਹੇ ਸੀ। ਰੋਜ਼ ਕੋਠੇ 'ਤੇ ਚੜ੍ਹਦੇ ਸੀ। ਬੜੀ-ਬੜੀ ਦੇਰ ਤਕ ਆਪ ਨੇ ਦੇਖਦੇ ਰਹਿਣਾ। ਪਰ ਅੰਮ੍ਰਿਤਸਰ ਵਲੋਂ ਕੋਈ ਵੀ ਸੁਨੇਹਾ ਨਾ ਆਇਆ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਇਕ ਵਾਰੀ ਤੁਰੇ ਜਾ ਰਹੇ ਨੇ। ਇਕ ਸਰੋਵਰ ਹੈ ਤੇ ਉਹਦੇ ਵਿਚ ਕਮਲ ਫੁੱਲ ਖਿੜੇ ਹੋਏ ਨੇ। ਲਹਿਰਾਂ ਮਾਰਦੇ ਨੇ, ਹਵਾ ਦੇ ਨਾਲ ਹਿਲਦੇ ਨੇ। ਬਹੁਤ ਹੀ ਵਧੀਆ ਲਗ ਰਿਹੈ ਉਹਨਾਂ ਨੂੰ। ਕਾਫੀ ਸਮੇਂ ਤੋਂ ਬਾਅਦ ਜਦੋਂ ਆਪ ਫੇਰ ਇਕ ਵਾਰੀ ਉਥੇ ਆਏ, ਆ ਕੇ ਹੈਰਾਨ ਹੋ ਗਏ ਕਿ ਇਥੇ ਦੀ ਸੁੰਦਰਤਾ ਕਿੱਥੇ ਚਲੀ ਗਈ ਸਾਰੀ, ਮਨ ਨੂੰ ਲੁਭਾਉਂਦੀ, ਭੌਰੇ ਗੂੰਜਾਂ ਪਾਉਂਦੇ ਫਿਰਦੇ ਸੀ। ਪੰਛੀਆਂ ਦੀ ਚਹਿਚਹਾ ਸੀ। ਅੱਜ ਹੋ ਕੀ ਗਿਆ? ਉਜਾੜ ਕਿਉਂ ਬਣ ਗਿਆ ਸਭ? ਸਵਾਲ ਕਰ ਦਿਤਾ ਉਹਦੇ ਉਤੇ। ਗਿਰਿਆ ਪਿਆ ਸੀ ਕਮਲ ਦਾ ਫੁੱਲ?

*ਪਬਰ ਤੂੰ ਹਰੀਆਵਲਾ ਕਵਲਾ ਕੰਚਨ ਵੰਨਿ ॥*
*ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ*
*ਨਾਨਕ ਮੈ ਤਨਿ ਭੰਗੁ ॥* *ਅੰਗ - ੧੪੧੨*

ਆਹ ਹੋ ਕੀ ਗਿਆ ਤੈਨੂੰ, ਗਾਰੇ ਵਿਚ ਗਿਰਿਆ ਪਿਐਂ, ਤੇਰੀ ਤਾਂ ਦੇਹ ਕੰਚਨ ਵਰਗੀ ਸੀ, ਕਾਰਨ ਕੀ ਹੋ ਗਿਆ? ਕਹਿੰਦੇ, ਸਤਿਗੁਰੂ ਜੀ! ਕੀ ਪੁੱਛਦੇ ਹੋਂ? ਇਹ ਵਿਛੋੜੇ ਦਾ, ਬਿਰਹੇ ਦਾ ਦੁਖ ਹੈ -

*ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗੁ ॥*
*ਅੰਗ - ੧੪੧੨*

ਮੇਰਾ ਪਿਆਰਾ ਸੀ ਪਾਣੀ। ਪਾਣੀ ਇਥੋਂ ਚਲਿਆ ਗਿਆ -

*ਜਿਤੁ ਡਿਠੈ ਤਨੁ ਪਰਫੁੜੈ ਚੜੈ ਚਵਗਣਿ ਵੰਨੁ॥ ੩੦ ॥*
*ਅੰਗ - ੧੪੧੨*

ਜੇ ਹੁਣ ਵੀ ਆ ਜਾਵੇ ਨਾ, ਉਹਨੂੰ ਦੇਖਦੇ ਸਾਰ ਮੇਰੇ ਉਤੇ ਖੇੜਾ ਆ ਜਾਏਗਾ। ਮੁਰਝਾ ਗਿਆ, ਆਪਣੇ ਮਿੱਤਰ ਨੂੰ ਦੂਰ ਦੇਖ ਕੇ।

*ਸਾਬਣ ਲਾ ਲਾ ਧੋਤਾ ਕੋਲਾ*
*ਦੁਧ ਦਹੀਂ ਵਿਚ ਪਾਇਆ।*
*ਖੁੰਭ ਚਾੜ ਰੰਗਣ ਵੀ ਚੜਿਆ,*
*ਰੰਗ ਨਾ ਉਸ ਵਟਾਇਆ।* *ਡਾ. ਭਾਈ ਵੀਰ ਸਿੰਘ*

ਖਿਆਲ ਆ ਗਿਆ ਕਿ ਕੋਲੇ ਨੂੰ ਚਿੱਟਾ ਕਰ ਲਈਏ। ਸਾਬਣ ਨਾਲ ਧੋਤਾ, ਦੁੱਧ 'ਚ ਪਾਇਆ, ਦਹੀਂ 'ਚ ਪਾਇਆ, ਖੁੰਭਣ ਚਾੜ੍ਹ ਕੇ ਰੰਗ ਪਾਇਆ ਕਿ ਉਤੇ ਵੀ ਕੋਈ ਰੰਗ ਚੜ੍ਹ ਜਾਵੇ। ਪਰ ਕੋਈ ਰੰਗ ਨਾ ਚੜ੍ਹਿਆ।

ਕਹਿੰਦੇ, ਕੀ ਗੱਲ ਹੈ?

ਕਹਿੰਦੇ, ਹੋਣਾ ਕੀ ਹੈ ਵਿਛੋੜੇ ਦੀ ਬਾਤ ਹੈ?

*ਵਿਛੜ ਕੇ ਕਾਲਖ ਸੀ ਆਈ,*
*ਵਿਣੁ ਮਿਲਿਆਂ ਨਹੀਂ ਲਹਿੰਦੀ। (ਡਾ. ਭਾਈ ਵੀਰ ਸਿੰਘ)*

ਇਹ ਤਾਂ ਹੁਣ ਮਿਲਣ ਨਾਲ ਹੀ ਲਹਿਣਾ ਹੈ।

*ਅੰਗ ਅੱਗ ਦੇ ਲਾ ਕੇ ਵੇਖੋ*
*ਚੜ੍ਹਦਾ ਰੂਪ ਸਵਾਇਆ।* *ਡਾ. ਭਾਈ ਵੀਰ ਸਿੰਘ*

ਮੇਰੀ ਪਿਆਰੀ ਅੱਗ ਆ ਜਾਵੇ। ਉਹਦੇ ਅੰਗ ਲਾ ਦਿਓ, ਫੇਰ ਮੇਰੀ ਰੌਣਕ ਦੇਖੋ, ਕਿੱਡੀ ਹੋ ਜਾਂਦੀ ਹੈ।

ਸੋ ਇਸ ਤਰ੍ਹਾਂ ਦੇ ਨਾਲ ਹਾਲ ਹੈ ਆਪ ਦਾ। ਨਾ ਕੱਪੜੇ ਅੱਛੇ ਲਗਦੇ ਨੇ, ਨਾ ਖਾਣ ਨੂੰ ਕੁਛ ਚੰਗਾ ਲਗਦੈ, ਨਾ ਬੋਲਣ ਨੂੰ ਜੀਅ ਕਰਦੈ। ਉਪਦੇਸ਼ ਦਿੰਦੇ ਨੇ ਸੰਗਤਾਂ ਨੂੰ, ਲੇਕਿਨ ਅੰਦਰ ਹਉਕੇ ਆਉਂਦੇ ਨੇ, ਵੈਰਾਗ ਦੇ। ਹਰ ਵਕਤ ਖਿੱਚ ਖਾਂਦੇ ਨੇ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
*ਡਾ. ਭਾਈ ਵੀਰ ਸਿੰਘ*

ਕੋਈ ਚੀਜ਼ ਚੰਗੀ ਨਹੀਂ ਲਗਦੀ -

*ਕਪੜ ਭੋਗ ਡਰਾਵਣੇ ਜਿਚਰੁ ਪਿਰੀ ਨ ਡੇਖੁ ॥ ੨ ॥*
*ਅੰਗ- ੧੦੯੪*

ਜਿੰਨਾਂ ਚਿਰ ਪਿਰ ਨਹੀਂ ਮਿਲਦਾ, ਇਹ ਵੀ ਡਰਾਉਣੇ ਲਗਦੇ ਨੇ। ਉਸ ਵੇਲੇ ਜਦੋਂ ਇਕ ਸਾਲ ਲੰਘ ਗਿਆ। ਵੈਸਾਖ ਲੰਘ ਗਿਆ, ਜੇਠ ਲੰਘ ਗਿਆ, ਹਾੜ ਲੰਘ ਗਿਆ, ਸਾਉਣ ਆ ਗਿਆ; ਉਸ ਵੇਲੇ ਮੌਸਮ ਨੇ ਆਪ ਦੇ ਉਤੇ ਬਹੁਤ ਅਸਰ ਕਰਿਆ। ਹਰ ਵਕਤ ਰੋਂਦੇ ਰਹਿੰਦੇ ਨੇ, ਰਾਤ ਨੂੰ ਨੀਂਦ ਨਹੀਂ ਆਉਂਦੀ। ਉਸ ਵੇਲੇ ਆਪ ਨੇ ਕਾਗਜ਼ ਲਿਆ ਉਹਦੇ ਉਤੇ ਕੁਝ ਲਾਇਨਾਂ ਲਿਖੀਆਂ ਜਿਹਨਾਂ ਦਾ ਭਾਵ ਐਸਾ ਸੀ ਪੜ੍ਹੋ ਪਿਆਰ ਨਾਲ -

*ਧਾਰਨਾ - ਗੁਰਾਂ ਦੇ ਦਰਸ਼ਨ ਤਾਈਂ*
*ਮੇਰਾ ਮਨ ਲੋਚਦਾ।*

*ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥*
*ਬਿਲਪ ਕਰੇ ਚਾਤ੍ਰਿਕ ਕੀ ਨਿਆਈ॥*
*ਤ੍ਰਿਖਾ ਨ ਉਤਰੈ ਸ਼ਾਂਤਿ ਨ ਆਵੈ*
*ਬਿਨੁ ਦਰਸਨ ਸੰਤ ਪਿਆਰੇ ਜੀਉ॥੧॥ਰਹਾਉ॥*
*ਸ਼ਬਦ ਹਜ਼ਾਰੇ*

ਬੜਾ ਭਾਵ ਹੈ ਜ਼ਬਰਦਸਤ। ਚਾਤ੍ਰਿਕ ਨੂੰ ਪ੍ਰਤੀਕ

ਬਣਾਇਆ, ਚਾਤ੍ਰਿਕ ਨੂੰ ਬੂੰਦ ਨਾ ਮਿਲੇ ਤਾਂ ਪ੍ਰਿਉ-ਪ੍ਰਿਉ ਐਸੀ ਦਰਦਨਾਕ ਆਵਾਜ਼ ਨਿਕਲਦੀ ਰਹਿੰਦੀ ਹੈ ਕਿ ਆਦਮੀ ਦਾ ਮਨ ਵੀ ਪਿਘਲ ਜਾਂਦੈ। ਸੋਝੀਵਾਨ ਜਿਹਨੇ ਕਿਸੇ ਨੇ ਬਿਰਹਾ ਦੇਖਿਆ ਹੈ ਉਹਦੇ ਮਨ 'ਚੋਂ ਅਰਦਾਸ ਨਿਕਲਦੀ ਹੈ ਕਿ ਹੇ ਪ੍ਰਭੂ! ਇਹ ਨਿੱਕਾ ਜਿਹਾ ਜੀਵ ਹੈ, ਮੀਂਹ ਤਾਂ ਤੂੰ ਪਾਈ ਜਾਨੈਂ, ਕੋਈ ਕਣੀ ਬਖਸ਼ ਦੇ ਇਹਦੇ, ਜਿਹੜੀ ਇਹਦੀ ਪਿਆਸ ਬੁਝਾ ਦੇਵੇ। ਮਨੁੱਖ ਮਜ਼ਬੂਰ ਹੋ ਜਾਂਦੈ, ਉਹਦੀ ਆਵਾਜ਼ ਸੁਣ ਕੇ ਅਰਦਾਸ ਕਰਨ ਵਾਸਤੇ। ਅਰਦਾਸ ਨਹੀਂ ਆਉਂਦੀ, ਉਹਦੇ ਭਾਵਾਂ 'ਚ ਲੀਨ ਹੋ ਜਾਂਦੈ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ, ਚਾਤ੍ਰਿਕ ਨੂੰ ਪਾਣੀ ਨਹੀਂ ਮਿਲਦਾ, ਪਿਆਸ ਨਹੀਂ ਬੁਝਦੀ ਉਹਦੀ, ਆਹੀ ਹਾਲ ਮੇਰਾ ਹੋ ਗਿਆ। ਪਾਤਸ਼ਾਹ! ਕ੍ਰਿਪਾ ਕਰੋ। ਉਸ ਵੇਲੇ ਬੰਦ ਕਰੀ ਚਿੱਠੀ ਲਿਫਾਫੇ 'ਚ, ਗੁਰਸਿੱਖ ਨੂੰ ਤਾਗੀਦ ਕਰ ਦਿਤੀ ਕਿ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਨੂੰ ਦੇਣੀ ਹੈ ਤੇ ਉਹਨਾਂ ਤੋਂ ਉਤਰ ਲੈ ਕੇ ਆਉਣੈ। ਉਸ ਵੇਲੇ ਕਹਿਣ ਲੱਗੇ ਕਿ ਬਹੁਤ ਕਾਹਲੀ ਜਾਈਂ, ਅੱਜ ਹੀ ਪਹੁੰਚ ਜਾਈਂ ਉਥੇ। ਆਪ ਉਸ ਥਾਂ ਦੇ ਉਤੇ ਪਹੁੰਚ ਜਾਂਦੇ ਗੁਰਸਿੱਖ। ਅੱਗੇ ਪ੍ਰਿਥੀ ਚੰਦ ਨੇ ਪਹਿਰੇ ਲਾਏ ਹੋਏ ਨੇ ਕਿਉਂਕਿ ਪਤੈ ਹੈ ਕਿ ਹੁਣ ਤਾਂ ਦਿਨ ਹੀ ਗਿਣਵੇਂ ਰਹਿ ਗਏ। ਜੇ ਇਹ ਦਿਨ ਲੰਘ ਗਏ ਤਾਂ ਗੁਰਿਆਈ ਮੇਰੀ ਹੀ ਹੈ। ਉਧਰੋਂ ਕੋਈ ਸੁਨੇਹਾ ਆਵੇ, ਕੋਈ ਬੰਦਾ ਆਵੇ ਉਹਨੂੰ ਰੋਕ ਲੈਣੈ। ਆਪਣੇ ਖਾਸ ਬੰਦੇ ਲਾਹੌਰ ਦੇ ਰਸਤੇ 'ਤੇ ਖੜ੍ਹਾ ਦਿਤੇ। ਗੁਰਸਿੱਖ ਆ ਰਿਹੈ, ਰਾਹ 'ਚ ਹੀ ਪੁੱਛ ਲਿਆ ਕਿ ਗੁਰਸਿੱਖਾ! (ਗੁਰੂ) ਅਰਜਨ (ਪਾਤਸ਼ਾਹ) ਪਾਸੋਂ ਆਇਐਂ? ਸਾਹਿਬਜ਼ਾਦਾ ਜੀ ਪਾਸੋਂ ਆਇਐਂ?

ਕਹਿੰਦਾ, ਹਾਂ।

ਕਹਿੰਦੇ, ਬੜੀ ਦੇਰ ਹੋ ਗਈ ਕੋਈ ਸੁਖ ਸੁਨੇਹਾ ਨਹੀਂ ਉਹਨਾਂ ਨੇ ਭੇਜਿਆ?

ਕਹਿੰਦਾ, ਆਹ ਚਿੱਠੀ ਭੇਜੀ ਹੈ।

ਉਹ ਕਹਿੰਦੇ, ਗੁਰੂ ਮਹਾਰਾਜ ਨੇ ਤਾਂ ਮਿਲਣਾ ਨਹੀਂ ਹੈ, ਤੁਹਾਨੂੰ ਵੱਡੇ ਸਾਹਿਬਜ਼ਾਦਿਆਂ ਨਾਲ ਮਿਲਾ ਦਿੰਦੇ ਹਾਂ। ਉਹ ਆਪੇ ਹੀ ਚਿੱਠੀ ਦਾ ਜਵਾਬ ਲੈ ਆਉਣਗੇ ਤੇ ਤੁਸੀਂ ਉਹਨਾਂ ਨੂੰ ਚਿੱਠੀ ਦੇ ਦਿਓ।

ਨਾਲ ਲੈ ਗਏ, ਪ੍ਰਿਥੀ ਚੰਦ ਨੂੰ ਚਿੱਠੀ ਦੇ ਦਿਤੀ। ਜਦੋਂ ਪੜ੍ਹੀ ਹੈਰਾਨ ਹੋ ਗਿਆ ਕਿ ਆਹ ਤਾਂ ਦੋ ਅੱਖਰ ਜੇ ਪੜ੍ਹ ਲਏ ਨਾ ਗੁਰੂ ਮਹਾਰਾਜ ਨੇ, ਉਹਨਾਂ ਨੇ ਤਾਂ ਹੁਣੇ ਹੀ ਭੇਜ ਦੇਣੈ ਲੈਣ ਵਾਸਤੇ ਤੇ ਮੇਰਾ ਤਾਂ ਬਣਿਆ ਬਣਾਇਆ ਸਾਰਾ ਹੀ ਕੰਮ ਖਰਾਬ ਹੋ ਗਿਆ। ਚਿੱਠੀ ਰੱਖ ਲਈ, ਗੁਰਸਿੱਖ ਨੂੰ ਏਧਰ ਓਧਰ ਫੇਰਦਾ ਰਿਹਾ। ਕੋਈ ਛਕ ਛਕਾ ਕੇ ਬਾਹਰ ਦੀ ਬਾਹਰ ਕਹਿਣ ਲੱਗਿਆ, ਵਾਪਸ ਜਾਣੈ।

ਗੁਰਸਿੱਖ ਨੇ ਕਿਹਾ, ਹਾਂ।

ਕਹਿੰਦਾ, ਇਸ ਤਰ੍ਹਾਂ ਕਹਿ ਦੇਈਂ ਕਿ ਮਹਾਰਾਜ ਨੂੰ ਚਿੱਠੀ ਪਹੁੰਚ ਗਈ ਸੀ, ਉਹਨਾਂ ਨੇ ਇਕ ਬਚਨ ਕਿਹੈ ਕਿ ਭਾਈ! ਅਜੇ ਐਨਾ ਕਾਹਲਾ ਕਿਉਂ ਪੈ ਗਿਆ। ਉਥੇ ਸੰਗਤਾਂ ਨੂੰ ਉਪਦੇਸ਼ ਕਰੇ, ਕੀ ਕਾਹਲ ਹੈ, ਅਸੀਂ ਬੁਲਾ ਲਵਾਂਗੇ ਜਦੋਂ ਸਾਡੇ ਚਿੱਤ 'ਚ ਆਇਆ। ਵਾਪਸ ਚਲਿਆ ਗਿਆ। ਦਿਲ ਤੋੜਨ ਵਾਲਾ ਜਿਹੜਾ ਸੀ ਉਹ ਸੁਨੇਹਾ ਦੇ ਦਿਤਾ। ਗੁਰੂ ਮਹਾਰਾਜ ਉਸ ਵੇਲੇ ਅੰਤਰ ਧਿਆਨ ਹੋਏ ਬੈਠੇ ਨੇ। ਪਾਤਸ਼ਾਹ! ਦਰਸ਼ਨਾਂ ਦੀ ਬੜੀ ਸਿੱਕ ਹੈ, ਮੈਂ ਕਿਵੇਂ ਦਰਸ਼ਨ ਕਰਾਂ। ਦਰਸ਼ਨਾਂ ਤੋਂ ਬਗੈਰ ਮੈਂ ਜਿਉਂਦਾ ਨਹੀਂ ਰਹਿ ਸਕਦਾ। ਕੁਝ ਦਿਨ ਲੰਘੇ, ਦੂਸਰੀ ਚਿੱਠੀ ਫੇਰ ਲਿਖੀ। ਇਸ ਤਰ੍ਹਾਂ ਦੇ ਨਾਲ ਪੜ੍ਹ ਲਓ -

*ਧਾਰਨਾ - ਤੇਰਾ ਮੁਖੜਾ ਸੁਹਾਵਾ ਮੇਰੇ ਮਾਲਕਾ,*
*ਸਹਿਜ ਧੁਨ ਤੇਰੀ ਬਾਣੀ।*

*ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ॥*
*ਚਿਰੁ ਹੋਆ ਦੇਖੇ ਸਾਰਿੰਗਪਾਣੀ॥*
*ਧੰਨੁ ਸੁ ਦੇਸੁ ਜਹਾ ਤੂੰ ਵਸਿਆ*
*ਮੇਰੇ ਸਜਣ ਮੀਤ ਮੁਰਾਰੇ ਜੀਉ॥੨॥ ਸ਼ਬਦ ਹਜ਼ਾਰੇ*

ਸਾਂਭ ਕੇ ਚਿੱਠੀ ਫੜਾ ਦਿਤੀ। ਕਹਿੰਦੇ, ਗੁਰਸਿੱਖਾ! ਤੂੰ ਕੋਸ਼ਿਸ਼ ਕਰੀਂ ਉਹਨਾਂ ਨੂੰ ਮਿਲਣ ਦੀ। ਪਹਿਲੀ ਚਿੱਠੀ ਤੂੰ ਪ੍ਰਿਥੀ ਚੰਦ ਨੂੰ ਦੇ ਦਿਤੀ ਸੀ। ਉਹ ਕਾਰੋਬਾਰੀ ਬੰਦਾ ਹੈ, ਹੋ ਸਕਦਾ ਹੈ ਕਿ ਗੁਰੂ ਮਹਾਰਾਜ ਕੋਲ ਬਾਅਦ 'ਚ ਪਹੁੰਚਾਈ ਹੋਵੇ ਤੇ ਤੂੰ ਕੋਸ਼ਿਸ਼ ਕਰੀਂ ਗੁਰੂ ਮਹਾਰਾਜ ਨੂੰ ਪਤ੍ਰਿਕਾ ਦੇ ਦੇਵੀਂ। ਬੜੀਆਂ ਆਸਾਂ ਦੇ ਨਾਲ ਤੋਰਿਆ ਉਸ ਨੂੰ। ਨਾਲ ਤਾਕੀਦ ਕੀਤੀ ਕਿ ਜਲਦੀ ਵਾਪਸ ਆ ਜਾਈਂ।

ਉਸ ਵੇਲੇ ਗੁਰਸਿੱਖ ਜਾਂਦੈ, ਓਧਰ ਪ੍ਰਿਥੀ ਚੰਦ ਨੇ ਪਹਿਲਾਂ ਹੀ ਹੋਰ ਸਖਤਾਈ ਕਰ ਦਿਤੀ ਕਿ ਹੋਰ ਚਿੱਠੀਆਂ ਵੀ ਪਾਊ ਉਹ। ਸਬੰਧ ਨਾ ਜੁੜਨ ਦੇਵੋ। ਉਹ ਨਹੀਂ ਸੀ ਜਾਣਦਾ ਕਿ ਗੁਰੂ ਅੰਤਰਜਾਮੀ ਵੀ ਨੇ। ਮਨੁੱਖੀ ਅਕਲ ਨਾਲ ਜਾਣਦਾ ਸੀ ਕਿ ਚਿੱਠੀ ਨਾ ਮੈਂ ਜਾਣ ਦੇਵਾਂ ਤੇ ਇਹਨਾਂ ਦੇ ਯਾਦ ਹੀ ਨਹੀਂ ਆਏਗਾ। ਜਿੱਥੇ ਹੁਣ ਤਕ ਭੁੱਲੇ ਹੋਏ ਨੇ ਸਵਾ ਸਾਲ ਦੇ ਹੋਰ ਥੋੜ੍ਹੇ ਦਿਨ ਭੁੱਲੇ ਰਹਿਣਗੇ। ਬੜੇ ਪਿਆਰ ਦੇ ਨਾਲ ਚਿੱਠੀ ਲੈ ਲਈ। ਕਹਿਣ ਲੱਗੇ, ਹੈਂ? ਕਈ ਦਿਨ ਲਾ ਦਿਤੇ ਉਹਨਾਂ ਨੇ ਚਿੱਠੀ ਨਹੀਂ ਪਾਈ, ਅਸੀਂ ਤਾਂ ਬੜਾ ਫ਼ਿਕਰ ਕਰਦੇ ਹਾਂ। ਬੈਠ ਪ੍ਰਸ਼ਾਦ ਪਾਣੀ ਛਕ, ਇਸ਼ਨਾਨ ਕਰ, ਮੈਂ ਹੁਣੇ ਹੀ ਜਾਂਦਾ ਹਾਂ ਮਹਾਰਾਜ ਜੀ ਕੋਲ। ਜੋ ਹੁਕਮ ਹੋਏਗਾ, ਤੈਨੂੰ ਦਸ ਦੇਵਾਂਗਾ। ਵਲ ਫਰੇਬ ਪਾ ਕੇ ਚਿੱਠੀ ਜੇਬ ਵਿਚ ਪਾ

ਲਈ। ਗੇੜਾ ਗੁੜਾ ਖਾ ਕੇ ਫੇਰ ਆ ਗਿਆ। ਆ ਕੇ ਕਹਿੰਦਾ, ਕਿ ਚਿੱਠੀ ਦੇ ਦਿਤੀ, ਪਾਤਸ਼ਾਹ ਇਹ ਕਹਿੰਦੇ ਨੇ ਬੜਾ ਕਾਹਲਾ ਪੈ ਗਿਆ। ਐਨੀ ਕਾਹਲ ਕਿਸ ਗੱਲ ਦੀ ਆ ਗਈ। ਹੁਕਮ ਦੀ ਤਾਮੀਲ ਕਰੇ। ਸੋ ਜਦੋਂ ਤੱਕ ਅਸੀਂ ਅਗਲਾ ਹੁਕਮ ਨਹੀਂ ਭੇਜਦੇ, ਉਥੇ ਹੀ ਰਹਿਣ। ਕਾਹਲੀ 'ਚ ਨਾ ਪੈਣ। ਬੜਾ ਉਲਟਾ ਜਵਾਬ ਦੇ ਦਿਤਾ। ਸਿੱਖ ਨੂੰ ਸਮਝਾ ਦਿਤਾ ਤੇ ਓਧਰ ਲਾਹੌਰ ਨੂੰ ਵਾਪਸ ਤੁਰਦੈ। ਗੁਰੂ ਮਹਾਰਾਜ ਅਟਾਰੀ ਦੇ ਉਪਰ ਖੜ੍ਹੇ ਨੇ। ਇੰਤਜ਼ਾਰ ਕਰ ਰਹੇ ਨੇ ਕਿ ਕੀ ਜਵਾਬ ਲੈ ਕੇ ਆਉਂਦੈ ਸਿੱਖ। ਉਸ ਵੇਲੇ ਆਪ ਦੇਖਦੇ ਨੇ ਕਿ ਸਿੱਖ ਨਿਰਾਸ਼ ਜਿਹਾ ਹੋਇਆ ਆਉਂਦੈ ਕੋਈ ਉਤਸ਼ਾਹ ਨਹੀਂ ਹੈ ਉਹਦੇ ਵਿਚ ਕੋਈ ਗੱਲ ਦੱਸਣ ਨੂੰ। ਸਹਿਜ ਨਾਲ ਹੀ ਤੁਰਿਆ ਆਉਂਦੈ।

ਹੇਠਾਂ ਉਤਰੇ, ਬਾਹਰ ਹੋ ਕੇ ਮਿਲੇ, ਕਹਿਣ ਲੱਗੇ, ਸਿੱਖਾ! ਕੀ ਗੱਲ ਹੈ?

ਕਹਿੰਦਾ, ਪਾਤਸ਼ਾਹ! ਚਿੱਠੀ ਤਾਂ ਪਹੁੰਚਾ ਦਿਤੀ। ਵੱਡੇ ਸਾਹਿਬਜ਼ਾਦੇ ਨੇ ਲਈ ਸੀ ਤੇ ਗੁਰੂ ਮਹਾਰਾਜ ਕੋਲ ਵੀ ਚਲੀ ਗਈ ਤੇ ਉਹਨਾਂ ਨੇ ਇਹ ਕਹਿ ਦਿਤਾ ਕਿ ਐਨੀ ਕਿਹੜੀ ਕਾਹਲੀ ਪੈ ਗਈ। ਕਿਉਂ ਵੈਰਾਗ ਦੇ ਵਿਚ ਆ ਗਏ ਐਨਾ। ਕਾਹਲੀ ਨਾ ਕਰਨ, ਅਸੀਂ ਆਪੇ ਬੁਲਾ ਲਵਾਂਗੇ।

ਪਤਾ ਲਗ ਗਿਆ ਕਿ ਚਿੱਠੀ ਪਹੁੰਚਣ ਨਹੀਂ ਦਿੰਦਾ ਇਹ, ਆਪਣੇ ਕੋਲੋਂ ਹੀ ਜਵਾਬ ਦੇ ਦਿੰਦੈ।

ਉਸ ਵੇਲੇ ਤੀਸਰਾ ਅੰਗ ਪਾ ਕੇ ਗੁਰੂ ਮਹਾਰਾਜ ਨੇ ਫੇਰ ਇਸ ਤਰ੍ਹਾਂ ਦਾ ਸੁਨੇਹਾ ਭੇਜਿਆ -

*ਧਾਰਨਾ - ਇਕ ਘੜੀ ਨਾ ਮਿਲਤੇ ਜੀ*
*ਕਲਜੁਗ ਹੋਤਾ-ਕਲਜੁਗ ਹੋਤਾ।*

ਪਿਆਰ ਦੇ ਨਾਲ ਪਤ੍ਰਿਕਾ ਲਿਖੀ ਤੇ ਪਿਆਰ ਦੀ ਨਿਸ਼ਾਨੀ, ਨੇਤਰਾਂ 'ਚੋਂ ਨਿਕਲਿਆ ਹੋਇਆ ਜਲ, ਕਾਗਜ਼ ਦੇ ਉਤੇ ਫੈਲਿਆ ਹੋਇਐ, ਕੁਝ ਅੱਖਰ ਵੀ ਫੈਲ ਗਏ।

*ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥*
*ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥*
*ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ*
*ਬਿਨੁ ਦੇਖੇ ਗੁਰ ਦਰਬਾਰੇ ਜੀਉ॥੩॥*

3 ਨੰਬਰ ਪਾ ਦਿਤਾ। ਕਹਿੰਦੇ, ਦੇਖ ਗੁਰਸਿੱਖਾ! ਬਹੁਤ ਚੌਕਸੀ ਨਾਲ ਜਾਈਂ। ਉਹ ਰਸਤਾ ਛੱਡ ਦੇ। ਹੋਰ ਰਸਤੇ ਦੀ ਹੋ ਲੈ। ਹੇਠਲਿਆਂ ਰਸਤਿਆਂ ਦੇ ਵਲੋਂ ਲੰਘ ਕੇ, ਉਧਰੋਂ ਹੀ ਮੁੜ ਕੇ ਆ। ਲਾਹੌਰ ਦੇ ਰਸਤੇ 'ਤੇ ਉਹਦੇ ਕਾਇਮ ਨੇ। ਇਸੇ ਤਰ੍ਹਾਂ ਕੀਤਾ, ਨਿਗ੍ਹਾ ਰਖੀ ਹੋਈ ਹੈ ਕਿ ਕੋਈ ਓਪਰਾ ਬੰਦਾ ਤਾਂ ਨਹੀਂ ਘੁੰਮ ਰਿਹਾ ਇਥੇ। ਉਹਦੇ ਨਾਲ ਮੇਲ ਹੋਇਆ, ਪੁਛਿਆ ਬਥੇਰਾ, ਕਹਿੰਦਾ ਮੈਂ ਤਾਂ ਇਧਰੋਂ ਆਇਆ ਹਾਂ ਦਰਸ਼ਨ ਕਰਨੇ ਹਨ। ਅਣਗੌਲਿਆ ਕਰ ਦਿਤਾ। ਸਮਾਂ ਪਾ ਕੇ ਜਿਸ ਵਕਤ ਗੁਰੂ ਮਹਾਰਾਜ ਜੀ ਸੰਗਤਾਂ ਵਿਚ ਆ ਕੇ ਬੈਠੇ। ਉਸ ਵੇਲੇ ਜਾ ਕੇ ਪੱਤ੍ਰਿਕਾ ਜਾ ਕੇ ਗੁਰੂ ਮਹਾਰਾਜ ਦੇ ਚਰਨਾਂ 'ਤੇ ਰਖ ਦਿਤੀ।

ਗੁਰੂ ਮਹਾਰਾਜ ਨੇ ਪਤ੍ਰਿਕਾ ਖੋਲ੍ਹੀ। ਨੰਬਰ ਵਾਚਿਆ ਕਿ 3 ਨੰਬਰ ਹੈ। ਕਹਿੰਦੇ, ਪਹਿਲੇ ਦੋ ਨੰਬਰ ਕਿਥੇ ਨੇ ਭਾਈ?

ਤੂੰ ਹੀ ਲਿਆਇਆ ਸੀ ਪੱਤ੍ਰਿਕਾ ਪਹਿਲਾਂ ਵੀ?

ਕਹਿੰਦਾ, ਹਾਂ ਜੀ। ਕਹਿੰਦੇ, ਸੱਚੇ ਪਾਤਸ਼ਾਹ! ਉਹ ਤਾਂ ਵੱਡੇ ਸਾਹਿਬਜ਼ਾਦੇ ਨੂੰ ਦਿਤੀਆਂ ਸੀ। ਪਰ ਤੁਹਾਡੇ ਵਲੋਂ ਹਰ ਵਾਰੀ ਸੁਨੇਹਾ ਮਿਲਦਾ ਸੀ ਕਿ ਉਥੇ ਹੀ ਰਹਿਣ ਅਜੇ, ਕਿਉਂ ਕਾਹਲੀ ਕਰਦੇ ਨੇ।

ਪਾਤਸ਼ਾਹ! ਸਾਹਿਬਜ਼ਾਦੇ ਦਾ ਹਾਲ ਸਾਡੇ ਤੋਂ ਦੇਖਿਆ ਨਹੀਂ ਜਾਂਦਾ। ਹਰ ਵਕਤ ਬਿਰਹੁੰ ਵਿਚ ਰਹਿੰਦੇ ਨੇ। ਨੇਤਰਾਂ 'ਚੋਂ ਜਲ ਚਲਦੈ। ਆਪ ਦਾ ਧਿਆਨ ਹਿਰਦੇ ਦੇ ਅੰਦਰ ਹਰ ਵਕਤ ਸਮਾਇਆ ਰਹਿੰਦੈ। ਉਹਨਾਂ ਦਾ ਸੱਚਮੁੱਚ ਉਹ ਹਾਲ ਹੋ ਰਿਹੈ ਜਿਵੇਂ ਮੱਛੀ ਦਾ ਪਾਣੀ ਤੋਂ ਵਿਛੜ ਕੇ ਹੋਇਐ ਕਰਦੈ।

ਬਾਰ-ਬਾਰ ਗੁਰੂ ਮਹਾਰਾਜ ਨੇ ਚਿੱਠੀ ਪੜ੍ਹੀ। ਬਾਬਾ ਬੁੱਢਾ ਜੀ, ਪੰਜ ਸਿੰਘ ਲੈ ਜਾਓ। ਹੁਣੇ ਹੀ ਚਲੇ ਜਾਓ। ਛੇਤੀ ਤੋਂ ਛੇਤੀ ਉਹਨਾਂ ਨੂੰ ਇਥੇ ਲੈ ਆਓ।

ਹੁਕਮ ਦੀ ਤਾਮੀਲ ਹੋ ਗਈ। ਉਹ ਗੁਰਸਿੱਖ ਵੀ ਜਾ ਰਿਹੈ ਨਾਲ। ਗੁਰੂ ਮਹਾਰਾਜ ਉਪਰ ਖੜ੍ਹੇ ਇੰਤਜ਼ਾਰ ਕਰਦੇ ਨੇ, ਸਵੇਰ ਦੇ ਹੀ ਖੜ੍ਹੇ ਨੇ। ਘੋੜਿਆਂ ਦੇ ਪੌੜਾਂ ਦੇ ਨਾਲ ਲਗ ਕੇ ਧੂੜ ਉਡਦੀ ਦੇਖੀ। ਕਾਹਲੀ ਦੇਖੀ। ਮਨ ਵਿਚ ਆਇਆ ਕਿ ਹੋਵੇ ਨਾ ਤਾਂ ਗੁਰਸਿੱਖ ਆ ਰਹੇ ਹੋਣਗੇ ਮੇਰੇ ਪਾਤਸ਼ਾਹ ਵਲੋਂ। ਉਸੇ ਰੁਖ ਨੂੰ ਆ ਗਏ। ਜਾ ਕੇ ਬਹੁਤ ਹੀ ਸਤਿਕਾਰ ਪਿਆਰ ਦੇ ਨਾਲ ਦਰਸ਼ਨ ਮੇਲੇ ਹੋਏ। ਕਹਿਣ ਲੱਗੇ, ਮਹਾਰਾਜ! ਆਪ ਨੂੰ ਹੁਣੇ ਬੁਲਾਇਐ। ਇਸੇ ਤਰ੍ਹਾਂ ਤਿਆਰੀ ਕਰੋ ਤੇ ਸਾਡੇ ਨਾਲ ਹੀ ਵਾਪਸ ਚੱਲੋ।

ਗੁਰੂ ਮਹਾਰਾਜ ਜੀ ਉਸੇ ਤਰ੍ਹਾਂ ਦੇ ਨਾਲ ਤਿਆਰ ਹੋ ਗਏ। ਨਾਲ ਕੁਛ ਸੰਗਤ ਦੇ ਸਰੀਰ ਤਿਆਰ ਹੋ ਗਏ। ਤੇਜ਼ ਘੋੜੇ ਸਨ, ਛੇਤੀ ਤੋਂ ਛੇਤੀ ਆਪ ਗੁਰੂ ਦਰਬਾਰ 'ਚ ਪਹੁੰਚਦੇ ਨੇ। ਉਸ ਵੇਲੇ ਗੁਰੂ ਮਹਾਰਾਜ ਦਰਬਾਰ ਦੇ ਵਿਚ ਸਸ਼ੋਭਿਤ ਨੇ। ਸੰਗਤਾਂ ਸਾਰੀਆਂ ਉਹਨਾਂ ਦੇ ਪ੍ਰਵਚਨ ਸੁਣ ਰਹੀਆਂ ਨੇ। ਜਦੋਂ ਇਹ ਬਾਬਾ ਬੁੱਢਾ ਤੇ ਸਿੱਖਾਂ ਦੇ ਨਾਲ ਰਲ ਕੇ ਉਥੇ ਪਹੁੰਚਦੇ ਨੇ ਤਾਂ ਆਪ ਸੰਗਤ ਦੇ

ਜੋੜੇ ਲਾਹੁਣ ਵਾਲੀ ਥਾਂ 'ਤੇ ਖੜ੍ਹੇ ਹੋ ਕੇ ਇਸ ਤਰ੍ਹਾਂ ਦੇ ਨਾਲ ਬੇਨਤੀ ਕਰਦੇ ਨੇ –

*ਧਾਰਨਾ – ਜਿਤ ਦਰਸ਼ਨ ਕਰਲਾਂ ਤੇਰਾ,*
*ਸੋਈ ਵੇਲਾ ਧੰਨ ਹੈ ਗੁਰਾ।*

*ਧਨੁ ਸੁ ਵੇਲਾ ਜਿਤੁ ਦਰਸਨੁ ਕਰਣਾ ॥*
*ਹਉ ਬਲਿਹਾਰੀ ਸਤਿਗੁਰ ਚਰਣਾ ॥* *ਅੰਗ – ੯੬੨*

ਬਾਰ-ਬਾਰ ਸ਼ਬਦ ਪੜ੍ਹਿਆ, ਸੁਣਨ ਵਾਲੀ ਸੰਗਤ ਨੂੰ ਬਿਰਹੋਂ ਦੀਆਂ ਝਰਨਾਟਾਂ ਲੱਗੀਆਂ। ਸਵਾ ਸਾਲ ਤੋਂ ਬਾਅਦ ਸਾਹਿਬਜ਼ਾਦੇ ਦੇ ਦਰਸ਼ਨ ਕਰਕੇ ਤੇ ਉਹਨਾਂ ਦੀ ਬਿਹਬਲਤਾ ਨੂੰ ਤੱਕ ਨੇਤਰ ਸੰਗਤਾਂ ਦੇ ਜਲ ਨਾਲ ਭਰ ਗਏ। ਗੁਰੂ ਮਹਾਰਾਜ ਦੇ ਨੇਤਰਾਂ 'ਚ ਵੀ ਜਲ ਆ ਗਿਆ। ਕੋਲ ਬਿਠਾ ਲਿਆ, ਕਹਿਣ ਲੱਗੇ, ਬੇਟਾ! ਇਸ ਚਿੱਠੀ ਦੇ ਉਤੇ ਤੁਸੀਂ ਤਿੰਨ ਨੰਬਰ ਪਾਇਆ। ਪਹਿਲੀਆਂ ਦੋ ਕਿੱਥੇ ਨੇ?

ਕਹਿਣ ਲੱਗੇ, ਪਿਤਾ ਜੀ! ਇਸ ਗੁਰਸਿੱਖ ਨੂੰ ਪਤਾ ਹੈ। ਦਸ ਭਾਈ, ਸਿੱਖਾ।

ਉਹ ਕਹਿਣ ਲੱਗਿਆ, ਪਾਤਸ਼ਾਹ! ਚਿੱਠੀ ਲੈ ਕੇ ਆਉਂਦਾ ਸੀ ਤੇ ਵੱਡੇ ਸਾਹਿਬਜ਼ਾਦਾ ਜੀ ਨੂੰ ਮੈਂ ਦਿਤੀਆਂ ਨੇ ਤੇ ਉਹ ਤੁਹਾਨੂੰ ਮਿਲ ਕੇ ਸੁਨੇਹਾ ਦੇ ਦਿੰਦੇ ਸੀ ਕਿ ਐਨੀ ਕਾਹਲੀ ਕਿਉਂ ਕਰਦੈ, ਉਥੇ ਰਹੇ ਅਜੇ। ਐਨੀ ਕਾਹਲੀ ਨਹੀਂ ਕਰਨੀ ਚਾਹੀਦੀ, ਸੰਗਤਾਂ ਨੂੰ ਉਪਦੇਸ਼ ਦੇਵੇ, ਸਾਡੀਆਂ ਖੁਸ਼ੀਆਂ ਨੇ। ਸਾਡੇ ਧਿਆਨ ਵਿਚ ਨੇ।

ਮਹਾਰਾਜ! ਮੈਂ ਇਹ ਬਚਨ ਕਹਿ ਦਿੰਦਾ ਸੀ।

ਦੂਜੀ ਵਾਰੀ ਫੇਰ ਭੇਜਿਆ, ਚਿੱਠੀ ਸਾਹਿਬਜ਼ਾਦੇ ਨੇ ਲਈ। ਪਹਿਲਾਂ ਹੀ ਬੰਦੇ ਖੜ੍ਹਾਏ ਹੋਏ ਸੀ ਰਸਤੇ ਉਹਨੇ। ਕਿਉਂਕਿ ਜਾਣਦਾ ਸੀ ਕਿ ਦਿਨ ਹੁਣ ਤਾਂ ਥੋੜ੍ਹੇ ਹੀ ਰਹਿ ਗਏ। ਇਕ-ਦੋ ਦਿਨ ਹੀ ਰਹਿ ਗਏ। ਬਹੁਤਾ ਸਮਾਂ ਨਹੀਂ ਹੈ। ਜੇ ਇਹ ਸਮਾਂ ਲੰਘ ਗਿਆ ਤਾਂ ਸਮਝੋ ਲੰਘ ਗਿਆ। ਛਲ ਕਰਨ ਵਾਲਾ ਬੰਦਾ ਹਜ਼ਾਰ ਛਲ ਕਰਦੈ।ਸੰਤਾਂ ਦੇ ਕੋਲ ਜਿਹੜੀਆਂ ਬਰਕਤਾਂ ਹੁੰਦੀਐਂ, ਉਹ ਵਿਰਾਸਤ ਨਹੀਂ ਹੁੰਦੀ, ਨਦਰ ਹੋਇਆ ਕਰਦੀ ਹੈ। ਉਹ ਤਾਂ ਖੁਸ਼ੀਆਂ ਦੇ ਨਾਲ ਅਗਾਂਹਾਂ ਜਾਇਆ ਕਰਦੀਆਂ ਨੇ। ਨਹੀਂ ਤਾਂ ਰਹਿ ਜਾਇਆ ਕਰਦੀਆਂ ਨੇ। ਜ਼ੋਰ ਨਾਲ ਨਹੀਂ ਕੋਈ ਲੈ ਸਕਦਾ, ਛਲ ਨਾਲ ਨਹੀਂ ਕੋਈ ਲੈ ਸਕਦਾ, ਕਪਟ ਨਾਲ ਨਹੀਂ ਲੈ ਸਕਦਾ। ਜਿੰਨਾਂ ਜੀਅ ਕਰਦੈ, ਜੁਗਤਾਂ ਕਰਕੇ ਦੇਖ ਲਓ। ਉਹ ਧੁਰ ਦਰਗਾਹ ਦੀ ਚੀਜ਼ ਹੁੰਦੀ ਹੈ। ਦਰਗਾਹ ਵਲੋਂ ਆਉਂਦੈ ਹੁਕਮ ਕਿ ਇਹਨੂੰ ਦੇ ਦੇ। ਇਹਨੂੰ ਸੰਭਾਲ ਦੇ। ਉਹ ਤਾਂ ਦਰਗਾਹ ਦਾ ਕੰਮ ਚੱਲ ਰਿਹੈ। ਆਪਣਾ ਤਾਂ ਇਸ 'ਚ ਕੋਈ ਅਧਿਕਾਰ ਨਹੀਂ ਹੈ। ਬਾਲ-ਬੱਚਿਆਂ 'ਚੋਂ, ਮੈਨੇਜਰਾਂ 'ਚੋਂ, ਕਮੇਟੀਆਂ 'ਚੋਂ ਤਾਂ ਛਾਂਟ ਲਉ ਕਿ ਆਹ ਬੰਦੇ ਨੂੰ ਦੇ ਦੇਈਏ। ਸੰਤਾਂ ਦੀ ਤਾਂ ਹਰ ਗੱਲ ਹੁਕਮ 'ਚ ਹੋ ਰਹੀ ਹੁੰਦੀ ਹੈ। ਦਰਗਾਹ ਵਲੋਂ ਜਿਸਨੂੰ ਹੁਕਮ ਹੁੰਦੈ, ਉਹਨੂੰ ਮਿਲ ਜਾਂਦੈ। ਸੋ ਜ਼ੋਰ ਨਾਲ ਲੈਣਾ ਚਾਹੁੰਦਾ ਹੈ ਗੱਦੀ। ਛਲ ਨਾਲ ਲੈਣਾ ਚਾਹੁੰਦੈ, ਫਰੇਬ ਨਾਲ, ਚਲਾਕੀ ਨਾਲ।

ਉਸ ਵੇਲੇ ਗੁਰੂ ਮਹਾਰਾਜ ਨੇ ਕਿਹਾ ਕਿ ਪ੍ਰਿਥੀ ਚੰਦ ਨੂੰ ਬੁਲਾਓ।

ਬੁਲਾਉਣ ਗਿਆ। ਕਹਿਣ ਲੱਗਿਆ, ਕੀਹਨੇ ਲਿਆਂਦੀ ਸੀ ਚਿੱਠੀ।

ਕਹਿਣ ਲੱਗੇ, ਉਸੇ ਸਿੱਖ ਨੇ ਲਿਆਂਦੀ ਸੀ। ਉਹ ਹੋਰ ਰਸਤੇ ਆ ਗਿਆ ਸੀ।

ਕਹਿੰਦਾ ਇਹ ਵੀ ਅਜੀਬ ਹੀ ਗੱਲ ਕਰਦੇ ਨੇ। ਇਸ ਤਰ੍ਹਾਂ ਕੀ ਗੱਦੀ ਲੈ ਜਾਊ ਇਹ। ਨਾਲੇ ਮੈਂ ਲੈਣ ਦੂੰ ਇਹਨੂੰ। ਭਰਿਆ ਪੀਤਿਆ ਮਹਾਰਾਜ ਦੇ ਕੋਲ ਚਲਿਆ ਗਿਆ।

ਕਹਿੰਦੇ, ਬੇਟਾ! ਪ੍ਰਿਥੀਚੰਦ ਆਹ ਤੀਸਰਾ ਅੰਕ ਪਾਇਆ ਹੋਇਐ ਚਿੱਠੀ 'ਤੇ। ਦੋ ਪਹਿਲਾਂ ਆਈਆਂ ਨੇ, ਤੁਹਾਨੂੰ ਇਸ ਗੁਰਸਿੱਖ ਨੇ ਦਿਤੀਆਂ ਨੇ। ਤੂੰ ਸਾਡੇ ਕੋਲ ਕਿਉਂ ਨਹੀਂ ਪਹੁੰਚਾਈਆਂ?

ਕਹਿੰਦਾ, ਮਹਾਰਾਜ! ਪਹੁੰਚਾ ਦਿਤੀਆਂ ਹੋਣੀਆਂ। ਤੁਹਾਨੂੰ ਕਿਤੇ ਯਾਦ ਰਹਿੰਦੈ ਕਿ ਤੁਹਾਡੇ ਕੋਲ ਕਿਹੜੀ ਪਹੁੰਚੀ ਕਿ ਨਹੀਂ ਪਹੁੰਚੀ। ਇਥੇ ਹੀ ਗੁੰਮ ਹੋ ਗਈਆਂ ਹੋਣੀਆਂ ਤੁਹਾਡੇ ਬੰਦਿਆਂ ਕੋਲੋਂ ਜਿਹੜੇ ਤੁਹਾਡੇ ਨਾਲ ਰਹਿੰਦੇ ਨੇ ਹਰ ਵਕਤ। ਮੈਂ ਕੀ ਕਰਨੀਆਂ ਸੀ ਰੱਖ ਕੇ, ਉਹ ਕੀ ਹੁੰਡੀਆਂ ਸੀ ਜੋ ਮੈਂ ਰੱਖ ਲੈਂਦਾ, ਚਿੱਠੀਆਂ ਸੀ। ਪਹਿਲਾਂ ਤਾਂ ਮੈਨੂੰ ਕਿਸੇ ਨੇ ਦਿਤੀ ਹੀ ਨਹੀਂ ਚਿੱਠੀ, ਸਿੱਖ ਝੂਠ ਬੋਲਦੈ।

ਮਹਾਰਾਜ ਕਹਿੰਦੇ, ਕਿਉਂ ਗੁਰਸਿੱਖਾ?

ਕਹਿਣ ਲੱਗਿਆ, ਸੱਚੇ ਪਾਤਸ਼ਾਹ! ਮੈਂ ਤਾਂ ਚਿੱਠੀ ਇਹਨਾਂ ਨੂੰ ਲਿਆ ਕੇ ਫੜਾਉਂਦਾ ਰਿਹਾਂ।

ਕਹਿਣ ਲੱਗਿਆ, ਮੇਰੇ ਕੋਲ ਨਹੀਂ ਹਨ ਮਹਾਰਾਜ।

ਮਹਾਰਾਜ ਕਹਿਣ ਲੱਗੇ, ਸਿੱਖ ਨੂੰ ਕਿ ਬੀਬੀ ਕਰਮੋਂ ਤੋਂ ਇਹਨਾਂ ਦਾ ਜਾਮਾ ਜਿਹੜਾ ਹੁਣ ਇਸ਼ਨਾਨ ਕਰਕੇ ਬਦਲਿਐ ਨਾ। ਉਹ ਲੈ ਆ।

ਉਹ ਸਿੱਖ ਜਾਂਦੈ। ਕਹਿਣ ਲੱਗਿਆ, ਮਾਤਾ ਜੀ! ਪ੍ਰਿਥੀਚੰਦ ਜੀ ਨੇ ਜਿਹੜਾ ਜਾਮਾ ਹੁਣ ਬਦਲਿਆ ਹੈ ਉਹ ਮੰਗਾਇਆ ਹੈ। ਉਹਨੇ ਚੁਕਿਆ, ਲਾਹਿਆ ਕਿਲੀ ਤੋਂ, ਫੜਾ ਦਿਤਾ।

ਮਹਾਰਾਜ ਦੇ ਹਜ਼ੂਰ ਆ ਗਿਆ। ਮਹਾਰਾਜ ਨੇ ਜੇਬ 'ਚ ਹੱਥ ਪਾਇਆ। ਤਾਂ ਦੋਵੇਂ ਚਿੱਠੀਆਂ ਨਿਕਲ ਆਈਆਂ। ਮਹਾਰਾਜ ਕਹਿੰਦੇ, ਪ੍ਰਿਥੀ ਚੰਦ! ਕਿਉਂ ਝੂਠ ਬੋਲਦੈਂ ਪੁੱਤਰਾ! ਚਿੱਠੀਆਂ ਤੇਰੀ ਜੇਬ ਵਿਚ ਨੇ।

ਕਹਿੰਦਾ, ਇਸ ਸਿੱਖ ਨੇ ਪਾ ਦਿਤੀਆਂ ਹੋਣੀਆਂ।

ਇਹੀ ਜਾਮਾ ਲਿਆਇਆ ਹੈ ਨਾ ਮੇਰੇ ਘਰੋਂ। ਮੇਰੇ ਦਿਲ 'ਚ ਤਾਂ ਕੁਛ ਨਹੀਂ ਸੀ, ਇਹਦੇ ਕੋਲ ਹੀ ਹੋਣੀਆਂ ਨੇ। ਇਹ ਝੂਠ ਬੋਲਦੈ। ਸਾਨੂੰ ਲੜਾਉਣਾ ਚਾਹੁੰਦੈ ਆਪਸ ਵਿਚ।

ਕਹਿਣ ਲੱਗੇ, ਪੁੱਤਰ! ਐਵੇਂ ਛਲ ਨਹੀਂ ਕਰੀਦੇ, ਕਪਟ ਨਹੀਂ ਕਰੀਦੇ।

ਕਹਿੰਦਾ, ਮਹਾਰਾਜ ਇਹਦੇ 'ਚ ਕੀ ਫਰਕ ਪੈ ਜਾਊ। ਚਾਰ ਅੱਖਰ ਹੀ ਲਿਖੇ ਹੋਏ ਨੇ। ਮੈਂ ਲਿਖ ਦਿੰਨਾਂ।

ਕਹਿੰਦੇ, ਲਿਖਦੇ, ਪੂਰੀ ਕਰ ਦੇ ਚਿੱਠੀ।

ਉਹ ਅਹੁੜਦੀ ਨਹੀਂ ਕੋਈ ਗੱਲ ਵੀ। ਝੁੰਜਲਾ ਗਿਆ ਉਸ ਵੇਲੇ।

ਉਸ ਵੇਲੇ ਮਹਾਰਾਜ ਨੇ ਕਿਹਾ ਬੇਟਾ! ਤੈਨੂੰ ਅਸੀਂ ਗੁਰੂ ਨਾਨਕ ਰੂਪ ਬਣਾਉਂਦੇ ਹਾਂ। ਹੁਣ ਤੂੰ ਨਾਨਕ ਦਾ ਅੱਖਰ ਵਰਤ ਕੇ, ਅਗਲਾ ਜਿਹੜਾ ਚੌਥਾ ਅੰਕ ਹੈ ਉਹ ਪੂਰਾ ਕਰ ਦੇ। ਉਸ ਵੇਲੇ ਆਪ ਨੇ, ਕਲਮ ਦਵਾਤ ਲਈ ਤੇ ਇਸ ਤਰ੍ਹਾਂ ਆਪ ਨੇ ਚੌਥਾ ਅੰਕ ਪੂਰਾ ਕੀਤਾ–

*ਧਾਰਨਾ – ਪ੍ਰਭ ਜੀ ਨੂੰ ਮੇਲ 'ਤਾ,*
*ਪੂਰਿਆਂ ਗੁਰਾਂ ਨੇ ਪਿਆਰੇ।*
*ਭਾਗੁ ਹੋਆ ਗੁਰਿ ਸੰਤੁ ਮਿਲਾਇਆ॥*
*ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥*
*ਸੇਵ ਕਰੀ ਪਲੁ ਚਸਾ ਨ ਵਿਛੁੜਾ*
*ਜਨ ਨਾਨਕ ਦਾਸ ਤੁਮਾਰੇ ਜੀਉ॥੪॥*
*ਹਉ ਘੋਲੀ ਜੀਉ ਘੋਲਿ ਘੁਮਾਈ*
*ਜਨ ਨਾਨਕ ਦਾਸ ਤੁਮਾਰੇ ਜੀਉ॥ ਰਹਾਉ॥੧॥੮॥*

ਸ਼ਰਮਿੰਦਾ ਹੋ ਗਿਆ ਪ੍ਰਿਥੀ ਚੰਦ। ਬਾਬਾ ਬੁੱਢਾ ਜੀ! ਸਾਡਾ ਕੱਲ੍ਹ ਦਾ ਦਿਨ ਅੰਤਮ ਹੈ। ਤਿਆਰੀ ਕਰੋ ਗੁਰਿਆਈ ਦੀ। ਜੋ ਸਵਾਸ ਸਾਨੂੰ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਪਾਸੋਂ ਮਿਲੇ ਸੀ। ਉਹ ਕੱਲ੍ਹ ਨੂੰ ਦੁਪਹਿਰ ਵੇਲੇ ਪੂਰੇ ਹੋ ਜਾਣਗੇ।

ਪ੍ਰਿਥੀ ਚੰਦ ਕਹਿਣ ਲੱਗਿਆ, ਦੇਖੋ, ਗੁਰਿਆਈ ਮੈਂ ਬਿਲਕੁਲ ਨਹੀਂ ਇਹਨੂੰ ਦੇਣ ਦੇਣੀ। ਮੈਨੂੰ ਤੁਸੀਂ ਨਿਕਾਰ ਦਿਤਾ। ਮੈਂ ਸਾਰੀ ਜ਼ਿੰਦਗੀ ਸੰਗਤਾਂ ਸਾਂਭਦਾ ਰਿਹਾ, ਜ਼ਮੀਨਾਂ ਸਾਂਭਦਾ ਰਿਹਾ, ਪੈਸੇ ਸਾਂਭਦਾ ਰਿਹਾ। ਆਹ ਸਰੋਵਰ ਦੇ ਸਾਰੇ ਖਰਚਿਆਂ ਦਾ ਹਿਸਾਬ ਕਿਤਾਬ ਰਖਦਾ ਰਿਹਾ। ਇਹਨੇ ਕੀ ਕਰਿਐ? ਮੈਨੂੰ ਸਮਝਾਓ, ਇਹਨੇ ਕੀ ਕਰਿਆ। ਉਮਰ ਵਿਚ ਮੇਰੇ ਤੋਂ ਛੋਟਾ। ਇਕ ਐਨਾ ਹੀ ਹੈ ਕਿ ਇਹ ਲਿਖਣ ਜਾਣਦੈ। ਹੋਰ ਤਾਂ ਇਹਦੇ ਵਿਚ ਕੋਈ ਕਾਬਲੀਅਤ ਨਹੀਂ ਹੈ ਤੇ ਤੁਸੀਂ ਗੁਰਿਆਈ ਇਹਨੂੰ ਦੇ ਰਹੇ ਹੋਂ ਤੇ ਮੈਨੂੰ ਛੱਡ ਰਹੇ ਹੋਂ। ਦੇਖੋ, ਪਿਤਾ ਜੀ! ਜੇ ਮੈਨੂੰ ਛੱਡ ਦਿਤਾ। ਮੈਂ ਗੁਰਿਆਈ ਇਹਦੀ ਚੱਲਣ ਨਹੀਂ ਦੇਣੀ।

ਮਹਾਰਾਜ ਕਹਿਣ ਲੱਗੇ ਕਿ ਪਿਆਰਿਆ! ਕਦੇ ਮਾਤਾ ਪਿਤਾ ਨਾਲ ਵੀ ਬੱਚੇ ਝਗੜਦੇ ਹੁੰਦੇ ਨੇ। ਨਾਲੇ ਗੁਰਿਆਈ ਕੋਈ ਵਿਰਾਸਤ ਹੈ। ਇਹ ਤਾਂ ਵਾਹਿਗੁਰੂ ਦੇ ਵਲੋਂ ਧੁਰ ਦਰਗਾਹ ਦੀ ਚੀਜ਼ ਹੈ। ਜਿਸ ਹਿਰਦੇ 'ਚ ਇਹ ਟਿਕ ਸਕੇਗੀ ਭਾਰੀ ਚੀਜ਼, ਉਸੇ ਅਧਿਕਾਰੀ ਦੇ ਕੋਲ ਜਾਏਗੀ। ਪਿਆਰਿਆ! ਤੇਰਾ ਹਿਰਦਾ ਬੜਾ ਗਲਤ ਹੈ। ਤੂੰ ਦੁਨੀਆਂਦਾਰ ਹੈਂ ਵੱਡਾ। ਦੁਨਿਆਂਦਾਰੀ 'ਚ ਹੁਸ਼ਿਆਰ ਹੈਂ। ਪਰ ਤੈਨੂੰ ਰੂਹਾਨੀਅਤ ਦਾ ਤਾਂ ੳ, ਅ ਵੀ ਨਹੀਂ ਆਉਂਦਾ ਅਜੇ। ਤੇਰਾ ਦਿਮਾਗ ਤਾਂ ਹਨ੍ਹੇਰੇ ਨਾਲ ਭਰਿਆ ਪਿਐ, ਮਾਇਆ ਦੇ ਅਸਰ ਵਿਚ। ਇਕ ਕਿਰਨ ਵੀ ਨਹੀਂ ਹੈ ਗਿਆਨ ਦੀ ਤੇਰੇ ਅੰਦਰ। ਬਾਕੀ ਰਿਹਾ ਤੂੰ ਕਹਿੰਦਾ ਕਿ ਗੁਰਿਆਈ ਚੱਲਣ ਨਹੀਂ ਦੇਣੀ, ਜਿਹਦੇ ਉਤੇ ਪ੍ਰਭੂ ਦਾ ਹੱਥ ਹੋਏਗਾ। ਉਹਦੀ ਨਹੀਂ ਕਦੇ ਹਾਰ ਹੋਇਆ ਕਰਦੀ –

*ਧਾਰਨਾ – ਉਹ ਤਾਂ ਕਦੇ ਵੀ ਨਾ ਹਾਰਦਾ,*
*ਰੱਬ ਜਿਹਦੇ ਹੋ ਜਾਏ ਵਲ।*
*ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ ॥ ਅੰਗ – ੫੧੯*

ਇਹ ਧਮਕੀਆਂ ਨਾ ਦੇਹ। ਗੁਰੂ ਨਾਨਕ ਦੀ ਗੱਦੀ ਹੈ। ਇਹਨੇ ਚਲਦੇ ਹੀ ਰਹਿਣਾ ਜੁਗਾਂ ਜੁਗਾਂਤਰਾਂ ਤਕ।

ਮਹਾਰਾਜ ਜੀ ਨੇ ਬਾਬਾ ਬੁੱਢਾ ਜੀ ਨੂੰ ਕਿਹਾ ਕਿ ਤੁਸੀਂ ਤਿਆਰੀ ਕਰੋ। ਗੋਇੰਦਵਾਲ ਸਾਹਿਬ ਪਹੁੰਚੋ। ਉਥੇ ਪਹੁੰਚਦੇ ਨੇ ਤੇ ਆਪ ਨੇ ਗੁਰਿਆਈ ਦੀ ਰਸਮ ਪੂਰੀ ਕੀਤੀ। ਉਸ ਤੋਂ ਬਾਅਦ ਥੋੜ੍ਹਾ ਜਿਹਾ ਬੁਖਾਰ ਹੋਇਆ ਤੇ ਮਹਾਰਾਜ ਜੀ ਨੇ ਸਰੀਰ ਛੱਡ ਦਿਤਾ। ਭੋਗ ਵਾਲੇ ਦਿਨ ਬੜਾ ਕਲੇਸ਼ ਕਰਿਆ ਉਸ ਨੇ। ਬੜਾ ਜ਼ੋਰ ਲਾਇਆ ਕਿ ਪੱਗ ਨਹੀਂ ਮੈਂ ਬੰਨ੍ਹਣ ਦੇਣੀ ਸਿਰ 'ਤੇ।

ਗੁਰੂ ਅਰਜਨ ਪਾਤਸ਼ਾਹ ਜੀ ਕਹਿਣ ਲੱਗੇ, ਭ੍ਰਾਤਾ ਜੀ! ਤੁਸੀਂ ਵੱਡੇ ਹੋਂ। ਪਰਿਵਾਰ ਦੀ ਦਸਤਾਰ ਜਿਹੜੀ ਹੈ ਉਹ ਤੁਹਾਡੇ ਸੀਸ 'ਤੇ ਹੋਏਗੀ। ਇਸੇ ਤਰ੍ਹਾਂ ਦੇ ਨਾਲ ਆਪ ਹੱਥ ਨਾਲ ਉਹਨਾਂ ਨੂੰ ਦੇ ਦਿਤੀ। ਇਹ ਸਜਾਓ ਤੁਸੀਂ ਤੇ ਆਪ ਗੁਰਗੱਦੀ ਦੇ ਉਤੇ ਸਸ਼ੋਭਿਤ ਹੋਏ।

ਸੋ ਉਹਨਾਂ ਦਾ ਭਰੋਸਾ, ਪਿਆਰ, ਅਧੀਨਗੀ, ਗੁਰਮਤਿ ਦੇ ਅਨੁਸਾਰ ਚਲਣਾ, ਫਲ ਜੋ ਸਭ ਤੋਂ ਉੱਤਮ ਸੀ ਉਹ ਪ੍ਰਾਪਤ ਕਰ ਲਿਆ।

ਸੋ ਮੈਂ ਬੇਨਤੀ ਕਰਦਾ ਸੀ ਕਿ ਸਤਿਗੁਰੂ ਦੀ ਸੇਵਾ 'ਚ ਲਗ ਕੇ ਸਾਰੇ ਹੀ ਫਲ ਪ੍ਰਾਪਤ ਹੋ ਜਾਂਦੇ ਹਨ ਤੇ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ ਤੇ ਗੁਰੂ ਅੰਦਰੋਂ ਹੀ ਰੱਬ ਨੂੰ ਦਿਖਾ ਦਿੰਦੈ। ਗੁਰੂ 'ਚ ਇਹ ਵਿਸ਼ੇਸ਼ਤਾ ਹੈ। ਵਾਹਿਗੁਰੂ ਕਿੱਥੇ ਹੈ? ਕਹਿੰਦੇ –

*ਘਰਿ ਰਤਨ ਲਾਲ ਬਹੁ ਮਾਣਕ ਲਾਦੇ*
*ਮਨੁ ਭ੍ਰਮਿਆ ਲਹਿ ਨ ਸਕਾਈਐ ॥ ਅੰਗ– ੧੧੭੯*

ਮਨ ਭ੍ਰਮਿਆ ਹੋਇਆ ਉਹਨੂੰ ਪਾ ਨਹੀਂ ਸਕਦਾ।

*ਜਿਉ ਓਡਾ ਕੂਪੁ ਗੁਹਜ ਖਿਨ ਕਾਢੈ*
*ਤਿਉ ਸਤਿਗੁਰਿ ਵਸਤੁ ਲਹਾਈਐ ॥ ੨ ॥ ਅੰਗ– ੧੧੭੯*

ਆਹ ਜਿਹੜੇ ਓਡ ਨੇ, ਸੂੰਗਾ ਕਹਿੰਦੇ ਨੇ। ਉਹਨਾਂ 'ਚ ਇਕ ਜਾਤ ਹੁੰਦੀ ਹੈ। ਉਹਨਾਂ ਨੂੰ ਕਹੋ ਇਕ ਇਥੇ ਉਡਾਰ ਦੇ ਟਿੱਬੇ ਨੇ। ਇਥੇ ਸਾਡੇ ਬਜ਼ੁਰਗ ਦਸਦੇ ਹੁੰਦੇ ਕਿ ਇਥੇ ਇਕ ਖੂਹ ਹੈ, ਹੁਣ ਟਿੱਬੇ ਕੁਛ ਉਡ ਗਏ ਨੇ। ਕ੍ਰਿਪਾ ਕਰਕੇ ਦੱਸ ਕਿ ਖੂਹ ਕਿੱਥੇ ਹੈ? ਦੋ ਤਰੀਕੇ ਹੁੰਦੇ ਸੀ ਉਹਨਾਂ ਕੋਲ, ਇਕ ਤਾਂ ਇਹ ਹੁੰਦਾ ਕਿ ਬੱਕਰੀਆਂ ਲਿਆ ਕੇ ਛੱਡ ਦਿੰਦੇ ਸੀ ਉਥੇ। ਬੱਕਰੀ ਨੂੰ ਸੋਝੀ ਹੈ ਕਿ ਜਿੱਥੇ ਕੋਈ ਟੋਆ ਹੋਵੇ, ਖੂਹ ਹੋਵੇ, ਉਹਦੇ ਵਿਚ ਦੀ ਨਹੀਂ ਲੰਘਦੀ ਕਦੇ ਵੀ। ਚਾਹੇ ਮਿੱਟੀ ਨਾਲ ਭਰਿਆ ਹੋਵੇ, ਉਹ ਵਲ ਪਾ ਕੇ ਲੰਘਦੀ ਹੈ। ਉਹ ਇਕੱਠੀਆਂ ਬੱਕਰੀਆਂ ਛੱਡ ਦਿੰਦੇ ਨੇ, ਉਹ ਖਾਲੀ ਥਾਂ ਗੋਲਾਈ 'ਚ ਹੋ ਜਾਂਦੇ। ਉਹ ਜਾਣ ਜਾਂਦੇ ਨੇ ਕਿ ਇਥੇ ਖੂਹ ਹੈ। ਦੂਜਾ ਉਹਨਾਂ ਨੂੰ ਕੁਛ ਸੋਝੀ ਵੀ ਐਸੀ ਹੈ, ਉਹ ਅਸਲੀ ਥਾਂ ਦੇਖ ਉਸੇ ਵੇਲੇ ਕੱਢ ਦਿੰਦੇ ਨੇ ਕਿ ਇਥੇ ਖੂਹ ਹੈ।

ਮਹਾਰਾਜ ਕਹਿੰਦੇ, ਇਵੇਂ ਜਿਵੇਂ ਜੋ ਸਮਰੱਥ ਗੁਰੂ ਹੈ, ਉਹ ਅੰਦਰ ਜਿਥੇ ਪ੍ਰਭੂ ਵਸਦੈ –

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ ॥ ੧ ॥ ਅੰਗ– ੧੦੩੩*

ਉਸ ਥਾਂ ਪ੍ਰਮੇਸ਼ਰ ਲਭਾ ਦਿਆ ਕਰਦੈ ਕਿ ਇਥੇ ਹੈ ਪ੍ਰਮੇਸ਼ਰ ਤੇਰੇ ਅੰਦਰ। ਪੰਜ ਤੱਤ, ਪੱਚੀ ਪ੍ਰਕ੍ਰਿਤੀਆਂ, ਪੰਜ ਕਰਮ ਇੰਦਰੇ, ਪੰਜ ਗਿਆਨ ਇੰਦਰੇ, ਪੰਜ ਪ੍ਰਾਣ, ਚੁਤਿਸ਼ਟਾ, ਅੰਤਸ਼ਕਰਣ, ਇਹਨਾਂ ਤੋਂ ਨਿਆਰਾ ਜਿਹੜਾ ਹੈ ਇਸ ਸਰੀਰ ਦੇ ਅੰਦਰ ਸਾਖੀ ਆਤਮਾ, ਜੋ ਸਦਾ ਹੀ ਸਤਿ, ਚਿਤ, ਅਨੰਦ ਰਹਿੰਦਾ ਹੈ ਤੇ ਬ੍ਰਹਮ ਰੂਪ ਹੈ। ਪੰਜਾਂ ਕੋਸ਼ਾਂ, ਪੰਜਾਂ ਕਲੇਸ਼ਾਂ, ਅਵਿਦਿਆ, ਅਭਿਨਿਵੇਸ਼, ਅਸਿਮਿਤਾ, ਰਾਗ, ਦ੍ਵੈਸ਼, ਪੰਜ ਬਿਰਤੀਆਂ, ਪ੍ਰਮਾਣ, ਵਿਪਰਜੇ, ਨਿੰਦਰਾ, ਸਿਮ੍ਰਤੀ, ਵਿਖਸ਼ੇਪ, ਵਿਕਲਪ; ਤਿੰਨ ਦੁਖ – ਅਧਿਆਤਮ, ਅਧਿਦੈਨਕ, ਅਧਿਭੂਤਕ। ਪੰਜ ਚਿੱਤ ਦੀਆਂ ਹਾਲਤਾਂ ਮੂੜ੍ਹਤਾ, ਵਿਖਸ਼ੇਪਤਾ, ਲੀਨਤਾ, ਇਕਾਗਰਤਾ, ਨਿਰੁੱਧ। ਪੰਜ ਚੋਰ – ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ। ਪੰਜ ਵਿਸ਼ੇ – ਸ਼ਬਦ, ਸਪਰਸ਼, ਰੂਪ, ਰਸ, ਗੰਧ। ਪੰਜ ਅਭਿਮਾਨ–ਰਾਜ, ਮਾਲ, ਰੂਪ, ਜਾਤ, ਜੋਬਨ, ਪੰਜੇ ਠੱਗ। ਚਾਰ ਅਗਨੀਆਂ – ਹੰਸ, ਹੇਤ, ਕੋਪ, ਲੋਭ। ਚਾਰੇ ਨਦੀਆਂ – ਪੰਜ ਤੱਤ–ਪੰਜ ਵਿਸ਼ੇ – ਤਿੰਨ ਗੁਣ। ਇਹਨਾਂ ਸਾਰਿਆਂ ਤੋਂ ਨਿਆਰਾ ਕਰਕੇ, ਇਹ ਸਰੀਰ ਦੇ ਵਿਚ ਸਾਖੀ ਚੇਤਨ ਦਾ ਦਰਸ਼ਨ ਗੁਰੂ ਕਰਾ ਦਿਆ ਕਰਦੈ ਤੇ ਜਿਹੜਾ ਸਾਖੀ ਚੇਤਨ ਹੈ, ਉਹ ਆਤਮਾ ਪ੍ਰਮਾਤਮਾ ਦੇ ਨਾਲ ਇਕ ਹੁੰਦੀ ਹੈ –

*ਆਤਮਾ ਪਰਾਤਮਾ ਏਕੋ ਕਰੈ ॥*
*ਅੰਤਰ ਕੀ ਦੁਬਿਧਾ ਅੰਤਰਿ ਮਰੈ ॥ ਅੰਗ – ੬੬੧*

ਸੋ ਉਸ ਨਿਰੰਜਨ, ਨਿਰਵਿਕਾਰ, ਸਮਰੱਥ ਪੂਰਨ ਚੇਤਨ ਬ੍ਰਹਮ ਦਾ ਦਰਸ਼ਨ ਗੁਰੂ ਕਰਾ ਦਿੰਦੈ। ਸ਼ਬਦ ਦੀ ਕਮਾਈ ਦੇ ਨਾਲ ਵਿਵੇਕ, ਵੈਰਾਗ, ਖਟ ਸੰਮਤੀ, ਮਨੁਖਸ਼ਾ, ਸਰਵਣ, ਮੰਨਣ, ਨਿਧਿਆਸਣ, ਪਰਮ ਤੱਤ ਦੀ ਪ੍ਰਾਪਤੀ ਕਰਾ ਕੇ ਇਸ ਸਰੀਰ ਦੇ ਵਿਚੋਂ ਪ੍ਰਮੇਸ਼ਰ ਨੂੰ ਨਿਆਰਾ ਕਰ ਕੇ ਦਿਖਾ ਦਿੰਦੈ। ਸੋ ਉਹਨੂੰ ਕਹਿੰਦੇ ਨੇ –

*ਭਾਗੁ ਹੋਆ ਗੁਰਿ ਸੰਤੁ ਮਿਲਾਇਆ॥*
*ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥ (ਸ਼ਬਦ ਹਜ਼ਾਰੇ)*

ਸੋ ਇਸ ਤਰ੍ਹਾਂ ਦੇ ਨਾਲ ਜੋ ਬੇਨਤੀਆਂ ਕੀਤੀਆਂ ਨੇ, ਸੇਵਾ ਸਾਰੇ ਹੀ ਕਰਦੇ ਨੇ। ਪਰ ਸੇਵਾ ਸਫ਼ਲ ਹੋਇਆ ਕਰਦੀ ਹੈ ਤਾਂ ਜੇ ਨਿਸ਼ਕਾਮਤਾ ਦੇ ਨਾਲ ਸੇਵਾ ਕਰੇ। ਨਹੀਂ ਤਾਂ ਸੇਵਾ ਸਫ਼ਲ ਨਹੀਂ ਹੋਇਆ ਕਰਦੀ। ਸੋ ਗੁਰੂ ਮਹਾਰਾਜ ਦੇ ਜੋ ਆਪਾਂ ਬਚਨ ਕੀਤੇ ਨੇ, ਸੇਵਾ ਬਾਰੇ ਕਰੇ ਨੇ। ਪਿਆਰ ਦੇ ਕਰੇ ਨੇ ਇਹ ਸਾਡੇ ਵਾਸਤੇ ਵੀ ਲਾਈਟ ਹਾਊਸ ਨੇ। ਚਾਨਣ ਮੁਨਾਰਾ ਨੇ, ਅਸੀਂ ਵੀ ਇਹਨਾਂ ਨੂੰ ਅਪਣਾਈਏ ਤੇ ਆਪਣੇ ਜੀਵਨ ਨੂੰ ਸਫ਼ਲ ਕਰੀਏ। ਇਹ ਜਿਹੜੇ ਮੈਂ ਬਚਨ ਬੋਲੇ ਨੇ ਪਿਛੋਂ ਆ ਕੇ ਇਹ ਰੂਹਾਨੀ ਸ਼ਬਦਾਵਲੀ ਨੇ, ਆਪਣਾ ਜਿਹੜਾ 'ਆਤਮ ਮਾਰਗ' ਹੈ ਇਹਦੇ ਵਿਚ ਖੋਲ੍ਹ–ਖੋਲ੍ਹ ਕੇ ਇਕੱਲੇ–ਇਕੱਲੇ ਦਾ ਜ਼ਿਕਰ ਕੀਤਾ ਹੋਇਐ ਕਿ ਕਿਹੜੀ–ਕਿਹੜੀ ਚੀਜ਼ ਕਿਵੇਂ–ਕਿਵੇਂ ਵਾਪਰਦੀ ਹੈ। ਕਿਵੇਂ ਆ ਕੇ ਹਨ੍ਹੇਰਾ ਚਾਨਣਾ ਪੈਦਾ ਕਰਦੀ ਹੈ। ਸੋ ਸ਼ੌਂਕ ਵਾਲੇ ਬੰਦੇ ਉਹਦੇ 'ਚੋਂ ਪੜ੍ਹ ਕੇ ਆਪਣਾ ਗਿਆਨ ਹਾਸਲ ਕਰ ਸਕਦੇ ਨੇ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਸਾਰੇ ਪ੍ਰੇਮੀ ਗੁਰ ਸਤੋਤਰ 'ਚ ਬੋਲੋ ਭਾਈ। ਜਿਹੜੇ ਹਾਲੇ ਤਕ ਨਹੀਂ ਬੋਲੇ ਉਹ ਵੀ ਆਪਣੀ ਰਸਨਾ ਪਵਿੱਤਰ ਕਰ ਲਓ।

ਅਰਦਾਸ–ਹੁਕਮਨਾਮਾ।

# ਬਾਬਾਣੀਆਂ ਕਹਾਣੀਆਂ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-32)*

ਇਸੇ ਤਰ੍ਹਾਂ ਨਾਲ ਜਦੋਂ ਦੁਸ਼ਟ ਰਾਵਣ ਸ੍ਰੀ ਰਾਮ ਚੰਦਰ ਜੀ ਨੂੰ ਤੰਗ ਕਰਨ ਲਈ ਸੀਤਾ ਹਰਨ ਕਰਕੇ ਕੇ ਲੈ ਆਇਆ ਤਾਂ ਇਸ ਸੰਘਰਸ਼ ਵਿਚ ਰਾਵਣ ਦਾ ਨਾਸ਼ ਹੋਇਆ। ਅਨੇਕਾਂ ਭਗਤ ਨਾਮਦੇਵ ਜੀ, ਕਬੀਰ ਜੀ ਜੈਸੇ ਮਹਾਂਪੁਰਸ਼ਾਂ ਦੀ ਪਰਖ ਹੋਈ ਪਰ ਉਨ੍ਹਾਂ ਦੀ ਸਦਾ ਹੀ ਪ੍ਰਭੂ ਨੇ ਆਪ ਹੀ ਰੱਖਿਆ ਕੀਤੀ। ਸੋ ਇਸ ਕਰਕੇ ਗੁਰਮੁਖ ਪਿਆਰਿਓ! ਤੁਸੀਂ ਉਦਾਸ ਨਾ ਹੋਵੋ, ਇਹ ਕਸਵੱਟੀਆਂ ਹਨ ਜੋ ਵਾਹਿਗੁਰੂ ਜੀ ਵਲੋਂ ਸੰਤਾਂ ਨੂੰ ਹੋਰ ਸ਼ੁੱਧ ਕਰਨ ਵਾਸਤੇ ਲਾਈਆਂ ਜਾਇਆ ਕਰਦੀਆਂ ਹਨ। ਇਨ੍ਹਾਂ ਗੱਲਾਂ ਬਾਰੇ ਕੋਈ ਬਹੁਤੀ ਬਾਤਚੀਤ ਨਹੀਂ ਚਲਾਉਣੀ, ਕਿਉਂਕਿ ਦ੍ਵੈਤ ਦਾ ਵਿਸ਼ਾ ਬਣ ਜਾਂਦਾ ਹੈ, ਸਿਰਫ ਐਨਾ ਹੀ ਕਹਿਣਾ ਹੈ ਕਿ ਜੋ ਕੁਝ ਵਾਹਿਗੁਰੂ ਜੀ ਕਰਦੇ ਹਨ, ਉਹ ਭਲੇ ਲਈ ਹੀ ਕਰਦੇ ਹਨ। ਸੰਤ ਮਹਾਰਾਜ ਜੀ ਦੇ ਜੋ ਦੀਵਾਨ ਲੱਗਿਆ ਕਰਦੇ ਸਨ ਉਨ੍ਹਾਂ ਵਿਚ ਜਦੋਂ ਆਪ ਜੀ ਨੇ ਧਾਰਨਾ ਪੜ੍ਹਨੀ -

***ਧਾਰਨਾ - ਝੱਟ ਕਿਥੇ ਲੰਘਾਵਾਂ ਓ ਮਾਲਕਾ***
***ਦੁਨੀਆਂ ਟਿਕਣ ਨਾ ਦੇਵੇ-2, 2***

***ਏਸ ਕਲੀਓ ਪੰਜ ਭੀਤੀਓ***
***ਕਿਉ ਕਰਿ ਰਖਾਂ ਪਤਿ॥***
***ਜੇ ਬੋਲਾਂ ਤਾਂ ਆਖੀਐ ਬੜ ਬੜ ਕਰੈ ਬਹੁਤ॥***
***ਚੁਪ ਕਰਾਂ ਤਾਂ ਆਖੀਐ***
***ਇਤ ਘਟਿ ਨਾਹੀ ਮਤਿ॥***
***ਜੇ ਬਹਿ ਰਹਾਂ ਤਾਂ ਆਖੀਐ***
***ਬੈਠਾ ਸਥਰ ਘਤ॥***
***ਉਠ ਜਾਈ ਤਾਂ ਆਖੀਐ***
***ਛਾਰੁ ਗਇਆ ਸਿਰ ਘਤਿ॥***
***ਜੇ ਕਰਿ ਨਿਵਾਂ ਤਾਂ ਆਖੀਐ***
***ਡਰਦਾ ਕਰੇ ਭਗਤ॥***
***ਕਾਈ ਗਲੀ ਨ ਸੇਵਨੀ ਜਿਥੇ ਕਢਾਂ ਝੱਤਿ॥***
***ਏਥੈ ਓਥੈ ਨਾਨਕਾ ਕਰਤਾ ਰਖੈ ਪਤਿ॥***
***(ਜਨਮ ਸਾਖੀ)***

ਮਹਾਂਪੁਰਸ਼ਾਂ ਦੀ ਅਵਾਜ਼ ਵਿਚ ਐਨੀ ਖਿੱਚ ਸੀ ਕਿ ਇਹ ਧਾਰਨਾ ਕਿਸੇ ਤੋਂ ਸਹਿਨ ਨਹੀਂ ਹੋਇਆ ਕਰਦੀ ਸੀ ਕਿਉਂਕਿ ਨਿੰਦਕ ਤੇ ਈਰਖਾਲੂ ਪੁਰਸ਼ ਬਾਰ-ਬਾਰ ਆਪਣੀਆਂ ਬੁਰੀਆਂ ਚਿਤਵਨੀਆਂ ਵਿਚ ਅਸਫਲ ਹੋ ਚੁਕੇ ਸਨ। ਪਰ ਜਦੋਂ ਸੰਤ ਮਹਾਰਾਜ ਜੀ ਨੇ ਇਸ ਸ਼ਬਦ ਦੀ ਧੁਨ ਉਚਾਰਣੀ ਤਾਂ ਇਹ ਹਿਤੈਸ਼ੀਆਂ ਦੇ, ਜਗਿਆਸੂਆਂ, ਪ੍ਰੇਮੀਆਂ ਦੇ ਹਿਰਦਿਆਂ ਨੂੰ ਵਿੰਨ੍ਹ ਕੇ ਪਾਰ ਹੋ ਜਾਇਆ ਕਰਦੀ ਸੀ ਅਤੇ ਸਰੋਤਿਆਂ ਦੇ ਨੇਤਰਾਂ ਵਿਚੋਂ ਹੰਝੂਆਂ ਦੀ ਝੜੀ ਲਗ ਜਾਇਆ ਕਰਦੀ ਸੀ। ਅਜੇ ਤਕ ਵੀ ਇਹ ਧਾਰਨਾਂ ਜਦੋਂ ਮੈਂ ਪੜ੍ਹਦਾ ਹਾਂ ਤਾਂ ਮੈਨੂੰ ਇਉਂ ਹੀ ਲਗਿਆ ਕਰਦਾ ਹੈ ਕਿ ਸੰਤ ਮਹਾਰਾਜ ਜੀ ਹੀ ਪੜ੍ਹ ਰਹੇ ਹਨ। ਉਹ ਦਰਦ ਦਿਲ ਵਿਚ ਪੈਦਾ ਹੋ ਜਾਇਆ ਕਰਦਾ ਹੈ ਜਿਹੜਾ ਕਦੇ ਬਚਪਨ ਵਿਚ ਅਨੁਭਵ ਕੀਤਾ ਸੀ।

ਇਹ ਇਕ ਬੜੀ ਭਾਰੀ ਜੱਦੋ-ਜਹਿਦ, ਉਸ ਸੂਰਮੇ ਵਲੋਂ ਹੋ ਰਹੀ ਸੀ ਜਿਸ ਦਾ ਰਸਤਾ ਰੋਕਣ ਲਈ ਮਾਇਆ ਜੱਖਣੀ ਅਤੇ ਕਲਜੁੱਗ ਤੇ ਅਜਿੱਤ ਸੈਨਾਪਤੀ ਕਾਮ, ਕ੍ਰੋਧ ਆਦਿਕ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਸਨ, ਪਰ ਆਪ ਜੀ ਦਾ ਹਰ ਕਦਮ ਪੂਰਨ ਜਿੱਤ ਵਲ ਨੂੰ ਵਧ ਰਿਹਾ ਸੀ। ਕਿਸੇ ਨਿੰਦਿਆ ਦਾ ਕਿਸੇ ਵੀ ਪਾਈ ਹੋਈ ਰੁਕਾਵਟ ਦਾ ਅਸਰ ਆਪ ਦੀ ਭਜਨ ਬੰਦਗੀ ਦੀ ਚਾਲੀ ਨੂੰ ਬਦਲਾ ਨਾ ਸਕਿਆ। ਸਗੋਂ ਆਪ ਪ੍ਰਮ ਅਵਸਥਾ ਵਲ ਨੂੰ ਵਧਦੇ ਹੀ ਗਏ ਅਤੇ ਬਹੁਤ ਹੀ ਛੋਟੀ ਉਮਰ ਵਿਚ ਪ੍ਰਮ ਪਦ ਦੀ ਪ੍ਰਾਪਤੀ ਕਰ ਲਈ। ਆਪ ਜੀ ਪੂਰਨ ਗਿਆਨਵਾਨ ਹੋ ਕੇ ਵਾਹਿਗੁਰੂ ਜੀ ਵਿਚ ਅਭੇਦ ਹੁੰਦਿਆਂ ਸੰਸਾਰ ਵਿਚ ਪ੍ਰਭੂ ਹੁਕਮ ਅਨੁਸਾਰ ਵਿਚਰਦੇ ਰਹੇ।

ਮਸਤੂਆਣੇ ਤੋਂ ਉਨ੍ਹਾਂ ਦਿਨਾਂ ਵਿਚ ਅਨਾਜ ਇਕੱਠਾ ਕਰਨ ਵਾਸਤੇ ਸੰਤ ਅਸਾਡੇ ਘਰ ਠਹਿਰਿਆ ਕਰਦੇ ਸਨ ਅਤੇ ਅਸਾਨੂੰ ਸਦਾ ਹੀ ਵਰਜਿਆ ਕਰਦੇ ਸਨ ਕਿ ਰਾੜੇ ਸਾਹਿਬ ਨਹੀਂ ਜਾਣਾ ਕਿਉਂਕਿ ਕੁਝ ਲੋਕ ਊਲ-ਜਲੂਲ ਗੱਲਾਂ ਬੋਲ ਕੇ ਅਸ਼ਰਧਾ ਪੈਦਾ ਕਰਨ ਦਾ ਜਤਨ ਕਰਦੇ ਸਨ। ਉਦੋਂ ਇਹ ਸਭ ਕੁਝ ਮੈਨੂੰ ਅੱਛਾ ਨਹੀਂ ਲੱਗਿਆ ਕਰਦਾ ਸੀ ਪਰ ਮੈਨੂੰ ਹੁਣ ਪਤਾ ਲਗਦਾ ਹੈ ਕਿ ਉਨ੍ਹਾਂ ਦਾ ਇਸ ਤਰ੍ਹਾਂ ਬੋਲਣਾ ਅਤੇ ਅਸਾਨੂੰ ਵਰਜਣਾ ਇਸ ਕਰਕੇ ਸੀ ਕਿ ਇਕ ਮਹਾਨ ਪ੍ਰਕਾਸ਼ ਦਾ ਗਿਆਨ ਸਰੂਪ ਸੂਰਜ ਧਰਤੀ ਤੇ ਚੜ੍ਹ ਰਿਹਾ ਹੈ, ਜੋ ਸਾਰੇ ਪ੍ਰਕਾਸ਼ਾਂ ਨੂੰ ਆਪਣੇ ਵਿਚ ਲੀਨ ਕਰਨ ਦੀ ਸਮਰਥਾ ਰਖਦਾ ਹੈ। ਉਨ੍ਹਾਂ ਨੂੰ ਆਪਣੇ ਦੀਵਿਆਂ ਦੀ ਹਸਤੀ ਦਾ ਡਰ ਹੀ ਬਣਿਆ ਰਹਿੰਦਾ ਸੀ ਕਿ ਐਡੇ ਪ੍ਰਤਾਪਵਾਨ ਮਹਾਂਪੁਰਸ਼ ਦੇ ਕਰਮ ਖੇਤਰ ਵਿਚ ਪੁਜਣ ਨਾਲ ਅਸਾਡੀ ਕੋਈ ਵੀ ਮਹੱਤਤਾ ਨਹੀਂ ਰਹਿਣੀ, ਜੋ ਮੈਨੂੰ ਵਡੇਰੀ ਉਮਰ ਵਿਚ ਆ ਕੇ ਪ੍ਰਤੀਤ ਦਿਤਾ। ਨਾ ਹੀ ਤਾਂ ਉਨ੍ਹਾਂ ਨੇ ਸੰਤ ਮਹਾਰਾਜ ਜੀ ਦੇ ਦਰਸ਼ਨ ਕੀਤੇ ਸਨ ਅਤੇ ਨਾ ਹੀ ਉਨ੍ਹਾਂ ਬਾਰੇ ਬਹੁਤਾ

ਜਾਣਦੇ ਸਨ ਪਰ ਉਹ ਚੜ੍ਹਦੇ ਸੂਰਜ ਦੇ ਮਹਾਂ ਪ੍ਰਕਾਸ਼ ਨੂੰ ਪ੍ਰਤੱਖ ਦੇਖ ਕੇ ਅਸਾਡੇ ਵਰਗਿਆਂ ਨੂੰ ਨਿੰਦਿਆ ਤੇ ਈਰਖਾ ਦੇ ਹਨ੍ਹੇਰੇ ਵਿਚ ਨਾਲ ਰੱਖਣ ਦੀ ਕੋਸ਼ਿਸ਼ ਕਰ ਰਹੇ ਸਨ।

ਇਸੇ ਤਰ੍ਹਾਂ ਨਾਲ ਅਸਾਡੇ ਪਿੰਡ ਦੇ ਮੁਖੀ, ਅਖੌਤੀ ਧਰਮੀਆਂ ਨੂੰ ਵੀ ਇਹ ਗੱਲ ਭਾਉਂਦੀ ਨਹੀਂ ਸੀ ਕਿ ਇਕ ਛੋਟੀ ਉਮਰ ਦਾ ਸੰਤ ਰੇਰੂ ਸਾਹਿਬ ਤੋਂ ਵੀ ਕਿਤੇ ਵੱਧ ਸ਼ਕਤੀਸ਼ਾਲੀ, ਪ੍ਰਕਾਸ਼ਮਈ ਹੋ ਕੇ ਇਸ ਸੰਸਾਰ ਵਿਚ ਉਭਰੇ। ਉਹ ਸਾਰੇ ਸੰਤ ਭਗਵਾਨ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਨਾਲ ਜੁੜੇ ਹੋਏ ਸਨ ਪਰ ਸੰਤ ਮਹਾਰਾਜ ਜੀ ਦੀ ਨਿੰਦਿਆ ਸੁਣ ਕੇ ਹੀ ਖੁਸ਼ ਹੋਇਆ ਕਰਦੇ ਸਨ। ਉਸ ਦਾ ਵੀ ਕਾਰਨ ਸੀ ਕਿ ਜਦੋਂ ਇਹ ਰੇਰੂ ਸਾਹਿਬ ਜਾਇਆ ਕਰਦੇ ਸਨ ਤਾਂ ਸੰਤ ਭਗਵਾਨ ਸਿੰਘ ਜੀ ਮਹਾਰਾਜ ਆਪਣੇ ਸੁਭਾਅ ਮੁਤਾਬਿਕ ਇਨ੍ਹਾਂ ਦੀ ਆਓ ਭਗਤ ਕਰਦਿਆਂ ਇਨ੍ਹਾਂ ਦੀ ਸੇਵਾ ਦੀ ਤਾਰੀਫ ਕਰ ਦਿਆ ਕਰਦੇ ਸਨ। ਸੋ ਇਨ੍ਹਾਂ ਨੂੰ ਰਾੜੇ ਸਾਹਿਬ ਦਾ ਵਧਦਾ ਪ੍ਰਤਾਪ ਭਾਉਂਦਾ ਨਹੀਂ ਸੀ।

ਸੰਤ ਮਹਾਰਾਜ ਜੀ ਘੱਟ ਹੀ ਕਿਸੇ ਦੀ ਪ੍ਰਵਾਹ ਕਰਿਆ ਕਰਦੇ ਸਨ ਕਿਉਂਕਿ ਉਹ ਅੰਦਰੋਂ ਆਪ ਬਹੁਤ ਉਚਤਾ ਵਾਲੀ ਅਵਸਥਾ ਪ੍ਰਾਪਤ ਕਰ ਚੁੱਕੇ ਸਨ, ਇਸ ਲਈ ਉਨ੍ਹਾਂ ਨੂੰ ਸਵਾਏ ਵਾਹਿਗੁਰੂ ਜੀ ਤੋਂ ਹੋਰ ਕਿਸੇ ਦੀ ਮੁਹਤਾਜੀ ਨਹੀਂ ਸੀ। ਹਰ ਸਮੇਂ ਵਾਹਿਗੁਰੂ ਜੀ ਵਿਚ ਲੀਨ ਰਹਿੰਦੇ ਸਨ। ਸ਼ਾਹਾਂ, ਬਾਦਸ਼ਾਹਾਂ, ਸਰਦਾਰਾਂ, ਅਮੀਰਾਂ ਦੀ ਆਪ ਨੂੰ ਕੋਈ ਵੀ ਪਰਵਾਹ ਨਹੀਂ ਸੀ, ਕਿਸੇ ਨੂੰ ਵੀ ਆਪ ਨਿਗ੍ਹਾਂ ਥੱਲੇ ਨਹੀਂ ਸੀ ਲਿਆਇਆ ਕਰਦੇ –

***ਜਾ ਕਾ ਕਹਿਆ ਦਰਗਹ ਚਲੈ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ॥***
***ਅੰਗ – 186***

ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਉਪਦੇਸ਼ ਅਨੁਸਾਰ ਅਸਲੀ ਬਾਦਸ਼ਾਹ ਉਹ ਹਨ ਜਿਹੜੇ ਸਦਾ ਹੀ ਸੱਚੇ ਨਾਲ ਰੱਤੇ ਰਹਿੰਦੇ ਹਨ ਜਿਵੇਂ ਕਿ ਆਮ ਧਾਰਨਾ ਪੜ੍ਹੀ ਜਾਂਦੀ ਹੈ –

***ਧਾਰਨਾ – ਸੱਚੇ ਉਹ ਪਾਤਸ਼ਾਹ***
***ਸੱਚੇ ਨਾਲ ਰੱਤੇ ਜਿਹੜੇ –2, 2.***

***ਸਚਾ ਅਮਰੁ ਸਚੀ ਪਾਤਿਸਾਹੀ***
***ਸਚੇ ਸੇਤੀ ਰਾਤੇ॥***
***ਸਚਾ ਸੁਖੁ ਸਚੀ ਵਡਿਆਈ***
***ਜਿਸ ਕੇ ਸੇ ਤਿਨਿ ਜਾਤੇ॥ ਅੰਗ – 749***

ਇਕ ਇਤਿਹਾਸ ਨੂੰ ਵਾਚਿਆਂ ਪਤਾ ਲਗਦਾ ਹੈ ਕਿ ਜਹਾਂਗੀਰ ਤੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਥੋੜ੍ਹੀ ਦੇਰ ਲਈ ਇਕੱਠੇ ਹੀ ਰਹੇ ਤਾਂ ਇਕ ਦਿਨ ਜਹਾਂਗੀਰ ਨੇ ਗੁਰੂ ਮਹਾਰਾਜ ਜੀ ਨੂੰ ਪੁਛਿਆ ਕਿ ਗੁਰੂ ਜੀ! ਮੈਨੂੰ ਇਕ ਗੱਲ ਉਪਰ ਬਹੁਤ ਸ਼ੰਕਾ ਹੈ, ਉਹ ਇਹ ਹੈ ਕਿ ਮੈਨੂੰ ਲੋਕ ਬਾਦਸ਼ਾਹ ਆਖਦੇ ਹਨ, ਪਰ ਤੁਹਾਨੂੰ ਸੱਚੇ ਪਾਤਸ਼ਾਹ ਆਖਦੇ ਹਨ। ਮੇਰੇ ਕੋਲ ਹਿੰਦੁਸਤਾਨ ਦਾ ਹਜ਼ਾਰਾਂ ਮੀਲਾਂ ਦਾ ਇਲਾਕਾ ਹੈ, ਤੁਹਾਡੇ ਪਾਸ ਕੋਈ ਇਲਾਕਾ ਨਹੀਂ ਹੈ, ਕੋਈ ਤੁਹਾਡਾ ਖਜ਼ਾਨਾ ਨਹੀਂ ਹੈ, ਕੋਈ ਫੌਜ ਨਹੀਂ ਹੈ ਪਰ ਤੁਹਾਨੂੰ ਸੱਚੇ ਪਾਤਸ਼ਾਹ ਕਿਉਂ ਕਹਿੰਦੇ ਹਨ, ਇਹ ਮੇਰੀ ਸਮਝ ਵਿਚ ਨਹੀਂ ਆਉਂਦਾ? ਗੁਰੂ ਮਹਾਰਾਜ ਜੀ ਨੇ ਫੁਰਮਾਇਆ ਕਿ ਜਹਾਂਗੀਰ! ਅਸੀਂ ਕਦੇ ਵੀ ਕਿਸੇ ਨੂੰ ਨਹੀਂ ਆਖਿਆ ਕਿ ਸਾਨੂੰ ਸੱਚੇ ਪਾਤਸ਼ਾਹ ਆਖੋ! ਇਹ ਸੰਗਤਾਂ ਦੀ ਭਾਵਨਾ ਹੈ ਪਰ ਗੁਰਬਾਣੀ ਵਿਚ ਐਸਾ ਫੁਰਮਾਨ ਆਉਂਦਾ ਹੈ –

***ਕੋਊ ਹਰਿ ਸਮਾਨਿ ਨਹੀ ਰਾਜਾ॥***
***ਏ ਭੂਪਤਿ ਸਭ ਦਿਵਸ ਚਾਰਿ ਕੇ***
***ਝੂਠੇ ਕਰਤ ਦਿਵਾਜਾ॥ ਅੰਗ – 856***

ਗੁਰਬਾਣੀ ਅਨੁਸਾਰ ਅਸੀਂ ਤਾਂ ਕਦੇ ਬਾਦਸ਼ਾਹੀਆਂ ਵਲ ਧਿਆਨ ਵੀ ਨਹੀਂ ਦਿੰਦੇ। ਇਹ ਨੂੰ ਤੁਛ ਚੀਜ਼ਾਂ ਜਾਣਦੇ ਹਾਂ ਕਿਉਂਕਿ ਅੱਲਾਹ ਦੇ ਪਿਆਰਿਆਂ ਪਾਸ ਅਤਿ ਕੀਮਤੀ ਅਨਮੋਲ ਅੱਲਾਹ ਦਾ ਨਾਮ ਹੋਇਆ ਕਰਦਾ ਹੈ ਜਿਸ ਦੇ ਮੁਕਾਬਲੇ ਬਾਦਸ਼ਾਹੀਆਂ ਕੁਝ ਵੀ ਨਹੀਂ ਹੋਇਆ ਕਰਦੀਆਂ, ਸੰਸਾਰ ਨਾਸ਼ਵਾਨ ਹੈ, ਸੰਸਾਰ ਦੀਆਂ ਪਦਵੀਆਂ ਵੀ ਨਾਸ਼ਵਾਨ ਹਨ, ਸੰਸਾਰ ਵਿਚ ਬਹੁਤ ਵੱਡੇ-ਵੱਡੇ ਬਾਦਸ਼ਾਹ ਆਏ ਪਰ ਆਪਣਾ-ਆਪਣਾ ਸਮਾਂ ਗੁਜ਼ਾਰ ਕੇ ਸੰਸਾਰ ਤੋਂ ਚਲੇ ਗਏ। ਜੋ ਉਨ੍ਹਾਂ ਨੇ ਯਾਦਗਾਰਾਂ ਕਾਇਮ ਕੀਤੀਆਂ ਉਹ ਵੀ ਮਿਟ ਗਈਆਂ, ਅੱਜ ਉਨ੍ਹਾਂ ਦਾ ਨਾਮ ਵੀ ਕੋਈ ਨਹੀਂ ਜਾਣਦਾ। ਪਰ ਉਸ ਦੇ ਮੁਕਾਬਲੇ ਪ੍ਰਭੂ ਦੇ ਪਿਆਰੇ ਆਏ, ਉਨ੍ਹਾਂ ਦੀਆਂ ਯਾਦਗਾਰਾਂ ਮਿਟਣ ਦੀ ਥਾਂ ਹੋਰ ਨਵੀਆਂ ਤੋਂ ਨਵੀਆਂ ਬਣਦੀਆਂ ਤੁਰੀਆਂ ਜਾਂਦੀਆਂ ਹਨ। ਦੇਖ, ਇਸਲਾਮ ਵਿਚ ਬਾਬਾ ਫਰੀਦ ਜੀ ਵਰਗੇ ਆਏ ਉਹ ਅਮਰ ਹਨ, ਉਨ੍ਹਾਂ ਦੀਆਂ ਯਾਦਗਾਰਾਂ ਵੀ ਅਮਰ ਹਨ।

ਦੂਸਰੀ ਗੱਲ ਇਹ ਹੁੰਦੀ ਹੈ ਕਿ ਜਿਨ੍ਹਾਂ ਦੇ ਪੱਲੇ ਨਾਮ ਹੁੰਦਾ ਹੈ ਉਨ੍ਹਾਂ ਦੇ ਸਾਮ੍ਹਣੇ ਦੁਨੀਆਂ ਦੀਆਂ ਗੁਪਤ ਸ਼ਕਤੀਆਂ ਜਿਨ੍ਹਾਂ ਨੂੰ ਰਿੱਧੀਆਂ-ਸਿੱਧੀਆਂ ਆਖਿਆ ਜਾਂਦਾ ਹੈ, ਉਹ ਸਾਰੀਆਂ ਹੱਥ ਬੰਨ ਕੇ ਸੇਵਾ ਕਰਨ ਦੀ ਆਗਿਆ ਮੰਗਦੀਆਂ ਰਹਿੰਦੀਆਂ ਹਨ। ਉਨ੍ਹਾਂ ਦਾ ਅਧਿਕਾਰ ਸੰਸਾਰ ਵਿਚ ਵੀ ਚਲਦਾ ਹੈ ਅਤੇ ਦਰਗਾਹ ਵਿਚ ਵੀ ਚਲਦਾ ਹੈ। ਸੋ ਇਸ ਕਰਕੇ ਸੰਸਾਰੀ ਲੋਕ ਪ੍ਰਭੂ ਪਿਆਰਿਆਂ ਨੂੰ ਮਹਾਰਾਜ ਜੀ, ਸੱਚੇ ਪਾਤਸ਼ਾਹ ਆਦਿ ਬੇਅੰਤ ਉਪਾਧੀਆਂ ਨਾਲ ਸਨਮਾਨਤ ਕਰਦੇ ਹਨ। ਚਲੋ, ਤੁਹਾਨੂੰ ਕਿਤੇ ਪ੍ਰਤੱਖ ਦੇਖਣ ਦਾ ਵੀ ਮੌਕਾ ਮਿਲ ਜਾਵੇਗਾ। ਅਸਾਡੇ ਗੁਰੂ ਮਹਾਰਾਜ ਜੀ ਨੇ ਤਾਂ ਐਸਾ ਫੁਰਮਾਨ ਕੀਤਾ ਹੈ –

*ਪਾਣੀ ਪਖਾ ਪੀਸੁ ਦਾਸ ਕੈ*
*ਤਬ ਹੋਹਿ ਨਿਹਾਲੁ॥*
*ਰਾਜ ਮਿਲਖ ਸਿਕਦਾਰੀਆ*
*ਅਗਨੀ ਮਹਿ ਜਾਲੁ॥*
*ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ॥*
*ਮਾਇਆਧਾਰੀ ਛਤ੍ਰਪਤਿ*
*ਤਿਨ ਛੋਡਉ ਤਿਆਗਿ।।* *ਅੰਗ - 811*

ਸੋ ਇਸ ਕਰਕੇ ਸ਼ਰਧਾਲੂ ਆਪਣੀ ਸ਼ਰਧਾ ਪ੍ਰਗਟ ਕਰਦੇ ਹੋਏ ਮਹਾਂਪੁਰਸ਼ਾਂ ਨੂੰ ਐਸੇ ਵਿਸ਼ੇਸ਼ਣ ਦੇ ਕੇ ਬੁਲਾਇਆ ਕਰਦੇ ਹਨ। ਇਸ ਤਰ੍ਹਾਂ ਸਮਾਂ ਬੀਤਦਾ ਗਿਆ। ਇਕ ਦਿਨ ਬਹੁਤ ਗਰਮੀ ਸੀ, ਗੁਰੂ ਮਹਾਰਾਜ ਜੀ ਦੇ ਨਾਲ ਹੀ ਜਹਾਂਗੀਰ ਜਾ ਰਿਹਾ ਸੀ। ਜੰਗਲ ਵਿਚ ਕੈਂਪ ਲਾ ਲਿਆ, ਇਕ ਤੰਬੂ ਜਹਾਂਗੀਰ ਦਾ ਦੂਸਰਾ ਗੁਰੂ ਮਹਾਰਾਜ ਜੀ ਦਾ, ਪਰ ਨੇੜੇ-ਨੇੜੇ ਸਨ। ਉਸ ਸਮੇਂ ਇਕ ਘਾਹੀ ਘਾਹ ਦੀ ਪੰਡ ਸਿਰ ਤੇ ਰੱਖ ਕੇ ਗੁਰੂ ਮਹਾਰਾਜ ਜੀ ਦੇ ਘੋੜਿਆਂ ਲਈ ਲਿਆਇਆ, ਉਹ ਜਦੋਂ ਜਹਾਂਗੀਰ ਦੇ ਕੈਂਪ ਦੇ ਅੱਗੇ ਆਇਆ ਤਾਂ ਉਸ ਨੇ ਸਿਪਾਹੀਆਂ ਨੂੰ ਕਿਹਾ ਕਿ ਮੈਂ ਸੱਚੇ ਪਾਤਸ਼ਾਹ ਦੇ ਦਰਸ਼ਨ ਕਰਨੇ ਹਨ। ਮੈਨੂੰ ਲੰਘ ਜਾਣ ਦੇਵੋ, ਉਨ੍ਹਾਂ ਨੇ ਉਸ ਘਾਹੀ ਨੂੰ ਰੋਕ ਦਿਤਾ। ਉਹ ਜਦੋਂ ਦੋ ਵਾਰੀ ਬੋਲਿਆ ਤਾਂ ਜਹਾਂਗੀਰ ਨੇ ਸੁਣ ਕੇ ਕਿਹਾ ਕਿ ਅੱਜ ਮੈਨੂੰ ਵੀ ਕੋਈ ਸੱਚੇ ਪਾਤਸ਼ਾਹ ਕਹਿ ਰਿਹਾ ਹੈ। ਤਾਂ ਉਸ ਨੇ ਹੁਕਮ ਦਿਤਾ ਕਿ ਇਸ ਨੂੰ ਆ ਜਾਣ ਦਿਓ। ਘਾਹੀ ਪੰਡ ਸਮੇਤ ਜਹਾਂਗੀਰ ਦੇ ਸਾਮ੍ਹਣੇ ਹਾਜ਼ਰ ਹੋਇਆ ਉਸ ਨੇ ਘਾਹ ਦੀ ਪੰਡ ਧਰਤੀ ਤੇ ਰੱਖ ਦਿਤੀ ਅਤੇ ਜੇਬ ਵਿਚੋਂ ਇਕ ਲੀਰ ਕੱਢੀ ਜਿਸ ਨੂੰ ਦੋ ਤਿੰਨ ਗੰਢਾਂ ਦਿਤੀਆਂ ਹੋਈਆਂ ਸਨ। ਗੰਢਾਂ ਖੋਲ੍ਹੀਆਂ, ਉਹਦੇ ਵਿਚੋਂ ਆਪਣੀ ਕਮਾਈ 'ਚੋਂ ਜੋੜਿਆ ਹੋਇਆ ਟਕਾ ਕੱਢਿਆ ਅਤੇ ਜਹਾਂਗੀਰ ਦੇ ਚਰਨਾਂ ਵਿਚ ਮੱਥਾ ਟੇਕ ਕੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਇਕ ਮੇਰਾ ਦੁਖ ਕੱਟ ਦੇਵੋ। ਤਾਂ ਜਹਾਂਗੀਰ ਨੇ ਕਿਹਾ ਦੱਸ, ਤੈਨੂੰ ਕੀ ਦੁਖ ਹੈ? ਮੈਂ ਹੁਣੇ ਕੱਟ ਦਿੰਦਾ ਹਾਂ। ਉਸ ਨੇ ਕਿਹਾ, "ਸੱਚੇ ਪਾਤਸ਼ਾਹ! ਮੈਂ ਬਾਰ-ਬਾਰ ਜੰਮਦਾ ਮਰਦਾ ਤੁਰਿਆ ਆ ਰਿਹਾ ਹਾਂ। ਹਰ ਵਾਰੀ ਮੈਨੂੰ ਮਾਤਾ ਦੇ ਗਰਭ ਵਿਚ ਪੁੱਠਾ ਲਟਕਣਾ ਪੈਂਦਾ ਹੈ ਤੇ ਅਗਨ ਦੇ ਵਿਚ ਹਾਲੋ ਬੇਹਾਲ ਹੋਇਆ ਰਹਿੰਦਾ ਹਾਂ। ਮੈਨੂੰ ਆਪਣਾ ਪਿਆਰ ਬਖਸ਼ ਕੇ ਮੇਰਾ ਜਨਮ ਮਰਨ ਕੱਟ ਦੇਵੋ ਜਿਸ ਤਰ੍ਹਾਂ ਕਿ ਫੁਰਮਾਨ ਹੈ -

*ਜਿਹ ਮੁਖਿ ਪਾਂਚਉ ਅੰਮ੍ਰਿਤ ਖਾਏ॥*
*ਤਿਹ ਮੁਖ ਦੇਖਤ ਲੂਕਟ ਲਾਏ॥*
*ਇਕੁ ਦੁਖੁ ਰਾਮ ਰਾਇ ਕਾਟਹੁ ਮੇਰਾ॥*
*ਅਗਨਿ ਦਹੈ ਅਰੁ ਗਰਭ ਬਸੇਰਾ॥ ਰਹਾਉ॥*
*ਕਾਇਆ ਬਿਗੂਤੀ ਬਹੁ ਬਿਧਿ ਭਾਤੀ॥*
*ਕੋ ਜਾਰੇ ਕੋ ਗਡਿ ਲੇ ਮਾਟੀ॥*
*ਕਹੁ ਕਬੀਰ ਹਰਿ ਚਰਣ ਦਿਖਾਵਹੁ॥*
*ਪਾਛੈ ਤੇ ਜਮੁ ਕਿਉ ਨ ਪਠਾਵਹੁ॥*
*ਅੰਗ - 329*

ਇਹ ਸੁਣ ਕੇ ਜਹਾਂਗੀਰ ਹੈਰਾਨ ਹੋ ਗਿਆ ਕਿ ਮੇਰੇ ਵਿਚ ਤਾਂ ਇਹ ਤਾਕਤ ਹੀ ਨਹੀਂ ਹੈ ਕਿ ਕਿਸੇ ਦਾ ਜਨਮ ਮਰਨ ਦਾ ਮੈਂ ਦੁਖ ਕੱਟ ਦੇਵਾਂ। ਉਸ ਵੇਲੇ ਉਚੀ ਬੋਲ ਕੇ ਕਹਿਣ ਲੱਗਿਆ ਕਿ ਘਾਹੀ! ਤੂੰ ਆਪਣੀ ਮੰਗ ਛੱਡ ਦੇ, ਮੈਂ ਤੈਨੂੰ ਲੱਖਾਂ ਰੁਪਏ, ਸੋਹਣੀਆਂ ਕੋਠੀਆਂ ਦੇਣ ਨੂੰ ਤਿਆਰ ਹਾਂ ਤੈਨੂੰ ਕਿਸੇ ਪਰਗਣੇ ਦਾ ਅਫਸਰ ਬਣਾ ਦੇਵਾਂਗਾ, ਤੂੰ ਬਹੁਤ ਅਮੀਰ ਹੋ ਜਾਵੇਂਗਾ, ਤੈਨੂੰ ਸੂਬੇਦਾਰ ਬਣਾ ਦੇਵਾਂਗਾ, ਤੂੰ ਬਹੁਤ ਵਧੀਆ ਇਸਤ੍ਰੀਆਂ ਨਾਲ ਸ਼ਾਦੀਆਂ ਕਰਾ ਕੇ ਦੁਨੀਆਂ ਵਿਚ ਮੌਜ ਲੈ। ਉਸ ਵੇਲੇ ਘਾਹੀ ਹੈਰਾਨ ਹੋ ਗਿਆ ਤੇ ਕਹਿਣ ਲੱਗਿਆ ਕਿ ਸੱਚੇ ਪਾਤਸ਼ਾਹ! ਮੈਨੂੰ ਦੁਨੀਆਂ ਦੀਆਂ ਚੀਜ਼ਾਂ ਦੇ ਕੇ ਤੁਸੀਂ ਆਪਣੇ ਚਰਨਾਂ ਨਾਲੋਂ ਤੋੜਨਾ ਚਾਹੁੰਦੇ ਹੋ, ਨਾ ਸੱਚੇ ਪਾਤਸ਼ਾਹ! ਮੈਨੂੰ ਮਾਇਆ ਵਿਚ ਨਾ ਫਸਾਵੋ, ਇਹ ਚੀਜ਼ਾਂ ਸਾਰੀਆਂ ਨਾਸ਼ਵਾਨ ਹਨ ਇਥੇ ਕੋਈ ਨਹੀਂ ਰਹਿੰਦਾ, ਇਥੇ ਬਾਦਸ਼ਾਹ, ਸ਼ਾਹ, ਪੀਰ, ਪੈਗੰਬਰ, ਔਲੀਏ ਸਰੀਰ ਛੱਡ ਕੇ ਚਲੇ ਜਾਂਦੇ ਹਨ ਅਤੇ ਪਤਾ ਵੀ ਨਹੀਂ ਲਗਦਾ ਕਿ -

*ਰਹਿਣ ਨਾ ਪਾਵਹਿ ਸੁਰਿ ਨਰ ਦੇਵਾ॥*
*ਊਠਿ ਸਿਧਾਰੇ ਕਰਿ ਮੁਨਿ ਜਨ ਸੇਵਾ॥*
*ਜੀਵਤ ਪੇਖੇ ਜਿਨੀ ਹਰਿ ਹਰਿ ਧਿਆਇਆ॥*
*ਸਾਧਸੰਗਿ ਤਿਨੀ ਦਰਸਨੁ ਪਾਇਆ॥ ਰਹਾਉ॥*
*ਬਾਦਿਸਾਹ ਸਾਹ ਵਾਪਾਰੀ ਮਰਨਾ॥*
*ਜੋ ਦੀਸੈ ਸੋ ਕਾਲਹਿ ਖਰਨਾ॥*
*ਕੂੜੈ ਮੋਹਿ ਲਪਟਿ ਲਪਟਾਨਾ॥*
*ਛੋਡਿ ਚਲਿਆ ਤਾ ਫਿਰਿ ਪਛੁਤਾਨਾ॥*
*ਕ੍ਰਿਪਾ ਨਿਧਾਨ ਨਾਨਕ ਕਉ ਕਰਹੁ ਦਾਤਿ॥*
*ਨਾਮੁ ਤੇਰਾ ਜਪੀ ਦਿਨੁ ਰਾਤਿ॥*
*ਅੰਗ - 740*

ਸੱਚੇ ਪਾਤਸ਼ਾਹ! ਨਾਮ ਵਰਗੀ ਅਮੋਲਕ ਵਸਤੂ ਤੋਂ ਮੇਰਾ ਮਨ ਹਟਾ ਕੇ ਆਪ ਸੰਸਾਰ ਦੀਆਂ ਨਾਸ਼ਵਾਨ ਚੀਜ਼ਾਂ ਬਖਸ਼ਦੇ ਹੋ, ਨਾ ਸੱਚੇ ਪਾਤਸ਼ਾਹ! ਮੈਨੂੰ ਤਾਂ ਕੁਝ ਨਹੀਂ ਚਾਹੀਦਾ, ਮੇਰਾ ਤਾਂ ਜਨਮ ਮਰਨ ਕੱਟ ਦੇਵੋ। ਆਪਣੇ ਚਰਨਾਂ ਵਿਚ ਸਦੀਵੀ ਨਿਵਾਸ ਦੇ ਦੇਵੋ। ਇਹ ਸੁਣ ਕੇ ਜਹਾਂਗੀਰ ਬਹੁਤ ਹੈਰਾਨ ਹੋਇਆ ਤੇ ਕਹਿਣ ਲੱਗਿਆ ਕਿ ਘਾਹੀ! ਮੈਂ ਤਾਂ ਦੁਨੀਆਂ ਦਾ ਬਾਦਸ਼ਾਹ ਹਾਂ ਜਿਸ ਨੂੰ ਤੂੰ ਸੱਚੇ ਪਾਤਸ਼ਾਹ ਕਹਿੰਦਾ ਹੈ, ਉਹ ਗੁਰੂ ਹਰਿਗੋਬਿੰਦ ਸਾਹਿਬ ਜੀ ਸਾਮ੍ਹਣੇ ਵਾਲੇ ਟੈਂਟ ਵਿਚ ਹਨ। ਉਸ ਵੇਲੇ ਘਾਹੀ ਨੇ ਟਕਾ ਵੀ ਚੁੱਕ ਲਿਆ ਅਤੇ ਘਾਹ ਦੀ ਪੰਡ ਵੀ ਚੁਕ ਲਈ ਅਤੇ

*(ਬਾਕੀ ਪੰਨਾ 41 'ਤੇ)*

# ਸਰਬ ਰੋਗ ਕਾ ਅਉਖਦੁ ਨਾਮੁ

ਸੰਤ ਬਾਬਾ ਹਰਪਾਲ ਸਿੰਘ ਜੀ

*ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥*
*ਬੋਲਿ ਨ ਜਾਣੈ ਮਾਇਆ ਮਦਿ ਮਾਤਾ*
*ਮਰਣਾ ਚੀਤਿ ਨ ਆਵੈ ॥ ੧ ॥*
*ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥*
*ਤੇਰੇ ਸੇਵਕ ਕਉ ਭਉ ਕਿਛੁ ਨਾਹੀ*
*ਜਮੁ ਨਹੀ ਆਵੈ ਨੇਰੇ ॥ ੧ ॥ ਰਹਾਉ ॥*
*ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ੍ ਕਾ*
*ਜਨਮ ਮਰਣ ਦੁਖੁ ਨਾਸਾ ॥*
*ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥ ੨ ॥*
*ਨਾਮੁ ਧਿਆਇਨਿ ਸੁਖ ਫਲ ਪਾਇਨਿ*
*ਆਠ ਪਹਰ ਆਰਾਧਹਿ ॥*
*ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ ॥ ੩ ॥*
*ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ*
*ਸਾਰ ਨ ਜਾਣਾ ਤੇਰੀ ॥*
*ਸਭ ਤੇ ਵਡਾ ਸਤਿਗੁਰੁ ਨਾਨਕੁ*
*ਜਿਨਿ ਕਲ ਰਾਖੀ ਮੇਰੀ ॥ ੪ ॥ ੧੦ ॥ ੫੭ ॥*

*ਅੰਗ - ੭੪੯*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ! ਖਿਆਲ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਕਰੀਏ ਇਕਾਗਰ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ, 'ਸਤਿਨਾਮੁ ਸ੍ਰੀ ਵਾਹਿਗੁਰੂ।'

*ਸਰਬ ਰੋਗ ਕਾ ਅਉਖਦੁ ਨਾਮੁ ॥*
*ਕਲਿਆਣ ਰੂਪ ਮੰਗਲ ਗੁਣ ਗਾਮ ॥ ਅੰਗ- ੨੭੪*

ਅੱਜ ਅਸੀਂ ਸਾਰੇ ਦੇਖ ਰਹੇ ਹਾਂ -

*ਜੋ ਜੋ ਦੀਸੈ ਸੋ ਸੋ ਰੋਗੀ ॥*
*ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥ ੧ ॥ ਰਹਾਉ ॥*

*ਅੰਗ- ੧੧੪੦*

ਅੱਜਕੱਲ੍ਹ ਦਾ ਵਾਤਾਵਰਣ ਐਨਾ ਦੂਸ਼ਿਤ ਹੋ ਗਿਆ ਕਿ ਜਿਹਦੇ ਵਿਚ ਸਾਹ ਲੈ ਰਹੇ ਹਾਂ, ਉਹ ਬਿਮਾਰੀਆਂ ਦਾ ਘਰ ਬਣ ਗਿਆ। ਸੋ ਸਤਿਗੁਰ ਸੱਚੇ ਪਾਤਸ਼ਾਹ ਜੀ ਨੇ ਜੁਗਤ ਦਸੀ ਹੈ -

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ ॥ ੧ ॥ ਰਹਾਉ ॥*

*ਅੰਗ- ੭੯੭*

*ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥*

*ਅੰਗ- ੬੮੭*

ਇਹਦੇ ਅੰਦਰ ਹੀ ਦਵਾਈ ਰੱਖ ਦਿਤੀ -

*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥ ੪੫ ॥*

*ਅੰਗ- ੨੫੯*

*ਨਾਮੁ ਅਉਖਧੁ ਮੋ ਕਉ ਸਾਧੂ ਦੀਆ ॥ ਅੰਗ - ੧੦੧*

ਜਦੋਂ ਅਸੀਂ ਉਸ 'ਨਾਮ' ਨਾਲ ਜੁੜ ਜਾਂਦੇ ਹਾਂ, ਨਾਮ ਨਾਲ ਜੁੜ ਕੇ ਸਾਰੇ ਰੋਗ ਖਤਮ ਹੋ ਜਾਂਦੇ ਨੇ। ਸਭ ਤੋਂ ਵੱਡਾ ਰੋਗ-

*ਹਉਮੈ ਰੋਗੁ ਮਾਨੁਖ ਕਉ ਦੀਨਾ ॥*
*ਕਾਮ ਰੋਗਿ ਮੈਗਲੁ ਬਸਿ ਲੀਨਾ ॥ ਅੰਗ - ੧੧੪੦*

ਪਹਿਲਾਂ ਵਿਚਾਰ ਕੀਤੀ ਸੀ ਕਿ ਕਿਵੇਂ ਕਾਮ ਦਾ ਰੋਗ ਮੈਂਗਲ ਨੂੰ ਲੱਗਿਆ।

*ਗੋਤਮੁ ਤਪਾ ਅਹਿਲਿਆ ਇਸਤ੍ਰੀ*
*ਤਿਸੁ ਦੇਖਿ ਇੰਦ੍ਰੁ ਲੁਭਾਇਆ ॥*
*ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ ॥*

*ਅੰਗ - ੧੧੪੦*

ਇੰਦਰ ਦੇਵਤਾ ਗੋਤਮ ਤਪੇ ਦੀ ਇਸਤ੍ਰੀ ਦੇ ਰੂਪ 'ਤੇ ਮੋਹਿਤ ਹੋ ਗਿਆ -

*ਰੁਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ ॥ ਅੰਗ- ੧੨੮੮*

ਉਹ ਰੋਗੀ ਹੋ ਗਿਆ -

*ਖਸਮੁ ਵਿਸਾਰਿ ਕੀਏ ਰਸ ਭੋਗ ॥*
*ਤਾਂ ਤਨਿ ਉਠਿ ਖਲੋਏ ਰੋਗ ॥ ਅੰਗ- ੧੨੫੬*
*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥*
*ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥*
*ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥*
*ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥*
*ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥*

*ਅੰਗ- ੧੩੫*

*ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥*
*ਜਿਉ ਕੰਚਨ ਸੋਹਾਗਾ ਢਾਲੈ ॥ ਅੰਗ- ੯੩੨*

ਚਲਦਾ ਇਨਸਾਨ ਅਠਾਰਹ ਸਾਹ ਲੈਂਦੈ, ਇਕ ਮਿੰਟ ਵਿਚ। ਬੈਠਾ ਬਾਰ੍ਹਾਂ, ਸੌਂਦਾ ਚੌਵੀ, ਗੁੱਸੇ ਵਿਚ 32 ਤੇ ਕਾਮ ਦੇ ਅਧੀਨ 64 ਸਵਾਸ ਵਿਅਰਥ ਗੁਆ ਲੈਂਦਾ ਹੈ। ਸਵਾਸਾਂ ਦੀ ਪੂੰਜੀ ਅਮੋਲਕ ਹੈ। ਇਸ ਕਰਕੇ ਸਾਰਿਆਂ ਨੂੰ ਹੀ ਸੱਚੇ ਪਾਤਸ਼ਾਹ ਜੀ ਦਾ ਫੁਰਮਾਨ ਹੈ ਕਿ ਜੇ ਅਸੀਂ ਸਿੱਖ ਅਖਵਾਉਂਦੇ ਹਾਂ ਤਾਂ ਇਹ ਜ਼ਰੂਰ

ਕਰੋ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਅੰਗ- ੩੦੫*

ਜਦੋਂ ਅਸੀਂ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦੇ ਹਾਂ, ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ, ਸਿਫਤੀ ਦਾ ਘਰ। ਕਿੰਨਾ ਪਿਆਰਾ ਅਸਥਾਨ ਹੈ। ਬਾਣੀ ਦਾ ਪ੍ਰਵਾਹ ਲਗਾਤਾਰ ਚਲਦੈ ਉਥੇ। ਉਸ ਨਾਲ ਪਾਣੀ ਦੀ ਤਾਸੀਰ ਬਦਲ ਗਈ, ਅੰਮ੍ਰਿਤ ਬਣ ਗਿਆ। ਇਸੇ ਤਰ੍ਹਾਂ ਦੇ ਨਾਲ ਆਪਣੇ ਅੰਦਰ ਵੀ ਅੰਮ੍ਰਿਤ ਸਰੋਵਰ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ- ੨੯੩*

ਉਹਦੇ ਵਿਚ ਜਦੋਂ ਅਸੀਂ ਅਸਥਿਤ ਹੋ ਜਾਂਦੇ ਹਾਂ, ਰੋਗ ਦਾ ਫੇਰ ਨਾਮ ਨਿਸ਼ਾਨ ਨਹੀਂ ਰਹਿੰਦਾ -

*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਅੰਗ- ੩੦੫*

ਇਸ ਕਰਕੇ ਇਥੇ ਅਸੀਂ ਪਹੁੰਚਣਾ ਹੈ। ਬੈਖਰੀ ਬਾਣੀ 'ਚ ਬੋਲ ਕੇ ਨਾਮ ਜਪਦੇ ਹਾਂ। ਉਸ ਤੋਂ ਦਸ ਗੁਣਾਂ ਫਲ ਜਦੋਂ ਅੰਦਰ ਹੁੰਦਾ ਹੈ ਮਧਮਾ ਬਾਣੀ ਦੇ ਵਿਚ। ਉਸ ਤੋਂ ਵੀ ਵੱਧ ਦਸ ਗੁਣਾਂ ਫਲ -

*ਬਿਨੁ ਜਿਹਵਾ ਜੋ ਜਪੈ ਹਿਆਇ ॥*
*ਕੋਈ ਜਾਣੈ ਕੈਸਾ ਨਾਉ ॥ ੨ ॥ ਅੰਗ- ੧੨੫੬*

ਹਿਰਦੇ ਦੀ ਬਾਣੀ ਹੈ। ਫੇਰ ਪਰਾ ਬਾਣੀ ਹੈ। ਸਵਾਸ ਦੀ ਮਦਦ ਦੇ ਨਾਲ ਸੁਰਤ ਨੂੰ ਉੱਚਾ ਚੁਕਿਆ, ਮੰਤਰ ਬਲ ਨਾਲ, ਸ਼ਬਦ ਨਾਲ ਜੋੜ ਦਿਤਾ -

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ ॥ ੩ ॥ ਅੰਗ- ੮੭੯*

ਇਹ ਫੇਰ ਨਾ ਕਥੀ ਜਾਣ ਵਾਲੀ ਕਹਾਣੀ ਹੈ। ਇਸ ਬਾਰੇ ਮਹਾਰਾਜ ਫੁਰਮਾਨ ਕਰਦੇ ਹਨ -

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥ ਅੰਗ - ੨੯੫*

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ੧ ॥*
*ਅੰਗ - ੩੧੯*

ਕੋਈ ਸਵਾਸ ਖਾਲੀ ਨਾ ਜਾਵੇ, ਇਸ ਵਾਸਤੇ ਅੰਮ੍ਰਿਤ ਵੇਲੇ ਉਠ ਕੇ ਸਭ ਤੋਂ ਪਹਿਲਾਂ ਇਸ਼ਨਾਨ ਕਰਕੇ, ਇਹ ਅਭਿਆਸ ਜ਼ਰੂਰ ਕਰੇ। ਪੇਟ ਦੇ ਉਤੇ ਕੋਈ ਭਾਰ ਨਹੀਂ ਖਾਲੀ ਹੈ, ਦਿਮਾਗ ਦੇ ਉਤੇ ਕੋਈ ਭਾਰ ਨਹੀਂ, ਉਸ ਸਮੇਂ ਸਿੱਧੇ ਬੈਠ ਕੇ ਰੀੜ੍ਹ ਦੀ ਹੱਡੀ, 90 ਡਿਗਰੀ 'ਤੇ ਰੱਖ ਕੇ, ਸਵਾਸ ਨੂੰ ਅੰਦਰ ਜਾਂਦੇ 'ਵਾਹਿ' ਬਾਹਰ ਜਾਂਦੇ 'ਗੁਰੂ' ਦਾ ਅਭਿਆਸ ਕਰੇ। ਡੂੰਘਾ ਸਾਹ ਲਿਆ ਜਾਵੇ। ਜਿੰਨਾਂ ਸਾਹ ਡੂੰਘਾ ਲਿਆ, ਆਕਸੀਜਨ ਅੰਦਰ ਗਈ, ਰੋਗ ਨੂੰ ਬਾਹਰ ਕੱਢ ਦੇਵੇਗੀ-

*ਪਰਮੇਸਰਿ ਦਿਤਾ ਬੰਨਾ ॥*
*ਦੁਖ ਰੋਗ ਕਾ ਡੇਰਾ ਭੰਨਾ ॥*
*ਅਨਦ ਕਰਹਿ ਨਰ ਨਾਰੀ ॥*
*ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥ ੧ ॥*
*ਸੰਤਹੁ ਸੁਖੁ ਹੋਆ ਸਭ ਥਾਈ ॥*
*ਪਾਰਬ੍ਰਹਮੁ ਪੂਰਨ ਪਰਮੇਸਰੁ*
*ਰਵਿ ਰਹਿਆ ਸਭਨੀ ਜਾਈ ॥ ਰਹਾਉ ॥*
*ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥*
*ਦਇਆਲ ਪੁਰਖ ਮਿਹਰਵਾਨਾ ॥*
*ਹਰਿ ਨਾਨਕ ਸਾਚੁ ਵਖਾਨਾ ॥ ੨ ॥ ੧੩ ॥ ੭੭ ॥*
*ਅੰਗ- ੬੨੮*

ਇਸ ਤਰ੍ਹਾਂ ਦੇ ਨਾਲ -

*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਅੰਗ - ੩੦੬*

ਸਾਰਾ ਸੰਸਾਰ ਹੀ ਦੁਖੀ ਹੈ -

*ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥*
*ਪਰਸ ਰਾਮੁ ਰੋਵੈ ਘਰਿ ਆਇਆ ॥ ਅੰਗ - ੯੫੩*

ਪਰਸਰਾਮ ਦਾ ਪਿਤਾ ਜਮਦੰਗਨ ਰਿਸ਼ੀ ਸੀ, ਰਾਜੇ ਸਹੰਸਬਾਹੂ ਨੇ ਮਾਰ ਦਿਤਾ। ਕਾਮਧੇਨੁ ਮੰਗੀ ਸੀ, ਉਸ ਨੇ ਨਾ ਦਿਤੀ। ਉਸ ਨੇ ਗੁੱਸੇ 'ਚ ਆ ਕੇ ਉਸ ਦਾ ਬੱਧ ਕਰ ਦਿਤਾ। ਇਹਦੀ ਮਾਂ ਰੇਣੁਕਾ ਰੋਈ। ਇਹ ਮਹਾਨ ਤਪੀ ਸੀ, ਸ਼ਸਤਰਧਾਰੀ ਸੀ, ਕੁਹਾੜਾ ਚੁਕ ਕੇ ਧਰਤੀ 'ਤੇ ਜਿੰਨੇ ਰਾਜੇ ਸੀ, ਸਭ ਮਾਰ ਦਿਤੇ, ਕਸ਼ਤਰੀਹੀਣ ਕਰ ਦਿਤੀ ਧਰਤੀ। ਬ੍ਰਾਹਮਣਾਂ ਨੂੰ ਰਾਜ ਕਰਨ ਬਿਠਾਇਆ। ਪਰ ਫੇਰ ਉਹੀ ਮੰਗਤ ਬਿਰਤੀ। ਜਦੋਂ ਸ੍ਰੀ ਰਾਮ ਚੰਦਰ ਜੀ ਦੇ ਕੋਲ ਆਇਆ। ਉਸ ਸਮੇਂ ਸੀਤਾ ਜੀ ਦੇ ਸੁਅੰਬਰ ਸਮੇਂ ਧਨੁਸ਼ ਬਾਣ ਜਿਹੜਾ ਰੱਖਿਆ ਸੀ, ਉਹ ਸ੍ਰੀ ਰਾਮ ਚੰਦਰ ਜੀ ਨੇ ਤੋੜਿਆ। ਇਹ ਗੁੱਸੇ 'ਚ ਆਇਆ, ਸ੍ਰੀ ਰਾਮ ਚੰਦਰ ਜੀ ਨੇ ਚਰਨਾਂ ਦੇ ਉਤੇ ਹੱਥ ਲਾ ਕੇ ਸਾਰੀ ਸ਼ਕਤੀ ਖਿੱਚ ਲਈ। ਇਹ ਸ਼ਕਤੀਹੀਣ ਹੋਣ ਕਰਕੇ ਇਹ ਰੋਇਆ। ਅੱਗੇ ਫੇਰ -

*ਅਜੈ ਸੁ ਰੋਵੈ ਭੀਖਿਆ ਖਾਇ ॥ ਅੰਗ - ੯੫੩*

ਸ੍ਰੀ ਰਾਮ ਚੰਦਰ ਜੀ ਦਾ ਦਾਦਾ ਜੀ, ਅਜ ਰਾਜਾ,

ਉਹ ਅੰਮ੍ਰਿਤ ਵੇਲੇ ਜਿਹੜਾ ਵੀ ਕੋਈ ਉਸ ਦੇ ਦਰਬਾਰ 'ਚ ਆਉਂਦਾ, ਉਹਨਾਂ ਨੂੰ ਦਾਨ ਦਿੰਦਾ ਸੀ।

ਸਾਧੂ ਅਭਿਆਗਤ ਆਉਂਦੇ। ਅੱਜ ਲੇਟ ਹੋ ਗਿਆ ਇਕ ਸਾਧੂ, ਬੀਤਰਾਗ ਅਵਸਥਾ ਦਾ। ਇਹ ਜਦੋਂ ਆਇਆ, ਅਜੁ ਰਾਜਾ ਘੋੜਿਆਂ ਦੇ ਤਬੇਲੇ ਵਿਚ ਖੜ੍ਹਾ ਸੀ। ਉਸ ਸਮੇਂ ਇਸ ਨੂੰ ਗੁੱਸਾ ਆ ਗਿਆ ਕਿ ਇਹ ਕਿੱਥੇ ਆ ਗਿਆ। ਇਸ ਨੇ ਲਿੱਦ ਦੀ ਉਂਜਲ ਭਰ ਉਸਦੀ ਝੋਲੀ ਦੇ ਵਿਚ ਪਾ ਦਿਤੀ। ਸਾਧੂ ਤਥਾਅਸਤੂ ਕਹਿ ਕੇ ਚਲਿਆ ਗਿਆ। ਅਤੇ ਇਹ ਇਕ ਦਿਨ ਜੰਗਲ 'ਚ ਜਾਂਦਾ ਹੋਇਆ, ਉਹੀ ਸਾਧੂ ਕੋਲੋਂ ਲੰਘਿਆ, ਵੱਡਾ ਢੇਰ ਲੱਗਿਆ ਦੇਖਿਆ ਇਸ ਨੇ ਲਿੱਦ ਦਾ। ਇਸ ਨੇ ਸਵਾਲ ਕਰਿਆ ਕਿ ਇਹ ਕੀ ਹੈ? ਉਹਨਾਂ ਨੇ ਕਿਹਾ ਕਿ ਇਹ ਤੇਰਾ ਦਾਨ ਵਧ ਰਿਹਾ ਹੈ, ਜਿਹੜਾ ਤੂੰ ਦਿਤਾ ਸੀ।

ਕਹਿਣ ਲੱਗਿਆ ਕਿ ਇਹ ਹੁਣ ਕਿਵੇਂ ਖਤਮ ਹੋ ਸਕਦਾ ਹੈ?

ਮਹਾਤਮਾ ਨੇ ਕਿਹਾ ਕਿ ਤੈਨੂੰ ਨਿੰਦਿਆ ਕਰਾਉਣੀ ਪੈਣੀ ਹੈ ਤਾਂ ਇਹ ਢੇਰ ਖਤਮ ਹੋ ਸਕਦਾ ਹੈ, ਨਹੀਂ ਤਾਂ ਇਹ ਸਾਰੀ ਲਿੱਦ ਤੈਨੂੰ ਖਾਣੀ ਪੈਣੀ ਹੈ।

ਇਹ ਸ਼ਹਿਰ ਦੇ ਵਿਚੋਂ, ਆਪਣੀ ਲੜਕੀ ਤੇ ਇਕ ਵੈਸ਼ਅ ਨੂੰ ਬੱਗੀ ਦੇ ਵਿਚ ਰੰਗ ਦੀਆਂ ਬੋਤਲਾਂ ਹੱਥ ਵਿਚ ਫੜੀਆਂ ਨੇ, ਲੈ ਕੇ ਪੂਰੇ ਸ਼ਹਿਰ 'ਚੋਂ ਲੰਘਦਾ ਹੈ। ਲੋਕ ਸਮਝਦੇ ਹਨ ਇਹ ਸ਼ਰਾਬ ਪੀ ਰਿਹਾ ਹੈ। ਲੋਕ ਸਾਰਾ ਦ੍ਰਿਸ਼ ਦੇਖ ਕੇ ਇਸ ਦੀ ਬਹੁਤ ਨਿੰਦਿਆ ਕਰਦੇ ਹਨ। ਨਿੰਦਿਆ ਕਰਨ ਨਾਲ ਉਹ ਲਿੱਦ ਦਾ ਸਾਰਾ ਢੇਰ ਖਤਮ ਹੋ ਗਿਆ। ਪਰ ਇਕ ਊਂਜਲ ਬਚ ਗਿਆ।

ਕਿਉਂਕਿ ਇਕ ਬ੍ਰਹਮਗਿਆਨੀ ਮਹਾਂਪੁਰਸ਼ ਸੀ ਉਹਨਾਂ ਨੇ ਨਿੰਦਿਆ ਨਹੀਂ ਸੀ ਕੀਤੀ। ਰਾਜਾ ਉਹਨਾਂ ਕੋਲ ਚਲਿਆ ਗਿਆ। ਉਹ ਲੁਹਾਰ ਦਾ ਕੰਮ ਕਰਦੇ ਸੀ। ਉਹਨਾਂ ਸਮਿਆਂ ਦੇ ਵਿਚ ਦਾਤੀਆਂ ਦੇ ਦੰਦੇ ਕੱਢਦੇ ਸੀ। ਇਹ ਬਹਾਨੇ ਨਾਲ ਭੇਸ ਵਟਾ ਕੇ ਉਹਨਾਂ ਕੋਲ ਚਲਿਆ ਗਿਆ। ਗੱਲ ਚਲਾਉਂਦਾ ਹੈ ਕਿ ਦੇਖੋ ਕਿਹੋ ਜਿਹਾ ਰਾਜਾ ਹੈ, ਕਿਹੋ ਜਿਹਾ ਮਾੜਾ ਕੁਕਰਮ ਕੀਤਾ ਹੈ।

ਪਰ ਉਹਨਾਂ ਮਹਾਂਪੁਰਸ਼ਾਂ ਨੂੰ ਪਤਾ ਸੀ, ਉਹਨਾਂ ਨੇ ਕਿਹਾ ਕਿ ਚੁੱਕ ਆਪਣੀਆਂ ਦਾਤੀਆਂ, ਮੈਂ ਨਹੀਂ ਨਿੰਦਿਆ ਕਰਨੀ, ਆਪਣੀ ਲਿੱਦ ਆਪੇ ਖਾਹ।

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਅੰਗ- ੧੩੪*

ਜਿਹੜੀ ਉਹ ਲਿੱਦ ਬਚੀ ਸੀ, ਇਸ ਨੇ ਮਹਾਤਮਾ ਦੀ ਕੁਟੀਆ ਦੇ ਅੱਗੇ ਅਲਖ ਜਗਾ ਕੇ, ਝੋਲੀ 'ਚ ਪਵਾਈ ਤੇ ਰੋਜ਼ ਚੂਰਣ ਨਾਲ ਮਿਲਾ ਕੇ ਖਾਂਦਾ ਸੀ ਤੇ ਨਾਲੇ ਰੋਂਦਾ ਸੀ।

*ਅਜੈ ਸੁ ਰੋਵੈ ਭੀਖਿਆ ਖਾਇ ॥*
*ਐਸੀ ਦਰਗਹ ਮਿਲੈ ਸਜਾਇ ॥ ਅੰਗ- ੯੫੩*

ਸੱਚੇ ਪਾਤਸ਼ਾਹ ਜੀ ਦਾ ਅਟੱਲ ਫੁਰਮਾਨ ਹੈ ਕਿ ਜਿਹੋ ਜਿਹਾ ਬੀਜ ਬੀਜਦੇ ਹਾਂ, ਉਹੋ ਜਿਹਾ ਹੀ ਉਸ ਨੂੰ ਫਲ ਲਗਦਾ ਹੈ। ਅੱਗੇ ਫੇਰ ਤ੍ਰੇਤਾ ਯੁੱਗ ਦੇ ਅਵਤਾਰ ਸ੍ਰੀ ਰਾਮ ਚੰਦਰ ਜੀ ਦੀ ਕਥਾ ਚਲਦੀ ਹੈ -

*ਰੋਵੈ ਰਾਮੁ ਨਿਕਾਲਾ ਭਇਆ ॥*
*ਸੀਤਾ ਲਖਮਣੁ ਵਿਛੁੜਿ ਗਇਆ ॥ ਅੰਗ- ੯੫੪*

ਵੱਡਿਆਂ-ਵੱਡਿਆਂ ਦੀ ਇਹ ਕਥਾ ਹੈ। ਆਪਾਂ ਰਾਮਾਇਣ ਪੜ੍ਹਦੇ ਹਾਂ, ਸੁਣਦੇ ਹਾਂ ਉਹਦੇ ਵਿਚ ਆਉਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਵੀ ਆਉਂਦਾ ਹੈ ਕਿ ਇਸ ਸੰਸਾਰ ਦੇ ਉਤੇ ਵੱਡੇ-ਵੱਡੇ ਹੋਏ ਨੇ। ***'ਸਹੰਸਰ ਦਾਨ ਦੇ ਇੰਦ੍ਰ ਰੋਆਇਆ ॥ ਪਰਸ ਰਾਮੁ ਰੋਵੈ ਘਰਿ ਆਇਆ ॥ ਅਜੈ ਸੁ ਰੋਵੈ ਭੀਖਿਆ ਖਾਇ ॥ ਐਸੀ ਦਰਗਹ ਮਿਲੈ ਸਜਾਇ ॥ ਰੋਵੈ ਰਾਮੁ ਨਿਕਾਲਾ ਭਇਆ ॥ ਸੀਤਾ ਲਖਮਣੁ ਵਿਛੁੜਿ ਗਇਆ ॥ ਰੋਵੈ ਦਹਸਿਰੁ ਲੰਕ ਗਵਾਇ ॥ ਜਿਨਿ ਸੀਤਾ ਆਦੀ ਡਉਰੂ ਵਾਇ ॥ ਰੋਵਹਿ ਪਾਂਡਹ ਭਏ ਮਜੂਰ ॥ ਜਿਨ ਕੈ ਸੁਆਮੀ ਰਹਤ ਹਦੂਰਿ ॥ ਰੋਵੈ ਜਨਮੇਜਾ ਖੁਇ ਗਇਆ॥ ਏਕੀ ਕਾਰਣਿ ਪਾਪੀ ਭਇਆ ॥ ਰੋਵਹਿ ਸੇਖ ਮਸਾਇਕ ਪੀਰ ॥ ਅੰਤਿ ਕਾਲਿ ਮਤੁ ਲਾਗੈ ਭੀੜ ॥ ਰੋਵਹਿ ਰਾਜੇ ਕੰਨ ਪੜਾਇ ॥ ਘਰਿ ਘਰਿ ਮਾਗਹਿ ਭੀਖਿਆ ਜਾਇ ॥ ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥ ਪੰਡਿਤ ਰੋਵਹਿ ਗਿਆਨੁ ਗਵਾਇ ॥ ਬਾਲੀ ਰੋਵੈ ਨਾਹਿ ਭਤਾਰੁ ॥ ਨਾਨਕ ਦੁਖੀਆ ਸਭੁ ਸੰਸਾਰੁ ॥ ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥ ੧ ॥ (ਅੰਗ-੯੫੩-੫੪)***

ਉਹ ਬਾਜ਼ੀ ਜਿੱਤ ਗਿਆ, ਜਿਹੜਾ 'ਨਾਮ' ਨਾਲ ਜੁੜ ਗਿਆ। ਬਾਕੀ ਕਰਮ ਨਹੀਂ ਲੇਖੇ 'ਚ ਲਗਦੇ -

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ੮ ॥ ਅੰਗ- ੬੪੨*

ਇਸ ਕਰਕੇ -

*ਜੋ ਜੋ ਦੀਸੈ ਸੋ ਸੋ ਰੋਗੀ ॥*
*ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥ ੧ ॥ ਰਹਾਉ ॥*
*ਅੰਗ- ੧੧੪੦*

ਧੰਨ-ਧੰਨ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਮਹਾਰਾਜ ਜਿਨ੍ਹਾਂ ਨੇ ਆਪਣਾ ਸਰਬੰਸ ਵਾਰ ਦਿਤਾ।

ਆਪਣੀਆਂ ਅੱਖਾਂ ਦੇ ਸਨਮੁੱਖ ਵੱਡੇ ਸਾਹਿਬਜ਼ਾਦੇ ਸ੍ਰੀ ਚਮਕੌਰ ਸਾਹਿਬ ਸ਼ਹੀਦ ਕਰਵਾਏ। ਛੋਟੇ ਸਾਹਿਬਜ਼ਾਦੇ ਸਰਹੰਦ ਦੀਆਂ ਨੀਹਾਂ ਦੇ ਵਿਚ ਚਿਣਵਾਏ। ਸਾਡੇ ਸਾਮ੍ਹਣੇ ਕਿੱਡੀ ਲਾਸਾਨੀ ਉਦਾਹਰਣ ਹੈ। ਐਸੇ ਗੁਰੂ -

*ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥*
*ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ ॥*
*ਧਿਆਇ ਧਿਆਇ ਭਗਤਹ ਸੁਖੁ ਪਾਇਆ ॥*
*ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ ॥ ੨ ॥*
*ਅੰਗ- ੨੮੪*

ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਮਹਾਰਾਜ, ਸ਼ੁਕਰ ਕਰ ਰਹੇ ਨੇ। ਰੋਏ ਨਹੀਂ। ਨਹੀਂ ਤਾਂ ਸੰਸਾਰ ਰੋ ਰਿਹਾ ਹੈ, ਦੁਖੀ ਹੈ, ਰੋਗੀ ਹੈ -

*ਜੋ ਜੋ ਦੀਸੈ ਸੋ ਸੋ ਰੋਗੀ ॥*
*ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥ ੧ ॥ ਰਹਾਉ ॥*
*ਅੰਗ- ੧੧੪੦*

ਜੇ ਉਸ ਜੁਗਤ ਨੂੰ ਅਸੀਂ ਅਪਨਾਅ ਲਈਏ ਤਾਂ ਅਸੀਂ ਵੀ ਉਹਨਾਂ ਦੇ ਪਾਏ ਪੂਰਨਿਆਂ 'ਤੇ ਗੁਰਬਾਣੀ ਦੇ ਅਨੁਸਾਰ ਜੀਵਨ ਨੂੰ ਢਾਲ ਲਈਏ ਤੇ ਸਾਡੇ ਵੀ ਸੁਪਨੇ ਵਿਚ ਵੀ ਰੋਗ ਨਹੀਂ ਆ ਸਕਦਾ।

*ਸਰਬ ਰੋਗ ਕਾ ਅਉਖਦੁ ਨਾਮੁ ॥ ਅੰਗ- ੨੭੪*

ਸੋ ਆਪਾਂ ਇਹ ਵਿਚਾਰ ਸ਼ੁਰੂ ਕੀਤੀ ਹੈ ਕਿ ਸੰਸਾਰ ਦੇ ਵਿਚ ਦੁਖ ਕਿਥੋਂ ਆ ਗਿਆ। ਦੁਖ ਤਾਂ ਇਥੇ ਹੋਣਾ ਹੀ ਨਹੀਂ ਸੀ। ਕਿਉਂਕਿ -

*ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥*
*ਅੰਗ- ੪੬੩*

ਇਹ ਸੰਸਾਰ ਉਹਦੀ ਰਚਨਾ ਜਿਹੜੀ ਰਚੀ ਗਈ ਹੈ। ਸਾਇੰਸ ਹੋਰ ਤਰ੍ਹਾਂ ਨਾਲ ਇਸ ਰਚਨਾ ਨੂੰ ਦੇਖਦੀ ਹੈ। ਇਕ ਵੱਡੇ ਧਮਾਕੇ ਦੇ ਨਾਲ ਸਭ ਕੁਛ ਬਣ ਗਿਆ। ਲੇਕਿਨ ਸਤਿਗੁਰ ਸੱਚੇ ਪਾਤਸ਼ਾਹ ਜੀ ਦਸ ਰਹੇ ਨੇ -

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥ ੨ ॥*
*ਅੰਗ- ੫੩੭*

*ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥*
*ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥*
*ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥*
*ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥*
*ਅੰਗ- ੭*

ਇਸ ਕਰਕੇ ਜਿਵੇਂ ਮਾਇਆ ਦਾ ਸਬੰਧ ਪ੍ਰਮੇਸ਼ਰ ਨਾਲ ਹੈ। ਵੇਦਾਂਤ ਨੇ ਇਸ ਨੂੰ ਬਰਾਬਰ ਦੀ ਸ਼ਕਤੀ ਕਹਿ ਦਿਤਾ, ਇਹ ਅਨਾਦੀ ਹੈ। 99% ਇਹ ਗੁਰਬਾਣੀ ਨਾਲ ਸਹਿਮਤ ਹੈ ਪਰ ਇਥੇ ਆ ਕੇ ਇਕ ਤਰ੍ਹਾਂ ਦਾ ਵਖਰਾਪਣ ਹੋ ਗਿਆ ਕਿ ਉਹ ਸ਼ਕਤੀ ਜਿਹੜੀ ਹੈ ਉਹ ਪ੍ਰਮੇਸ਼ਰ ਨੇ ਆਪ ਬਣਾਈ ਹੈ -

*ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥*
*ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ ॥ ੧ ॥*
*ਬਲਿਹਾਰੀ ਕੁਦਰਤਿ ਵਸਿਆ ॥*
*ਤੇਰਾ ਅੰਤੁ ਨ ਜਾਈ ਲਖਿਆ ॥ ਅੰਗ- ੪੬੯*

*ਕੁਦਰਤਿ ਦਿਸੈ ਕੁਦਰਤਿ ਸੁਣੀਐ*
*ਕੁਦਰਤਿ ਭਉ ਸੁਖ ਸਾਰੁ ॥*
*ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥*
*ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥*
*ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ ॥*
*ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥*
*ਕੁਦਰਤਿ ਨੇਕੀਆ ਕੁਦਰਤਿ ਬਦੀਆ*
*ਕੁਦਰਤਿ ਮਾਨੁ ਅਭਿਮਾਨੁ ॥*
*ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥*
*ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ*
*ਪਾਕੀ ਨਾਈ ਪਾਕੁ ॥*
*ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥ ੨ ॥*
*ਅੰਗ- ੪੬੪*

ਇਸ ਤਰ੍ਹਾਂ ਦੇ ਨਾਲ ਜਦੋਂ ਅਸੀਂ ਜੁਗਤ ਨੂੰ ਅਪਣਾਉਂਦੇ ਹਾਂ, ਜੀਵਨ ਜਾਚ ਇਥੇ ਸਿਖਦੇ ਹਾਂ -

*ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥*
*ਅੰਗ- ੬੪੧*

ਬਿਬੇਕ ਬੁਧ ਵਿਚਾਰ ਨਾਲ ਵਿਚਾਰੀਏ ਕਿ ਸਾਨੂੰ ਜੀਵਨ ਕਿਸ ਕੰਮ ਵਾਸਤੇ ਮਿਲਿਆ ਹੈ। ਜੇ ਸ਼ਾਂਤੀ ਹੈ ਤਾਂ 'ਨਾਮ' ਦੇ ਵਿਚ ਹੈ। ਹੋਰ ਕਿਸੇ ਤਰ੍ਹਾਂ ਨਾਲ ਵੀ ਸ਼ਾਂਤੀ ਨਹੀਂ ਹੈ।

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥*
*ਅੰਗ- ੭੦੭*

ਆਓ, ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤੀ ਹੈ।

*ਵਾਹਿਗੁਰੂ ਜੀ ਕਾ ਖਾਲਸਾ,*
*ਵਾਹਿਗੁਰੂ ਜੀ ਕੀ ਫਤਿਹ।*

# ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਾਂਝੀਵਾਲਤਾ
## (ਪਹਿਲੇ ਪ੍ਰਕਾਸ਼ ਪੁਰਬ 19 ਅਗਸਤ 'ਤੇ ਵਿਸ਼ੇਸ਼)

*ਡਾ. ਗੁਰਨੇਕ ਸਿੰਘ*

ਸਾਂਝੀਵਾਲਤਾ ਤੋਂ ਭਾਵ ਅਜਿਹੀ ਵਸਤੂ ਜਾਂ ਵਿਚਾਰ ਤੋਂ ਹੈ ਜਿਸ ਤੋਂ ਸਮੁੱਚਾ ਜਗਤ ਭਾਈਚਾਰਾ ਲਾਹਾ ਪ੍ਰਾਪਤ ਕਰ ਸਕਦਾ ਹੈ, ਜਿਸ ਨੂੰ ਲੋਕਾਈ ਆਪਣੇ ਨਿਜੀ ਅਤੇ ਸਮੂਹਿਕ ਹਿਤਾਂ ਲਈ ਵਰਤ ਸਕਦੀ ਹੈ। ਦੂਸਰੇ ਸ਼ਬਦਾਂ ਵਿਚ ਜਿਸ ਵਸਤੂ ਤੇ ਸਭ ਦਾ ਹੱਕ ਹੋਵੇ ਜਾਂ ਅਜਿਹੀ ਵਿਚਾਰਧਾਰਾ ਜਿਸ ਨੂੰ ਅਮਲ ਵਿਚ ਲਿਆ ਕੇ ਮਨੁੱਖਾ ਜੀਵਨ ਸੁਖਾਲਾ ਅਤੇ ਖੁਸ਼ਹਾਲ ਬਣਾ ਸਕੇ। ਅਸੀਂ ਦੇਖਦੇ ਹਾਂ ਕਿ ਕੁਦਰਤ ਵਿਚ ਅਜਿਹੀਆਂ ਵਸਤਾਂ ਦੀ ਭਰਮਾਰ ਹੈ ਜਿਨ੍ਹਾਂ ਦੀ ਵਰਤੋਂ ਨਾਲ ਸਮੁੱਚਾ ਜਗਤ ਆਪਣਾ ਜੀਵਨ ਜਿਉਂ ਰਿਹਾ ਹੈ। ਜਿਵੇਂ ਹਵਾ, ਪਾਣੀ, ਧੁੱਪ, ਖਣਿਜ ਪਦਾਰਥ, ਧਰਤੀ, ਜੰਗਲ ਆਦਿ। ਇਹ ਸਾਰੇ ਕਿਸੇ ਇਕ ਮਨੁੱਖ ਜਾਂ ਕਿਸੇ ਇਕ ਕੌਮ ਜਾਂ ਦੇਸ਼ ਲਈ ਨਹੀਂ ਹਨ। ਹਵਾ ਅਤੇ ਪਾਣੀ ਸਮੁੱਚੀ ਲੋਕਾਈ ਦੀ ਜੀਵਨ ਧੜਕਣ ਦਾ ਸਰੋਤ ਹੈ। ਇਸੇ ਤਰ੍ਹਾਂ ਇਕ ਅਜਿਹਾ ਵਿਚਾਰ ਜਿਹੜਾ ਸਮੁੱਚੀ ਲੋਕਾਈ ਨੂੰ ਰਹਿਨੁਮਾਈ ਦੇ ਸਕਣ ਦੇ ਸਮਰੱਥ ਹੋਵੇ ਅਤੇ ਜਿਸ ਦੀ ਅਗਵਾਈ ਨਾਲ ਜਾਂ ਜਿਸ ਨੂੰ ਅਮਲ ਵਿਚ ਲਿਆਉਣ ਨਾਲ ਸਮੁੱਚੀ ਲੋਕਾਈ ਬੇਹਤਰ ਜੀਵਨ ਜਿਉ ਸਕੇ। ਇਸੇ ਤਰ੍ਹਾਂ ਜਿਸ ਧਰਮ ਗ੍ਰੰਥ ਦਾ ਸੰਦੇਸ਼ ਸਮੁੱਚੀ ਲੋਕਾਈ ਲਈ ਨਾ ਹੋ ਕੇ ਕਿਸੇ ਇਕ ਹਿੱਸੇ ਲਈ ਹੋਵੇ, ਉਹ ਨਿਰਸੰਦੇਹ ਸਰਵਵਿਆਪੀ ਸੰਦੇਸ਼ ਦਾ ਦਾਅਵਾ ਗੁਆ ਬੈਠਦਾ ਹੈ। ਪਰ ਜਿਸ ਧਰਮ ਗ੍ਰੰਥ ਦੀ ਵਿਚਾਰਧਾਰਾ ਸਮੁੱਚੀ ਮਨੁੱਖਤਾ ਲਈ ਹੋਵੇ, ਉਸ ਨੂੰ ਸਰਵ ਮਨੁੱਖਤਾ ਲਈ ਕਲਿਆਣਕਾਰੀ ਹੋਣ ਦੇ ਨਾਤੇ ਸਵੀਕਾਰਿਆ ਜਾ ਸਕਦਾ ਹੈ।

ਇਸ ਸੰਦਰਭ ਵਿਚ ਵਿਚਾਰਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਅਜਿਹਾ ਧਾਰਮਿਕ ਗ੍ਰੰਥ ਹੈ ਜਿਸ ਦਾ ਉਪਦੇਸ਼, ਜੀਵਨ ਫਲਸਫਾ ਜਾਂ ਸਿਧਾਂਤ ਕਿਸੇ ਇਕ ਨਿਸ਼ਚਿਤ ਖਿਤੇ ਦੇ ਲੋਕਾਂ ਲਈ ਨਾ ਹੋ ਕੇ ਸਮੁੱਚੀ ਮਨੁੱਖਤਾ ਲਈ ਲਾਹੇਵੰਦ ਸਾਬਤ ਹੋ ਨਿਬੜਦਾ ਹੈ। ਅਜੋਕੇ ਸਮਕਾਲੀ ਸਮੇਂ ਵਿਚ ਉਤਰ ਆਧੁਨਿਕ ਕਾਲ (post modernism) ਦੇ ਸੰਕਲਪ ਦਾ ਸਿੱਟਾ (global village) ਹੋਂਦ ਵਿਚ ਆਇਆ ਹੈ ਭਾਵ ਕਿ ਨਿਰਸੰਦੇਹ ਇਹ ਉਪਰੋਕਤ ਵਿਚਾਰਧਾਰਾ ਦਾ ਉਦਗਮ ਰੂਪ ਵਿਚ ਸਿੱਟੇ ਦੇ ਤੌਰ ਤੇ ਹੋਂਦ ਵਿਚ ਆਇਆ ਹੈ ਪਰ ਇਸ ਦਾ ਪੂਰਨ ਵਿਕਸਤ ਅਤੇ ਸਵੈ ਸੰਪੰਨ ਸਵੈ ਆਸ਼ਰਿਤ ਰੂਪ ਗੁਰੂ ਕਾਲ ਵਿਚ ਹੋਂਦ ਵਿਚ ਆ ਚੁੱਕਾ ਸੀ ਭਾਵ ਕਿ ਅੱਜ ਤੋਂ ਕਈ ਸਦੀਆਂ ਪਹਿਲਾਂ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅਨਿੱਖੜ ਅੰਗ ਬਣ ਚੁੱਕਾ ਸੀ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਚਨਾਕਾਰ ਗੁਰੂਆਂ ਅਤੇ ਭਗਤਾਂ ਦਾ ਉਪਦੇਸ਼ ਕਿਸੇ ਇਕ ਖਿਤੇ ਦੇ ਲੋਕਾਂ ਲਈ ਨਹੀਂ ਸੀ ਬਲਕਿ ਸਮੁੱਚੀ ਲੋਕਾਈ ਲਈ ਪ੍ਰਤਿਪਾਦਤ ਕੀਤਾ ਗਿਆ ਸੀ। ਇਸ ਵਿਚਾਰ ਦਾ ਪ੍ਰਤਿਪਾਦਨ ਕਰਦਿਆਂ ਗੁਰੂ ਜੀ ਨੇ ਪੂਰੇ ਵਿਸਤ੍ਰਿਤ ਵਿਸਾਲ ਬ੍ਰਹਿਮੰਡ ਨੂੰ ਭਾਵੇਂ ਇਹ ਕਿਸੇ ਨਸਲ, ਜਾਤ, ਧਰਮ ਅਤੇ ਰੰਗ ਦਾ ਹੋਵੇ ਇਸ ਦਾ ਸ਼ਹਿਰੀ ਭਾਵ ਕਿ ਬਸਿੰਦਾ ਮੰਨਿਆ ਹੈ। ਇਨ੍ਹਾਂ ਸਾਰੇ ਸ਼ਹਿਰੀਆਂ ਵਿਚ ਆਪਸ ਵਿਚ ਗੂੜ੍ਹਾ ਪਿਆਰ, ਭਾਵ ਅਤੇ ਗਹਿਰੀ ਮਿੱਤਰਤਾ ਹੈ। ਇਸ ਸਾਂਝੇ ਸ਼ਹਿਰ ਵਿਚ ਸਾਰੇ ਸ਼ਹਿਰੀ ਬਿਨਾਂ ਰੋਕ ਟੋਕ ਦੇ ਜਿੱਥੇ ਚਾਹੁੰਣ ਜਾ ਸਕਣ। ਕਿਸੇ ਦੇ ਮਨ ਵਿਚ ਕੋਈ ਡਰ, ਭਉ ਜਾਂ ਫ਼ਿਕਰ ਚਿੰਤਾ ਨਾ ਹੋਵੇ। ਸਾਰਿਆਂ ਦੀ ਸਾਂਝੀ ਰਾਜਨੀਤਿਕ ਵਿਵਸਥਾ ਹੋਵੇ ਜਿਸ ਵਿਚ ਨਿਆਂ ਦੇਣ ਵਾਲੀ ਸਰਕਾਰ ਸਥਾਪਤ ਹੋਵੇ ਜਿਥੇ ਕਿਸੇ ਨਾਲ ਧੱਕਾ ਜਾਂ ਅਨਿਆਂ ਨਾ ਹੋਵੇ। ਇਸ ਲਈ ਅਜਿਹੀ ਸਰਕਾਰ ਨੂੰ ਜਿਹੜੀ ਨਿਆਂ ਅਤੇ ਨੈਤਿਕ ਨਿਯਮਾਂ ਤੇ ਆਧਾਰਿਤ ਹੋਵੇ ਕਦੇ ਬਦਲਣ ਦੀ ਲੋੜ ਹੀ ਮਹਿਸੂਸ ਨਾ ਹੋਵੇ। ਧਨ ਸੰਪਤੀ ਸਰਬ ਮਨੁੱਖਤਾ ਦੀ ਸਾਂਝੀ ਹੋਵੇ। ਵਿਅਕਤੀਗਤ ਕਬਜ਼ੇ ਦਾ ਪੂਰਨ ਅਭਾਵ ਹੋਵੇ ਜਿਸ ਕਰਕੇ ਟੈਕਸ ਜਾਂ ਜੁਰਮਾਨੇ ਭਰਨ ਦੀ ਨਿਰੰਤਰ ਚਿੰਤਾ ਅਤੇ ਡਰ ਦਾ ਪੂਰਨ ਅਭਾਵ ਹੋਵੇ। ਅਜਿਹੀ ਸਰਬ ਪ੍ਰਮਾਣਿਤ ਸਥਾਪਤ ਸਰਕਾਰ ਦੇ ਕਾਰਜ ਕਾਲ ਵਿਚ ਨਾ ਕੋਈ ਕਿਸੇ ਵਿਸ਼ੇਸ਼ ਲਾਲਚ ਵਸ ਪਾਪ ਕਰੇ ਅਤੇ ਨਾ ਹੀ ਕੋਈ ਕਿਸੇ ਨੂੰ ਡਰਾਵੇ ਅਤੇ ਨਾ ਹੀ ਕੋਈ ਕਿਸੇ ਤੋਂ ਡਰੇ ਭਾਵ ਸਾਰੇ ਡਰ ਰਹਿਤ ਆਪਣੀ ਪ੍ਰੇਮ ਭਾਵ ਵਿਚ ਭਿਜ ਅਨੰਦਿਤ ਜੀਵਨ ਜਿਉਣ। ਇਸ ਤਰ੍ਹਾਂ ਸਾਰੇ ਆਪਸ ਵਿਚ ਭਰਾਵਾਂ ਦੀ ਤਰ੍ਹਾਂ ਵਿਚਰਣ ਅਤੇ ਅਪਰਾਧ ਕਰਨ ਤੋਂ ਗੁਰੇਜ ਕਰਨ। ਇਸ ਤਰ੍ਹਾਂ ਦੀ ਸਥਾਪਤ ਸਰਕਾਰ ਵਿਚ ਹਮੇਸ਼ਾ ਲੋਕ ਭਲਾਈ ਦੇ ਵਿਕਾਸ ਦੇ ਕੰਮ ਹੁੰਦੇ ਰਹਿਣ। ਅਜਿਹੇ ਸਮਾਜ ਵਿਚ ਸਰਬ ਮਨੁੱਖ ਬਰਾਬਰੀ ਇਕ ਵਿਸ਼ੇਸ਼ ਸਮਾਜਿਕ ਅੰਗ ਹੋਵੇ ਅਤੇ ਇਕ ਦੂਸਰੇ ਤੋਂ ਭਿੰਨ ਭੇਦਤਾ ਜਾਂ ਵਿਤਕਰਾ ਨਾ ਹੋਵੇ ਅਤੇ ਨਾ ਹੀ ਕਿਸੇ ਸ਼ਹਿਰੀ ਦਾ ਦੂਜਾ ਜਾਂ ਤੀਜਾ ਦਰਜਾ ਹੋਵੇ। ਇਸ ਤਰ੍ਹਾਂ ਅਜਿਹੀ ਅਦੁੱਤੀ ਬਰਾਬਰੀ ਦਾ ਅਹਿਸਾਸ ਸਾਰਿਆਂ ਦੇ ਹਿਰਦਿਆਂ ਵਿਚ ਵਸਦਾ ਹੋਵੇਗਾ ਤਾਂ ਨਿਰਸੰਦੇਹ ਅਜਿਹੇ ਵਿਸ਼ਵ ਰੂਪੀ ਸ਼ਹਿਰ ਦੀ ਪ੍ਰਸਿੱਧੀ ਸਰਵ ਵਿਆਪਕ ਅਤੇ ਸਰਵ ਪਰਿਪੂਰਨ ਹੋਵੇਗੀ। ਅਜਿਹੀ ਸਮਾਜਕ ਸਥਾਪਤੀ ਵਿਚ ਵਿਅਕਤੀਗਤ ਪ੍ਰਸਿੱਧੀਆਂ ਲਈ ਜਦੋ-ਜਹਿਦ ਅਤੇ ਇਕ ਦੂਸਰੇ ਦੇ ਹੱਕਾਂ ਉਤੇ ਡਾਕਿਆਂ ਦਾ ਪੂਰਨ ਅਭਾਵ ਹੋਣ ਕਰਕੇ ਸਰਵ ਵਿਆਪਕ ਮਨੁੱਖਤਾ

ਦੀ ਮਹਿਮਾ ਦੇ ਅਤਿ ਸੁਖਦਾਈ ਵਾਤਾਵਰਨ ਦਾ ਆਨੰਤ ਪ੍ਰਸਾਰ ਦ੍ਰਿਸ਼ਟੀ ਆਵੇਗਾ। ਇਸ ਤਰ੍ਹਾਂ ਅਜਿਹੇ ਸਮਤਾ ਭਾਵ ਕਿ ਬਰਾਬਰੀ ਵਾਲੇ ਮਾਨਵੀ ਸਮਾਜ ਵਿਚ ਦੁੱਖਾਂ ਅੰਦੇਸ਼ਿਆਂ ਅਤੇ ਕਲਾ ਕਲੇਸ਼ਾਂ ਦਾ ਪੂਰਨ ਤੌਰ ਤੇ ਅਭਾਵ ਅਤੇ ਅਣਹੋਂਦ ਹੋਵੇਗੀ। ਇਥੇ ਨਿਰਧਨ ਅਤੇ ਧਨਵਾਨ ਦੇ ਵਿਤਕਰਿਆਂ ਦੀ ਪੂਰਨ ਅਣਹੋਂਦ ਹੋਵੇਗੀ ਅਤੇ ਇਸ ਤਰ੍ਹਾਂ ਸਮੱਸਤ ਮਨੁੱਖੀ ਬਰਾਬਰੀ ਦੀ ਹਮੇਸ਼ਾਂ ਲਈ ਸਥਾਪਤੀ ਹੋ ਸਕੇਗੀ। ਗੁਰਬਾਣੀ ਵਿਚ ਅਜਿਹੇ ਉਤਕ੍ਰਿਸ਼ਟ ਮਾਨਵਵਾਦੀ ਵਿਚਾਰਾਂ ਨੂੰ ਇਸ ਤਰ੍ਹਾਂ ਪ੍ਰਗਟ ਕੀਤਾ ਗਿਆ ਹੈ।

*ਬੇਗਮ ਪੁਰਾ ਸਹਰ ਕੋ ਨਾਉ ॥*
*ਦੂਖੁ ਅੰਦੋਹੁ ਨਹੀ ਤਿਹਿ ਠਾਉ ॥*
*ਨਾਂ ਤਸਵੀਸ ਖਿਰਾਜੁ ਨ ਮਾਲੁ ॥*
*ਖਉਫੁ ਨ ਖਤਾ ਨ ਤਰਸੁ ਜਵਾਲੁ ॥ ੧ ॥*
*ਅਬ ਮੋਹਿ ਖੂਬ ਵਤਨ ਗਹ ਪਾਈ ॥*
*ਊਹਾਂ ਖੈਰਿ ਸਦਾ ਮੇਰੇ ਭਾਈ ॥ ੧ ॥ ਰਹਾਉ ॥*
*ਕਾਇਮੁ ਦਾਇਮੁ ਸਦਾ ਪਾਤਿਸਾਹੀ ॥*
*ਦੋਮ ਨ ਸੇਮ ਏਕ ਸੋ ਆਹੀ ॥*
*ਆਬਾਦਾਨੁ ਸਦਾ ਮਸਹੂਰ ॥*
*ਊਹਾਂ ਗਨੀ ਬਸਹਿ ਮਾਮੂਰ ॥ ੨ ॥*
*ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥*
*ਮਹਰਮ ਮਹਲ ਨ ਕੋ ਅਟਕਾਵੈ ॥*
*ਕਹਿ ਰਵਿਦਾਸ ਖਲਾਸ ਚਮਾਰਾ ॥*
*ਜੋ ਹਮ ਸਹਰੀ ਸੁ ਮੀਤੁ ਹਮਾਰਾ ॥ ੩ ॥ ੨ ॥*

*ਅੰਗ- ੩੪੫*

ਇਸ ਤਰ੍ਹਾਂ ਵਿਚਾਰਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਹ ਸੰਦੇਸ਼ ਤੇ ਉਪਦੇਸ਼ ਸਰਵਵਿਆਪੀ, ਸਰਬਕਾਲੀ, ਸਰਬਦੇਸੀ, ਸਰਬਸਾਂਝਾ, ਸਰਬਹਿਤਕਾਰੀ ਅਤੇ ਕਲਿਆਨਕਾਰੀ ਹੈ। ਇਸ ਤੱਥ ਦੀ ਪੁਸ਼ਟੀ ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਤੋਂ ਭਲੀ ਭਾਂਤ ਹੁੰਦੀ ਹੈ -

*ਪਰਥਾਇ ਸਾਖੀ ਮਹਾ ਪੁਰਖ ਬੋਲਦੇ*
*ਸਾਝੀ ਸਗਲ ਜਹਾਨੈ ॥* *ਅੰਗ- ੬੪੭*

ਜਿਸ ਤਰ੍ਹਾਂ ਉਪਰੋਕਤ ਵਿਚਾਰਿਆ ਗਿਆ ਹੈ ਕਿ ਅਜੋਕੇ ਸਮੇਂ ਵਿਚ ਉਦਭਵ (Global village) ਦੀ ਧਾਰਨਾ ਨੇ ਸੰਸਾਰ ਵਿਸਤ੍ਰਿਤ ਪਰਵਿਰਿਤਿਤ ਦੂਰੀਆਂ ਅਤੇ ਹਰ ਕਿਸਮ ਦੇ ਸਮਾਜਿਕ ਵਿਭਾਜਨ ਨੂੰ ਖਤਮ ਕਰਕੇ ਸਮੁੱਚੀ ਲੋਕਾਈ ਨੂੰ ਇਕ ਕੇਂਦਰੀ ਬਿੰਦੂ ਤੇ ਇਕੱਤਰ ਕਰ ਦਿਤਾ ਹੈ। ਜਿਸ ਵਿਚ ਸਮੇਂ ਤੇ ਸਥਾਨ ਦੀ ਦੂਰੀ ਦਾ ਲੱਗਭੱਗ ਅਭਾਵ ਹੋ ਗਿਆ ਹੈ। ਇਸ ਸੰਦਰਭ ਵਿਚ ਗੁਰਬਾਣੀ ਉਪਦੇਸ਼ ਦੀ ਪਰਸੰਗਕਤਾ ਅਤੇ ਸਾਰਥਿਕਤਾ ਅੱਜ ਵੀ ਉਤਨੀ ਹੀ ਅਨਿਵਾਰਯ ਹੈ ਜਿਤਨੀ ਇਸਦੇ ਹੋਂਦ ਵਿਚ ਆਉਣ ਸਮੇਂ ਸੀ। ਸਮੇਂ ਦੇ ਬੀਤਣ ਨਾਲ ਇਸ ਦੀ ਉਪਯੋਗਤਾ ਵਿਚ ਕੋਈ ਅੰਤਰ ਨਹੀਂ ਆਇਆ। ਇਸ ਲਈ ਇਹ ਜਿਥੇ ਪੂਰਵੀ ਦੁਨੀਆਂ ਲਈ ਅਤਿ ਲਾਹੇਵੰਦ ਹੈ ਉਥੇ ਇਹ ਅਜੋਕੇ ਪੱਛਮੀ ਵਿਗਿਆਨਕ ਦੁਨੀਆਂ ਲਈ ਵੀ ਉਤਨੀ ਹੀ ਸਾਰਥਕ, ਲਾਭਦਾਇਕ ਅਤੇ ਫਲਦਾਇਕ ਹੈ। ਇਸ ਦੀ ਇਕ ਸਪੱਸ਼ਟ ਉਦਾਹਰਣ ਯੂ.ਐਸ.ਏ. ਵਿਚ ਦੇਖੀ ਜ ਸਕਦੀ ਹੈ। ਜਿਥੇ ਉਨੀਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਅਨੇਕਾਂ ਅਮਰੀਕਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰਬਗਤਾ ਪਰਿਪੂਰਨ ਸੰਦੇਸ਼ ਅਤੇ ਉਪਦੇਸ਼ ਨੂੰ ਧਾਰਨ ਕਰਕੇ ਸਿੱਖੀ ਜੀਵਨ ਜਿਊਣ ਵਿਚ ਆਪਣੀ ਰੁਚੀ ਦਿਖਾਈ ਹੈ ਅਤੇ ਸਿੱਖੀ ਧਾਰਨ ਕਰਕੇ ਮਾਣ ਮਹਿਸੂਸ ਕਰ ਰਹੇ ਹਨ। ਇਸ ਲਈ ਇਹ ਸੰਦੇਸ਼ ਸਾਰੇ ਸੰਸਾਰ ਲਈ, ਸਭ ਲੋਕਾਂ ਅਤੇ ਸਮਿਆਂ ਲਈ ਸਾਂਝਾ, ਸਮਾਨ ਤੇ ਕਲਿਆਣਕਾਰੀ ਹੈ। ਇਸ ਸੰਬੰਧ ਵਿਚ ਜਦੋਂ ਪੰਜਵੇਂ ਗੁਰੂ ਅਰਜਨ ਦੇਵ ਜੀ ਨਿਮਨ ਲਿਖਤ ਫੁਰਮਾਉਂਦੇ ਹਨ ਤਾਂ ਇਹ ਉਪਰੋਕਤ ਤੱਥ ਸਪੱਸ਼ਟ ਹੋ ਜਾਂਦਾ ਹੈ -

*ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥*
*ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ*
*ਘਟਿ ਘਟਿ ਨਾਨਕ ਮਾਝਾ ॥ ੪ ॥ ੩ ॥ ੫੦ ॥*

*ਅੰਗ- ੭੪੮*

ਇਸ ਤਰ੍ਹਾਂ ਵਰਤਮਾਨ ਯੁੱਗ ਦੇ ਮਨੁੱਖਾਂ ਦੇ ਸਾਰੇ ਜਾਤੀ ਤੇ ਨਸਲੀ ਮੱਤ ਮਤਾਂਤਰੀ ਦੇ ਦੇਸ਼ ਦੇਸ਼ਾਂਤਰੀ ਭਿੰਨ-ਭੇਦਾਂ ਨੂੰ ਗੁਰੂ ਜੀ ਮੂਲੋਂ ਹੀ ਨਕਾਰ ਕੇ ਜਾਤੀ-ਵਿਭਾਜਨ ਦਾ ਖੰਡਨ ਕਰਕੇ ਸਮੁੱਚੀ ਲੋਕਾਈ ਦੇ ਸਾਂਝੇ ਉਪਦੇਸ਼ ਹੋਣ ਦੀ ਪੁਸ਼ਟੀ ਕਰ ਦਿੰਦੇ ਹਨ। ਇਸੇ ਵਿਚਾਰ ਨੂੰ ਹੋਰ ਸਪੱਸ਼ਟ ਕਰਦੇ ਹੋਏ ਫੁਰਮਾਉਂਦੇ ਹਨ -

*ਗੁਰੁ ਨਾਨਕੁ ਉਪਦੇਸੁ ਕਹਤੁ ਹੈ*
*ਜੋ ਸੁਨੈ ਸੋ ਪਾਰਿ ਪਰਾਨਥ ॥ ੪ ॥ ੧ ॥ ੧੦ ॥*

*ਅੰਗ- ੧੦੦੧*

ਅਜੋਕੇ ਸਮੇਂ ਵਿਚ ਪ੍ਰਸਿੱਧ ਭਾਰਤੀ ਰਿਸ਼ੀ ਪ੍ਰੋਫ਼ੈਸਰ ਸਾਧੂ ਟੀ.ਐਲ.ਵਾਸਵਾਨੀ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ (World Scripture) ਅਰਥਾਤ 'ਜਗਤ ਦਾ ਧਰਮ ਗ੍ਰੰਥ' ਆਖਿਆ ਹੈ। ਉਹ ਕਹਿੰਦੇ ਹਨ ਕਿ ਇਹ ਸ਼ਬਦ ਜਗਤ ਆਤਮਾ ਵਿਚੋਂ ਫੁੱਟ ਨਿਕਲੇ ਹਨ। (Out of the world soul it rolled) ਇਸੇ ਲਈ ਇਕ ਮਹਾਨ ਜਗਤ ਪ੍ਰਸਿੱਧ ਇਤਿਹਾਸਕਾਰ ਸਰ ਅਰਨਲਡ ਟਾਇਨਬੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਇਕ ਸਰਬਸਵੀ ਸਬਦ ਸੰਗ੍ਰਹਿ (Catholic anthology) ਬਿਆਨਿਆ ਅਤੇ ਮਨੁੱਖ ਜਾਤੀ ਦਾ ਸਾਂਝਾ ਰੂਹਾਨੀ ਖਜ਼ਾਨਾ (mankinds common spiritual treasure) ਸਵੀਕਾਰ ਕਰਦਿਆਂ ਗੁਰੂ ਗ੍ਰੰਥ ਨੂੰ ਨਮੋਮਸਤਕ ਹੁੰਦਿਆਂ ਹੋਇਆਂ ਲਿਖਿਆ ਹੈ : It is important that it Should be brought within the direct reach of as

many people as posssible. ਇਸ ਤਰ੍ਹਾਂ ਟਾਇਨਬੀ ਨੇ ਇਸ ਅਨਮੋਲ ਖਜ਼ਾਨੇ ਨੂੰ ਵੱਧ ਤੋਂ ਵੱਧ ਲੋਕਾਂ ਦੇ ਨੇੜੇ ਪਹੁੰਚਾਉਣ ਅਤੇ ਵਰਸਾਉਣ ਉਤੇ ਜ਼ੋਰ ਦਿਤਾ ਹੈ।

ਉਪਰੋਕਤ ਵਿਚਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਦਿਤ ਹੈ ਕਿਉਂਕਿ ਇਸ ਪਾਵਨ ਗ੍ਰੰਥ ਦੇ ਅਖੀਰ ਤੇ ਮੁੰਦਾਵਣੀ ਨਾਮੀ ਸ਼ਬਦ ਵਿਚ ਇਸ ਦੇ ਸਰਵਵਿਆਪੀ ਸਮੁੱਚੀ ਲੋਕਾਈ ਲਈ ਸੰਦੇਸ਼ ਅਤੇ ਉਪਦੇਸ਼ ਦੀ ਝਲਕ ਸਾਫ ਦਿਖਾਈ ਦਿੰਦੀ ਹੈ। ਗੁਰੂ ਜੀ ਸਮੁੱਚੀ ਮਾਨਵਜਾਤੀ ਨੂੰ ਸੰਬੋਧਿਤ ਹੁੰਦੇ ਹੋਏ ਫੁਰਮਾਉਂਦੇ ਹਨ -

*ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥*
*ਅੰਮ੍ਰਿਤ ਨਾਮੁ ਠਾਕੁਰ ਕਾ ਪਇਓ*
*ਜਿਸ ਕਾ ਸਭਸੁ ਅਧਾਰੋ॥*
*ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥*
*ਏਹ ਵਸਤੁ ਤਜੀ ਨਹ ਜਾਈ*
*ਨਿਤ ਨਿਤ ਰਖੁ ਉਰਿ ਧਾਰੋ ॥*
*ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥*

*ਅੰਗ - ੧੪੨੯*

ਇਸ ਸ਼ਬਦ ਰਾਹੀਂ ਗੁਰੂ ਜੀ ਨੇ ਸਮੁੱਚੀ ਲੋਕਾਈ ਦੇ ਵਰਤਨ ਲਈ ਤਿੰਨ ਅਨਮੋਲ ਪਦਾਰਥਾਂ ਦਾ ਜ਼ਿਕਰ ਕੀਤਾ ਹੈ। 1. ਸਤਿ 2. ਸੰਤੋਖ 3. ਵੀਚਾਰ। ਇਨ੍ਹਾਂ ਦੇ ਨਾਲ ਪ੍ਰਭੂ ਅੰਮ੍ਰਿਤ ਰੂਪੀ ਨਾਮ ਨੂੰ ਸਾਰੀ ਮਨੁੱਖਤਾ ਦੇ ਅਧਾਰ ਤੇ ਆਸਰੇ ਲਈ ਸਥਾਪਤ ਕਰ ਦਿਤਾ ਹੈ। ਇਹ ਇਕ ਅਜਿਹੀ ਖੁਰਾਕ ਹੈ ਜਿਸ ਦੇ ਆਸਰੇ ਮਨੁੱਖੀ ਆਤਮਾ ਬਲਵਾਨ ਹੁੰਦੀ ਹੈ। ਇਸ ਲਈ ਅਜਿਹੀ ਖੁਰਾਕ ਦਾ ਸੇਵਨ ਕਰਨ ਨਾਲ ਮਨੁੱਖ ਮੁਕਤੀ ਪ੍ਰਾਪਤ ਕਰੇਗਾ। ਇਹ ਭਿੰਨ ਅਦੁੱਤੀ ਅਨਮੋਲ ਪਦਾਰਥ ਗੁਰੂ ਜੀ ਨੇ ਸਮੁੱਚੀ ਮਨੁੱਖਤਾ ਲਈ ਰੱਖੇ ਹਨ ਜਿਨ੍ਹਾਂ ਦਾ ਸ਼ਾਇਦ ਇਸ ਰੂਪ ਵਿਚ ਸੰਸਾਰ ਦੇ ਕਿਸੇ ਵੀ ਕਿਸਮ ਦੇ ਧਾਰਮਕ ਜਾਂ ਲੌਕਿਕ ਸਾਹਿਤ ਵਿਚ ਅਭਾਵ ਮਿਲਦਾ ਹੈ, ਕਿਉਂਕਿ ਸਮੁੱਚੀ ਮਨੁੱਖੀ ਵਿਅਕਤੀਤਵ ਦੀ ਘਾੜਤ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਨਾਮ ਦੀ ਬਹੁਤ ਮਹਿਮਾ ਗਾਇਣ ਕੀਤੀ ਗਈ ਹੈ ਅਤੇ ਇਸ ਉਤੇ ਥਾਂ ਪਰ ਥਾਂ ਜ਼ੋਰ ਦਿਤਾ ਗਿਆ ਹੈ।

ਸੋ ਉਪਰੋਕਤ ਵਿਚਾਰ ਤੋਂ ਕੁਝ ਤੱਥ ਉਘੜ ਕੇ ਸਾਹਮਣੇ ਆਉਂਦੇ ਹਨ 1. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਸਰਵ ਵਿਆਪੀ ਅਤੇ ਸਰਬਕਾਲੀ ਹੈ। 2. ਸਮੁੱਚੀ ਮਨੁੱਖਤਾ ਇਕ ਹੈ। ਕਿਸੇ ਵੀ ਕਿਸਮ ਦਾ ਵਿਭਾਜਨ ਜਾਂ ਵੰਡ ਜੋ ਕਿ ਰੰਗ, ਨਸਲ, ਜਾਤ, ਧਰਮ ਦੇ ਨਾਮ ਤੇ ਕੀਤਾ ਜਾਂਦਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਦੀ ਕੋਈ ਥਾਂ ਨਹੀਂ ਹੈ, ਇਸ ਨੂੰ ਪੂਰਨ ਤੌਰ ਤੇ ਨਕਾਰਿਆ ਗਿਆ ਹੈ। 3. ਕਿਸੇ ਇਕ ਫਿਰਕੇ, ਜਾਤੀ ਜਾਂ ਮਨੁੱਖ ਲਈ ਨਹੀਂ ਸਗੋਂ ਸਰਵ ਮਨੁੱਖਤਾ ਦੇ ਵਿਕਾਸ ਉਤੇ ਬਲ ਦਿਤਾ ਗਿਆ ਹੈ 4. ਇਹ ਵਿਕਾਸ ਪਹਿਲ ਦੇ ਅਧਾਰ ਤੇ ਆਤਮਿਕ ਹੈ ਅਤੇ ਦੂਸਰੇ ਦਰਜੇ ਤੇ ਸਮਾਜਿਕ ਅਤੇ ਆਰਥਿਕ ਹੈ। ਕਿਉਂਕਿ ਆਤਮਿਕ ਵਿਕਾਸ ਸਾਰੀਆਂ ਤਰੱਕੀਆਂ, ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਦਾ ਮੂਲ ਹੈ। ਇਸ ਲਈ ਇਹ ਸਮੁੱਚੀ ਸਮਾਜਿਕ ਬਣਤਰ ਅਤੇ ਮਨੁੱਖ ਦਾ ਆਧਾਰ ਹੈ।

ਸਮੁੱਚੀ ਮਾਨਵਤਾ ਨੂੰ ਇਕ ਮੰਨਣ ਕਰਕੇ ਹੀ ਇਹ ਵੀ ਲਾਸਾਨੀ ਤੱਥ ਹੈ ਜੋ ਕੇਵਲ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ। ਉਹ ਹੈ ਸਰਬੱਤ ਮਨੁੱਖ ਦੇ ਭਲੇ ਤੇ ਚੜ੍ਹਦੀ ਕਲਾ ਲਈ ਅਰਦਾਸ ਜਿਵੇਂ -

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥*

*ਅੰਗ- ੮੫੩*

*ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ ॥*
*ਅੰਨੁ ਪਾਣੀ ਮੁਚੁ ਉਪਾਇ ਦੁਖ ਦਾਲਦੁ ਭੰਨਿ ਤਰੁ ॥*

*ਅੰਗ- ੧੨੫੧*

ਇਸ ਤਰ੍ਹਾਂ ਅਰਜੋਈ ਕੀਤੀ ਗਈ ਹੈ ਕਿ ਸਭ ਥਾਂ ਇਕੋ ਜਿਹਾ ਮੀਂਹ ਵਸੇ, ਸੁੱਖ ਅਤੇ ਖੁਸ਼ਹਾਲੀ ਸਥਾਪਿਤ ਹੋਵੇ, ਇਹ ਅਰਦਾਸ ਸਾਰੇ ਜਗਤ ਲਈ ਹੈ, ਸਾਰੇ ਜ਼ਮਾਨੇ ਲਈ ਹੈ। ਮਨੁੱਖੀ ਜੀਵਨ ਦੀਆਂ ਦੋ ਬੁਨਿਆਦੀ ਲੋੜਾਂ ਹਨ ਅੰਨ ਅਤੇ ਪਾਣੀ। ਇਨ੍ਹਾਂ ਦੀ ਭਰਪੂਰਤਾ ਅਤੇ ਪੂਰਤੀ ਲਈ ਅਰਜ਼ ਹੈ ਤਾਂ ਕਿ ਦੋ ਮੁੱਖ ਕਲੇਸ਼ਾਂ, ਦੁੱਖ ਅਤੇ ਗਰੀਬੀ ਤੋਂ ਛੁਟਕਾਰਾ ਪਾਇਆ ਜਾ ਸਕੇ। ਇਹ ਭਾਵਨਾ ਕਿਸੇ ਨਿੰਜੀ ਜਾਂ ਜਾਤੀ, ਕੇਵਲ ਆਪਣੇ ਦੇਸ਼, ਧਰਮ ਜਾਂ ਕਬੀਲੇ ਜਾਂ ਕਿਸੇ ਖਾਸ ਸਦੀ ਤੇ ਸਮੇਂ ਦੇ ਹਿਤਾਂ ਦੀ ਪਾਲਣਾ ਦੀ ਥਾਂ, ਸਮੂੰਹ ਮਨੁੱਖਤਾ ਦੇ ਸਾਂਝੇ ਹਿਤਾਂ ਤੇ ਲਾਭਾਂ ਦੀ ਪੂਰਤੀ ਲਈ ਅਭਿਵਿਅਕਤ ਕੀਤੀ ਗਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਮੁੱਖ ਵਿਚਾਰਧਾਰਾ ਨਾਮ ਤੇ ਅਧਾਰਿਤ ਹੈ ਜਿਹੜਾ ਮਨੁੱਖੀ ਆਤਮਾ ਦਾ ਘਾੜਾ ਹੈ ਅਤੇ ਜਿਸ ਉਤੇ ਆਤਮਕ ਉਨਤੀ ਆਸ਼ਰਿਤ ਹੈ। ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਧੁਰਾ ਨਾਮ ਦਰਸਾਉਂਦੇ ਹੋਏ ਫੁਰਮਾਇਆ ਹੈ -

*ਨਾਨਕ ਕੈ ਘਰਿ ਕੇਵਲ ਨਾਮੁ ॥ ੪ ॥ ੪ ॥*

*ਅੰਗ- ੧੧੩੬*

ਆਤਮਕ ਸ਼ਕਤੀ ਦਾ ਬਲ ਸਮੁੱਚੇ ਮਨੁੱਖਾਂ ਲਈ ਸਾਂਝਾ ਤੱਤ ਹੈ। ਜਿਹੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਗੁਰੂਆਂ ਦੇ ਆਗਮਨ ਵੇਲੇ ਮਨੁੱਖੀ ਭਾਈਚਾਰਾ ਜਾਤਾਂ ਵਿਚ ਵਿਭਾਜਤ ਹੋ ਚੁੱਕਾ ਸੀ ਅਤੇ ਉਸ ਵੰਡ ਕਾਰਣ ਹਿੰਦੁਸਤਾਨੀ ਸਮਾਜ ਬਲਹੀਨ, ਨਿਤਾਣਾ ਅਤੇ ਬੇਵਸ ਹੋ ਗਿਆ ਸੀ। ਜਿਸ ਦੇ

ਫਲਸਰੂਪ ਧਾੜਵੀ ਬੇਰੋਕ ਟੋਕ ਹਿੰਦੁਸਤਾਨ ਵਰਗੇ ਮਹਾਨ ਦੇਸ਼ ਨੂੰ ਬਿਨਾਂ ਕਿਸੇ ਮੁਕਾਬਲੇ ਦੇ ਸੌਖੀ ਤਰ੍ਹਾਂ ਹੀ ਲੁੱਟ ਪੁੱਟ ਕੇ ਜਾਂਦੇ ਰਹੇ ਅਤੇ ਇਸ ਤਰ੍ਹਾਂ ਆਰਥਿਕ ਪੱਖ ਤੋਂ ਹਿੰਦੁਸਤਾਨ ਕਮਜ਼ੋਰ ਹੋ ਗਿਆ। ਸ੍ਰੀ ਗੁਰੂ ਨਾਨਕ ਦੇਵ ਤੇ ਬਾਕੀ ਗੁਰੂ ਸਾਹਿਬਾਨ ਨੇ ਇਸ ਗੱਲ ਨੂੰ ਭਲੀਭਾਂਤ ਭਾਂਪ ਲਿਆ ਸੀ। ਇਸ ਲਈ ਇਸ ਨਿਰਬਲਤਾ ਅਤੇ ਸਾਹਸਹੀਨਤਾ ਤੋਂ ਚੁੱਕ ਕੇ ਭਾਰਤੀ ਜਨਤਾ ਨੂੰ ਬਲਵਾਨ, ਸ਼ਕਤੀਸ਼ਾਲੀ ਅਤੇ ਸਵੈ ਨਿਰਭਰ ਹੋਣ ਲਈ ਗੁਰੂਆਂ ਨੇ ਇਥੋਂ ਦੀ ਜਨਤਾ ਨੂੰ ਆਤਮਕ ਤੌਰ ਤੇ ਬਲਵਾਨ ਬਣਾਉਣ ਵਲ ਬੜੀ ਗੰਭੀਰਤਾ ਨਾਲ ਧਿਆਨ ਦਿਤਾ। ਨਤੀਜਾ ਇਹ ਹੋਇਆ ਕਿ ਜਿਹੜੇ ਧਾੜਵੀ ਪੱਛਮ ਵਲੋਂ ਆ ਕੇ ਬੇਰੋਕ ਟੋਕ ਹਿੰਦੁਸਤਾਨ ਨੂੰ ਲੁੱਟ ਪੁੱਟ ਕੇ ਲੈ ਜਾਂਦੇ ਸਨ ਇਥੋਂ ਦੀਆਂ ਬਹੁ ਬੇਟੀਆਂ ਨੂੰ ਗਲੀਆਂ ਬਜ਼ਾਰਾਂ ਵਿਚ ਰੋਲਦੇ ਸਨ ਅਤੇ ਟਕੇ-ਟਕੇ ਪਿਛੇ ਇਨ੍ਹਾਂ ਨੂੰ ਪਸ਼ੂਆਂ ਦੀ ਤਰ੍ਹਾਂ ਵੇਚਦੇ ਸਨ। ਹਿੰਦੁਸਤਾਨ ਵਲ ਮੂੰਹ ਕਰਨ ਤੋਂ ਕੰਨੀ ਕਤਰਾਉਣ ਲੱਗੇ। ਇਸ ਤਰ੍ਹਾਂ ਵਿਚਾਰਿਆਂ ਗੁਰੂ ਗ੍ਰੰਥ ਸਾਹਿਬ ਦੀ ਪ੍ਰੇਰਨਾ ਤੋਂ ਪੈਦਾ ਹੋਏ ਲੋਕ ਜੋ ਸਿੱਖ ਅਖਵਾਏ ਇਸ ਸੋਨਚਿੜੀ ਭਾਰਤ ਦੇਸ਼ ਦੇ ਰਾਖੇ ਸਾਬਤ ਹੋਏ ਅਤੇ ਇਨ੍ਹਾਂ ਨੇ ਜਾਨਾਂ ਤਲੀ ਉਤੇ ਰੱਖ ਕੇ ਇਥੋਂ ਦੀਆਂ ਸਰਹੱਦਾਂ ਦੀ ਰਾਖੀ ਕੀਤੀ ਅਤੇ ਗਜਨੀ ਦੀਆਂ ਗਲੀਆਂ ਵਿਚ ਰੁਲਦੀ ਭਾਰਤ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਆਬਰੂ ਨੂੰ ਬਚਾਇਆ ਅਤੇ ਇਹ ਇਸ ਮਹਾਨ ਦੇਸ਼ ਦੇ ਰਾਖੇ ਸਾਬਤ ਹੋਏ ਜੋ ਅੱਜ ਤੱਕ ਇਸ ਦੀ ਰਾਖੀ ਲਈ ਆਪਣੀਆਂ ਕੁਰਬਾਨੀਆਂ ਦੇਣ ਤੋਂ ਕਦੇ ਵੀ ਪਿੱਛੇ ਨਹੀਂ ਹਟੇ ਅਤੇ ਇਹ ਸਿਲਸਿਲਾ ਨਿਰੰਤਰ ਜਾਰੀ ਹੈ। ਇਹ ਗੁਰਬਾਣੀ ਅਤੇ ਨਾਮ ਦੀ ਬਰਕਤ ਹੀ ਸੀ ਕਿ ਅਜਿਹੇ ਲੋਕ ਹੋਂਦ ਵਿਚ ਆਏ। ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਨਾਮ ਇਕ ਅਜਿਹੀ ਸ਼ਕਤੀ ਹੈ ਜੋ ਸਰਬ ਸਾਂਝੀ ਹੈ ਅਤੇ ਜਿਹੜੀ ਸਮੁੱਚੀ ਲੋਕਾਈ ਲਈ ਹੈ। ਸਮੁੱਚੀ ਲੋਕਾਈ ਜਾਂ ਸਾਰਾ ਜਗਤ ਇਸ ਅਨਮੋਲ ਵਸਤੂ ਦਾ ਲਾਭ ਪ੍ਰਾਪਤ ਕਰਕੇ ਮਨੁੱਖਤਾ ਦੀ ਸੇਵਾ ਵਿਚ ਜੁਟ ਸਕੇ। ਇਸ ਵੱਲ ਇਸ਼ਾਰਾ ਕਰਦੇ ਹੋਏ ਗੁਰੂ ਜੀ ਫੁਰਮਾਉਂਦੇ ਹਨ -

*ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ ॥*
*ਜਿਸੁ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ ॥*
*ਅੰਗ- ੩੧੮*

ਇਸ ਅਮੋਲਕ ਰਤਨ ਨੂੰ ਗੁਰੂ ਜੀ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ ਅਤੇ ਇਹ ਸਾਰੇ ਦੁੱਖ ਕਲੇਸ਼ਾਂ ਨੂੰ ਦੂਰ ਕਰਕੇ ਆਤਮਕ ਵਿਗਾਸ, ਖੇੜੇ ਅਤੇ ਉਮਾਹ ਪ੍ਰਦਾਨ ਕਰਨ ਵਾਲਾ ਸਦੀਵੀ ਸੁੱਖ ਪ੍ਰਦਾਨ ਕਰਦਾ ਹੈ। ਗੁਰੂ ਜੀ ਫੁਰਮਾਉਂਦੇ ਹਨ -

*ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ ॥*
*ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥*
*ਅੰਗ- ੪੦*

ਗੁਰਬਾਣੀ ਨੇ ਨਾਮ ਨੂੰ ਹੀ ਅਸਲ ਧਰਮ ਕੇਂਦਰ ਮੰਨਿਆ ਹੈ ਅਤੇ ਇਸੇ ਲਈ ਮਨੁੱਖ ਨੂੰ ਇਸ ਨਾਲ ਜੁੜਨ ਦੀ ਤਾਕੀਦ ਕੀਤੀ ਹੈ। ਕਿਉਂਕਿ ਨਾਮ ਉਹ ਦੈਵੀ ਗਿਆਨ ਦਾ ਸੋਮਾ ਹੈ ਜਿਹੜਾ ਸਾਰੀ ਮਨੁੱਖਤਾ ਨੂੰ ਬਲ ਦੇਣ ਦੇ ਸਮਰੱਥ ਹੈ। ਗੁਰਬਾਣੀ ਕਥਨ ਹੈ -

*ਸਰਬ ਧਰਮ ਮਹਿ ਸ੍ਰੇਸਟ ਧਰਮੁ ॥*
*ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ ਅੰਗ- ੨੬੬*

ਇਹ ਨਾਮ ਹੀ ਸਰਬ ਮਨੁੱਖਾਂ ਲਈ ਕਲਿਆਣਕਾਰੀ ਅਤੇ ਮੁਕਤੀ ਦਾਤਾ ਹੈ ਜੋ ਮਨੁੱਖ ਦਾ ਅੰਤਿਮ ਲੱਕਸ਼ ਹੈ। ਗੁਰਬਾਣੀ ਕਥਨ ਹੈ -

*ਕਲ ਮੈ ਏਕੁ ਨਾਮੁ ਕਿਰਪਾ ਨਿਧਿ*
*ਜਾਹਿ ਜਪੈ ਗਤਿ ਪਾਵੈ ॥*
*ਅਉਰ ਧਰਮ ਤਾ ਕੈ ਸਮ ਨਾਹਨਿ*
*ਇਹ ਬਿਧਿ ਬੇਦੁ ਬਤਾਵੈ ॥ ੨ ॥ ਅੰਗ- ੬੩੨*

ਕਿਉਂਕਿ ਨਾਮ ਗਿਆਨ ਦਾ ਸੋਮਾ ਹੈ ਅਤੇ ਮੁਕਤੀ ਦਾਤਾ ਹੈ ਇਸ ਲਈ ਗੁਰਬਾਣੀ ਨੇ ਸਮੁੱਚੀ ਮਨੁੱਖਤਾ ਨੂੰ ਮਨੁੱਖ ਨਾਲੋਂ ਤੋੜ ਕੇ ਸ਼ਬਦ ਨਾਲ ਜੋੜਿਆ ਹੈ। ਮਨੁੱਖ ਨਾਲ ਜੁੜਿਆ ਮਨੁੱਖ ਰੰਗ, ਨਸਲ, ਜਾਤ, ਊਚ, ਨੀਚ, ਅਮੀਰ, ਅਗਿਆਨੀ, ਵਿਦਵਾਨ ਦੇ ਭੇਦ ਭਾਵ ਤੋਂ ਮੁਕਤ ਨਹੀਂ ਹੋ ਸਕਦਾ ਅਤੇ ਕੋਈ ਵੀ ਮਨੁੱਖ ਸਰੀਰ ਕਰਕੇ ਸਦੀਵੀ ਨਾ ਰਹਿਣ ਕਰਕੇ ਗਿਆਨ ਰੂਪ ਵਿਚ ਮਨੁੱਖਤਾ ਦੀ ਰਹਿਨੁਮਾਈ ਕਰਨ ਦੇ ਸਮਰਥ ਨਹੀਂ ਹੈ। ਇਸ ਤੋਂ ਇਲਾਵਾ ਇਸ ਤਰ੍ਹਾਂ ਮਨੁੱਖ ਦੇ ਮਨੁੱਖ ਨਾਲ ਜੁੜਨ ਕਰਕੇ ਮਨੁੱਖਤਾ ਦੀ ਰਹਿਨੁਮਾਈ ਕਰਨ ਦੇ ਸਮਰਥ ਨਹੀਂ ਹੈ। ਜੋ ਨਿਰਬਲਤਾ, ਬਲਹੀਣਤਾ ਅਤੇ ਬੇਵਸੀ ਦੀ ਨਿਸ਼ਾਨੀ ਹੈ ਅਤੇ ਇਸ ਦੀ ਪੁਸ਼ਟੀ ਲਈ ਇਤਿਹਾਸ ਗਵਾਹ ਹੈ। ਮਨੁੱਖ ਆਤਮਕ ਪ੍ਰਪੱਕਤਾ, ਉਚਾਈ, ਅਨੰਦ, ਖੁਸ਼ੀ, ਖੇੜਾ ਅਤੇ ਉਮਾਹ ਨਿਰੰਤਰ ਸ਼ਬਦ ਦੇ ਆਸਰੇ ਪ੍ਰਾਪਤ ਕਰਕੇ ਇਸ ਨੂੰ ਸਦੀਵੀ ਬਰਕਰਾਰ ਰੱਖ ਸਕਦਾ ਹੈ ਜਦੋਂ ਕਿ ਮਨੁੱਖ ਨਾਲ ਜੁੜਿਆ ਮਨੁੱਖ ਥੋੜ੍ਹੇ ਚਿਰ ਲਈ ਸੀਮਤ ਪਦਾਰਥ ਤਾਂ ਸ਼ਾਇਦ ਪ੍ਰਾਪਤ ਕਰ ਸਕੇ ਪਰ ਇਹ ਪ੍ਰਾਪਤੀ ਕਦੀ ਵੀ ਸੰਪੂਰਨ ਨਹੀਂ ਹੁੰਦੀ। ਕਿਉਂਕਿ ਮਨੁੱਖ ਸ਼ਕਤੀ ਅਤੇ ਸੋਚ ਕਿਸੇ ਅਗੰਮੀ ਸ਼ਕਤੀ ਦੀ ਮੁਥਾਜ ਹੈ। ਇਸ ਲਈ ਗੁਰਬਾਣੀ ਨੇ ਮਨੁੱਖ ਨੂੰ ਉਸ ਸਦੀਵੀ ਸੱਚ ਨਾਲ ਜੋੜਿਆ ਹੈ ਤਾਂ ਕਿ ਇਸ ਨੂੰ ਕਦੇ ਵੀ ਨਾਮੋਸ਼ੀ ਦਾ ਮੂੰਹ ਨਾ ਦੇਖਣਾ ਪਵੇ।

ਲਿੰਗ ਭੇਦ ਦੇ ਅਧਾਰ ਤੇ ਭਾਰਤੀ ਧਾਰਮਿਕ ਪਰੰਪਰਾ ਵਿਚ ਇਸਤਰੀ ਨੂੰ ਉਚਿਤ ਥਾਂ ਨਾ ਦੇ ਕੇ ਬਰਾਬਰੀ ਤੋਂ ਇਨਕਾਰ ਕੀਤਾ ਗਿਆ ਸੀ। ਇਥੋਂ ਤੱਕ ਕਿ ਸ਼ੂਦਰ ਅਤੇ ਇਸਤਰੀ ਨੂੰ ਵੈਦਿਕ ਮੰਤਰ ਸੁਣਨ ਦੀ ਮਨਾਹੀ ਸੀ ਅਤੇ ਜੇਕਰ ਸੁਣ ਲਵੇ ਤਾਂ ਕੰਨਾਂ ਵਿਚ ਸਿੱਕਾ ਢਾਲ ਕੇ ਪਾ ਦੇਣ ਦੀ ਹਦਾਇਤ ਸੀ। ਕਿਉਂਕਿ ਮੁੱਖ ਰੂਪ ਵਿਚ ਮਨੁੱਖ ਪ੍ਰਧਾਨ ਸਮਾਜ ਸੀ ਅਤੇ ਇਸਤਰੀ

ਦਾ ਕਈ ਤਰ੍ਹਾਂ ਨਾਲ ਨਿਰਾਦਰ ਕੀਤਾ ਜਾਂਦਾ ਸੀ। ਇਸਤਰੀ ਦਾ ਸਮਾਜਿਕ ਬਣਤਰ ਵਿਚ ਕੋਈ ਸਤਿਕਾਰਯੋਗ ਸਥਾਨ ਨਹੀਂ ਸੀ। ਗੁਰਬਾਣੀ ਨੇ ਇਸ ਦਾ ਖੰਡਨ ਕੀਤਾ ਅਤੇ ਇਸਤਰੀ ਨੂੰ ਇਸ ਦਾ ਬਣਦਾ ਯੋਗ ਥਾਂ ਦਿਵਾਇਆ ਅਤੇ ਆਖਿਆ ਕਿ ਜਿਹੜੀ ਇਸਤਰੀ ਪੀਰਾਂ, ਫਕੀਰਾਂ, ਗੁਰੂਆਂ, ਰਿਸ਼ੀਆਂ ਅਤੇ ਮੁਨੀਆਂ ਦੀ ਜਨਮਦਾਤੀ ਹੈ ਉਹ ਕਿਸ ਤਰ੍ਹਾਂ ਨਿੰਦਨਯੋਗ ਹੈ। ਯੋਗੀਆਂ ਨੇ ਤਾਂ ਇਸਤਰੀ ਨੂੰ ਨਾਗਨ ਦਾ ਨਾਮ ਦੇ ਕੇ ਭੰਡਿਆ ਸੀ। ਦੂਸਰੇ ਪਾਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਸ ਮਾਨਵੀ ਬਰਾਬਰੀ ਦੀ ਗੱਲ ਕੀਤੀ ਗਈ ਹੈ ਉਹ ਸੰਪੂਰਨ ਹੈ ਇਸ ਵਿਚ ਕਿਸੇ ਕਿਸਮ ਦਾ ਅਧੂਰਾਪਨ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਇਸਤਰੀ ਅਤੇ ਪੁਰਖ ਦੀ ਬਰਾਬਰੀ ਦੀ ਗੱਲ ਹੀ ਨਹੀਂ ਕੀਤੀ ਬਲਕਿ ਅਭੇਦਤਾ ਦਾ ਵਿਚਾਰ ਦਿਤਾ ਹੈ। ਇਸ ਸੰਬੰਧ ਵਿਚ ਗੁਰੂ ਜੀ ਕਹਿੰਦੇ ਹਨ ਕਿ ਇਸਤਰੀ ਪੁਰਖ ਨੂੰ ਵੱਖ ਨਹੀਂ ਕੀਤਾ ਜਾ ਸਕਦਾ ਕਿਉਂਕਿ ਬੀਜ ਰੂਪ ਵਿਚ ਇਸਤਰੀ ਮਨੁੱਖ ਦੇ ਅੰਦਰ ਬਿਰਾਜਮਾਨ ਹੈ ਅਤੇ ਇਸਤਰੀ ਸਰੀਰ ਵਿਚ ਵਿਕਸਤ ਰੂਪ ਵਿਚ ਮਨੁੱਖ ਬਿਰਾਜਮਾਨ ਹੈ। ਗੁਰਬਾਣੀ ਫੁਰਮਾਣ ਹੈ –

*ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ*
*ਬੂਝਹੁ ਬ੍ਰਹਮ ਗਿਆਨੀ ॥* *ਅੰਗ- ੮੭੯*

ਅੱਗੇ ਇਸਤਰੀ ਦੀ ਬਰਾਬਰੀ ਦੀ ਗੱਲ ਕਰਦੇ ਹੋਏ ਜ਼ੋਰਦਾਰ ਸ਼ਬਦਾਂ ਵਿਚ ਇਸਤਰੀ ਜਾਤੀ ਦੇ ਸਨਮਾਨ ਬਾਰੇ ਫੁਰਮਾਉਂਦੇ ਹਨ –

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*ਅੰਗ- ੪੭੩*

ਇਸੇ ਤਰ੍ਹਾਂ ਸੰਸਾਰ ਵਿਚ ਅਮੀਰ ਗਰੀਬ ਦਾ ਪਾੜਾ ਮੌਜੂਦ ਹੈ ਇਹ ਦਿਨੋਂ ਦਿਨ ਵਧਦਾ ਜਾ ਰਿਹਾ ਹੈ ਇਸ ਆਰਥਿਕ ਸ਼ੋਸ਼ਨ ਅਤੇ ਮਨੁੱਖਤਾ ਦੁਆਰਾ ਪੈਦਾ ਕੀਤੀ ਨਾ ਬਰਾਬਰੀ ਦੇ ਵਿਰੁੱਧ ਗੁਰੂ ਜੀ ਨੇ ਆਪਣੀ ਆਵਾਜ਼ ਬੁਲੰਦ ਕੀਤੀ ਅਤੇ ਇਹ ਸੰਦੇਸ਼ ਸਰਬ ਸੰਸਾਰ ਦੇ ਕੋਨੇ-ਕੋਨੇ ਤੱਕ ਪਹੁੰਚਾਇਆ ਕਿ ਮਨੁੱਖ ਆਪਸ ਵਿਚ ਭਰਾ-ਭਰਾ ਹਨ ਕਿਉਂਕਿ ਅਸੀਂ ਸਾਰੇ ਇਕੋ ਪ੍ਰਮਾਤਮਾ ਪਿਤਾ ਦੀ ਉਲਾਦ ਹਾਂ –

*ਏਕੁ ਪਿਤਾ ਏਕਸ ਕੇ ਹਮ ਬਾਰਿਕ....॥* *ਅੰਗ- ੬੧੧*

ਗੁਰਬਾਣੀ ਅੱਗੇ ਇਸ ਸੰਬੰਧ ਵਿਚ ਫੁਰਮਾਉਂਦੀ ਹੈ-

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥*
*ਅੰਗ- ੧੩੫੦*

ਇਸੇ ਤਰ੍ਹਾਂ ਇਸ ਸਮੁੱਚੀ ਲੋਕਾਈ ਨੂੰ ਇਕ ਸੂਤਰ ਵਿਚ ਬੰਨ੍ਹ ਕੇ ਇਕ ਪਰਮਾਤਮਾ ਦੇ ਲੜ ਲਗਾਇਆ ਜਿਸ ਨਾਲ ਆਪਸੀ ਪ੍ਰੇਮ ਪਿਆਰ, ਹਮਦਰਦੀ ਅਤੇ ਸੇਵਾ ਭਾਵ ਪੈਦਾ ਹੁੰਦੀ ਸੀ। ਜਿਸ ਨਾਲ ਸੰਸਾਰ ਵਿਚੋਂ ਨਾ-ਬਰਾਬਰੀ, ਲੁੱਟ ਖਸੁੱਟ, ਅਨਿਆਂ, ਜਬਰ ਅਤੇ ਧੱਕੇ ਦਾ ਖਾਤਮਾ ਹੋਣਾ ਹੈ।

ਗੁਰਬਾਣੀ ਨੇ ਅਜਿਹੀਆਂ ਕਦਰਾਂ ਕੀਮਤਾਂ ਪੈਦਾ ਕੀਤੀਆਂ ਜਿਹੜੀਆਂ ਮਨੁੱਖ ਬਣਨ ਵਿਚ ਸਹਾਈ ਹੋਣ ਅਤੇ ਸੰਸਾਰ ਸਮਾਜ ਦੀ ਸੇਵਾ ਕਰਨ ਲਈ ਪ੍ਰੇਰਿਤ ਰਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਵਿਚ ਅਸੀਂ ਦੇਖਦੇ ਹਾਂ ਕਿ ਸਿੱਖ ਗੁਰੂਆਂ ਤੋਂ ਇਲਾਵਾ ਪੰਦਰਾਂ ਭਗਤ, ਗਿਆਰ੍ਹਾਂ ਭੱਟ, ਸੱਤਾ ਅਤੇ ਬਲਵੰਡ, ਭਾਈ ਮਰਦਾਨਾ ਅਤੇ ਸੁੰਦਰ ਜੀ ਸ਼ਾਮਲ ਹਨ। ਦੁਨੀਆਂ ਦਾ ਕੋਈ ਅਜਿਹਾ ਧਰਮ ਗ੍ਰੰਥ ਮੌਜੂਦ ਨਹੀਂ ਹੈ ਜਿਸ ਵਿਚ ਉਸ ਦੇ ਰਚਨਹਾਰਿਆਂ ਤੋਂ ਇਲਾਵਾ ਦੂਸਰੇ ਧਰਮ ਦੇ ਬਿਨਾਂ ਕਿਸੇ ਜਾਤ ਪਾਤ ਦੇ ਭੇਦ, ਰੰਗ, ਨਸਲ ਜਾਂ ਧਰਮ ਭੇਦ ਦੇ ਬਾਣੀ ਸ਼ਾਮਲ ਕੀਤੀ ਗਈ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਅਜਿਹਾ ਗ੍ਰੰਥ ਹੈ ਜੋ ਸਮੁੱਚੇ ਸੰਸਾਰ ਨੂੰ ਇਸ ਪੱਖੋਂ ਅਗਵਾਈ ਦੇਣ ਦੇ ਸਮਰੱਥ ਹੈ। ਇਸ ਵਿਚ ਬ੍ਰਾਹਮਣ, ਚਮਾਰ, ਨਾਈ, ਛੀਂਬਾ, ਜੱਟ ਆਦਿ ਭਿੰਨ-ਭਿੰਨ ਰੱਬੀ ਲੋਕਾਂ ਦੀ ਬਾਣੀ ਸ਼ਾਮਲ ਹੈ ਜਿਹੜੀ ਇਸ ਗ੍ਰੰਥ ਨੂੰ ਸੰਸਾਰ ਵਿਚ ਲਾਸਾਨੀ ਬਣਾਉਂਦੀ ਹੈ। ਇਸ ਵਿਚ ਮੁਸਲਮਾਨ, ਹਿੰਦੂ ਦੋਵੇਂ ਸ਼ਾਮਲ ਹਨ। ਇਹ ਵਾਸਤਵ ਵਿਚ ਹਿੰਦੁਸਤਾਨ ਦੀ ਵਿਰਾਸਤ ਦਾ ਪਹਿਰੇਦਾਰ ਅਤੇ ਭਾਰਤ ਦੀ ਧਾਰਮਿਕ ਅਤੇ ਸਭਿਆਚਾਰਕ ਤਰੱਕੀ ਲਈ ਬਚਨਬੱਧ ਇਕੋ ਇਕ ਅਦੁੱਤੀ ਗ੍ਰੰਥ ਹੈ। ਇਸ ਲਈ ਹਿੰਦੂ ਅਤੇ ਮੁਸਲਮਾਨਾਂ ਨੂੰ ਇਕੋ ਲੜੀ ਵਿਚ ਪਰੋਣ ਵਾਲਾ ਇਹ ਗ੍ਰੰਥ ਆਪਣੀ ਕਿਸਮ ਦਾ ਆਪ ਹੈ। ਗੁਰੂ ਜੀ ਦੇ ਸਮੇਂ ਇਹ ਦੋਵੇਂ ਪ੍ਰਮੁੱਖ ਧਰਮ ਭਾਰਤ ਵਿਚ ਸਨ। ਇਨ੍ਹਾਂ ਦੋਵਾਂ ਵਿਚ ਆਪਸੀ ਵੈਰ ਵਿਰੋਧ ਅਤੇ ਖਿਚੋਤਾਣ ਬਣੀ ਹੋਈ ਸੀ। ਗੁਰੂ ਜੀ ਨੇ ਇਸ ਆਪਸੀ ਨਫ਼ਰਤ ਨੂੰ ਖਤਮ ਕਰਨ ਲਈ ਆਖਿਆ ਕਿ ਹਿੰਦੂ ਅਤੇ ਮੁਸਲਮਾਨ ਕਿਥੋਂ ਆਏ ਹਨ? ਕਿਸ ਨੇ ਇਹ ਵੱਖਰੇ-ਵੱਖਰੇ ਪੰਥ ਚਲਾਏ ਹਨ? ਇਸ ਤਰ੍ਹਾਂ ਝਗੜਾ ਕਰਨ ਵਾਲਿਉ, ਸੁਰਗ ਅਤੇ ਨਰਕ ਕੌਣ ਪ੍ਰਾਪਤ ਕਰਦਾ ਹੈ? ਗੁਰਬਾਣੀ ਦਾ ਇਸ ਸਬੰਧੀ ਫੁਰਮਾਣ ਹੈ –

*ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ ॥*
*ਦਿਲ ਮਹਿ ਸੋਚਿ ਬਿਚਾਰਿ ਕਵਾਦੇ*
*ਭਿਸਤ ਦੋਜਕ ਕਿਨਿ ਪਾਈ ॥* *ਅੰਗ-੪੭੭*

ਅੱਗੇ ਜਾ ਕੇ ਕਬੀਰ ਜੀ ਆਖਦੇ ਹਨ ਕਿ ਹਿੰਦੂ ਅਤੇ ਮੁਸਲਮਾਨ ਵਿਚ ਇਕੋ ਰੱਬ ਵਸਦਾ ਹੈ। ਜੋ ਚਿੰਤਨ ਕਰੋਗੇ ਤਾਂ ਇਹ ਗੱਲ ਭਲੀ ਭਾਂਤ ਸਪੱਸ਼ਟ ਨਜ਼ਰ ਆਵੇਗੀ ਕਿ ਉਹ ਪਰਮਾਤਮਾ ਜਿਸ ਨੂੰ ਗੁਰੂ ਜੀ ਨੇ ਅੱਲਾ ਰਾਮ ਕਿਹਾ ਹੈ, ਸਾਰਿਆਂ ਵਿਚ ਵਸਦਾ ਹੈ, ਫਿਰ ਝਗੜਾ ਕਿਸ ਗੱਲ ਦਾ –

*ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ ॥*
*ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ ॥*
*ਅੰਗ- ੪੮੩*

ਇਸ ਤਰ੍ਹਾਂ ਜੇਕਰ ਦੋਵਾਂ ਹੀ ਹਿੰਦੂ ਅਤੇ ਮੁਸਲਮਾਨ ਦਾ ਸਾਂਝਾ ਰੱਬ ਇਕੋ ਹੀ ਹੈ ਤਾਂ ਫਿਰ ਇਸ ਸਥਿਤੀ ਨੂੰ ਕੋਈ ਮੁੱਲਾਂ ਜਾਂ ਪੀਰ ਫ਼ਕੀਰ ਬਦਲ ਨਹੀਂ ਸਕਦਾ। ਗੁਰਬਾਣੀ ਦਾ ਫੁਰਮਾਣ ਹੈ –

*ਹਿੰਦੂ ਤੁਰਕ ਕਾ ਸਾਹਿਬੁ ਏਕ ॥*
*ਕਹ ਕਰੈ ਮੁਲਾਂ ਕਹ ਕਰੈ ਸੇਖ ॥* *ਅੰਗ- ੧੧੫੮*

ਇਕ ਪਰਮਾਤਮਾ ਦੇ ਬਹੁਭਾਂਤੀ ਅਤੇ ਅਨੇਕਾਂ ਪ੍ਰਗਟਾਵੇ ਹਨ। ਜੋਗੀ ਗੁਰੂ ਗੋਰਖ ਨੂੰ ਜਪਦੇ ਹਨ। ਹਿੰਦੂ ਰਾਮ ਦਾ ਨਾਮ ਜਪਦੇ ਹਨ। ਮੁਸਲਮਾਨ ਇਕ ਖੁਦਾ ਦੇ ਪੁਜਾਰੀ ਹਨ। ਗੁਰਬਾਣੀ ਦਾ ਇਸ ਪਰਥਾਇ ਫੁਰਮਾਣ ਹੈ –

*ਜੋਗੀ ਗੋਰਖੁ ਗੋਰਖੁ ਕਰੈ ॥*
*ਹਿੰਦੂ ਰਾਮ ਨਾਮੁ ਉਚਰੈ ॥*
*ਮੁਸਲਮਾਨ ਕਾ ਏਕੁ ਖੁਦਾਇ ॥*
*ਕਬੀਰ ਕਾ ਸੁਆਮੀ ਰਹਿਆ ਸਮਾਇ ॥ ੪ ॥ ੩॥ ੧੧ ॥*
*ਅੰਗ- ੧੧੬੦*

ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖ-ਵੱਖ ਬੋਲੀਆਂ ਦਾ ਮਿਸ਼ਰਣ ਹੈ। ਇਸ ਵਿਚ ਅਰਬੀ, ਫਾਰਸੀ, ਸੰਸਕ੍ਰਿਤ, ਅਪਭ੍ਰੰਸ਼ ਅਤੇ ਪੰਜਾਬੀ ਦੇ ਵੱਖ-ਵੱਖ ਰੂਪ ਵਿਦਤ ਹਨ ਜਿਸ ਕਰਕੇ ਇਹ ਭਾਸ਼ਾਵਾਂ ਦਾ ਮੁਜਸਮਾ ਹੈ ਜਿਸ ਤੋਂ ਹਰ ਮਨੁੱਖ ਬਿਨਾਂ ਕਿਸੇ ਭੇਦ ਭਾਵ ਦੇ ਉਪਦੇਸ਼ ਪ੍ਰਾਪਤ ਕਰਕੇ, ਅਗਵਾਈ ਲੈ ਕੇ ਆਪਣਾ ਜੀਵਨ ਖੁਸ਼ਹਾਲ ਅਤੇ ਸੁਚੱਜਾ ਬਣਾ ਕੇ ਦੇਸ਼ ਕੌਮ ਦੀ ਸੇਵਾ ਸਾਕਾਰਾਤਮਕ ਢੰਗ ਨਾਲ ਕਰ ਸਕਦਾ ਹੈ। ਗੁਰੂ ਗ੍ਰੰਥ ਆਧਾਰਿਤ ਵਿਚਾਰਧਾਰਾ ਦੇ ਪ੍ਰਚਾਰ ਅਤੇ ਪਾਸਾਰ ਹਿਤ ਗੁਰੂ ਜੀ ਨੇ ਦਰਬਾਰ ਸਾਹਿਬ ਦੇ ਚਾਰ ਦਿਸ਼ਾ ਵਿਚ ਚਾਰ ਦਰਵਾਜ਼ੇ ਰੱਖੇ ਹਨ ਜੋ ਨਿਰਸੰਦੇਹ ਇਸ ਗੱਲ ਦੇ ਸੂਚਕ ਅਤੇ ਸੰਕੇਤਕ ਹਨ ਕਿ ਇਹ ਸਰਬ ਸਾਂਝਾ ਧਰਮ ਗ੍ਰੰਥ ਹੈ। ਇਹ ਕਿਸੇ ਇਕ ਫਿਰਕੇ, ਰੰਗ, ਨਸਲ ਦੇ ਵਿਸੇਸ਼ ਲੋਕਾਂ ਲਈ ਰਾਖਵਾ ਨਹੀਂ ਹੈ। ਅਗਰ ਅਜੋਕੇ ਸਮੇਂ ਵਿਚ ਇਸ ਧਾਰਮਿਕ ਗ੍ਰੰਥ ਦੀ ਵਿਚਾਰਧਾਰਾ ਨੂੰ ਅਪਨਾਅ ਲਿਆ ਜਾਵੇ ਤਾਂ ਬਿਨਾਂ ਸ਼ੱਕ ਹਿੰਦੂ, ਮੁਸਲਮਾਨ, ਸਿੱਖ, ਈਸਾਈ, ਪਾਰਸੀ ਆਦਿ ਦੇ ਝਗੜੇ ਹਮੇਸ਼ਾ ਲਈ ਖਤਮ ਹੋ ਸਕਦੇ ਹਨ ਅਤੇ ਇਸ ਤਰ੍ਹਾਂ ਇਕ ਸੰਸਾਰਿਕ ਭਾਈਚਾਰਾ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਤੇ ਆਧਾਰਿਤ ਸਰਬ ਹਿਤ, ਸਰਬ ਸੁੱਖ, ਖੁਸ਼ੀ ਅਤੇ ਖੁਸ਼ਹਾਲੀ ਲਈ ਸਥਾਪਤ ਹੋ ਕੇ ਸੰਸਾਰ ਲਾਈ ਅਗਵਾਈ ਦੇਣ ਦੇ ਸਮਰੱਥ ਹੋ ਸਕਦਾ ਹੈ।

*(ਪੰਨਾ 31 ਦੀ ਬਾਕੀ)*

ਉਚੀ-ਉਚੀ ਰੋਂਦਾ ਜਾਂਦਾ ਹੈ ਕਿ ਮੈਂ ਤਾਂ ਦੁਨੀਆਂ ਦੇ ਬਾਦਸ਼ਾਹ ਅੱਗੇ ਝੁਕ ਕੇ ਉਸ ਪਾਸੋਂ ਉਹ ਦਾਤ ਮੰਗੀ ਜਿਹੜਾ ਆਪ ਜਮਾਂ ਦੇ ਵਸ ਹੈ। ਉਚੀ-ਉਚੀ ਰੋਂਦੇ ਦੀ ਅਵਾਜ਼ ਸੁਣ ਕੇ ਗੁਰੂ ਮਹਾਰਾਜ ਜੀ ਟੈਂਟ ਤੋਂ ਬਾਹਰ ਆਏ। ਉਸ ਘਾਹੀ ਨੇ ਘਾਹ ਦੀ ਪੰਡ ਰੱਖ ਕੇ ਟਕਾ ਚਰਨਾਂ ਤੇ ਰੱਖ ਕੇ ਉਚੀ ਅਵਾਜ਼ ਵਿਚ ਬੋਲਿਆ ਕਿ ਸੱਚੇ ਪਾਤਸ਼ਾਹ! ਮੈਂ ਬਹੁੜ ਜਨਮ ਨਾ ਆਵਾਂ, ਮੇਰੇ ਤੇ ਕ੍ਰਿਪਾ ਕਰੋ। ਗੁਰੂ ਮਹਾਰਾਜ ਜੀ ਨੇ ਉਸ ਸਿੱਖ ਨੂੰ ਛਾਤੀ ਨਾਲ ਲਾਇਆ। ਉਸ ਦੇ ਮੈਲੇ ਕਪੜੇ ਤੇ ਪਸੀਨੇ ਦੀ ਪ੍ਰਵਾਹ ਨਾ ਕੀਤੀ ਤੇ ਤਿੰਨ ਵਾਰੀ ਮੁਖ ਤੋਂ ਕਿਹਾ ਕਿ ਸਿਖਾ ਨਿਹਾਲ! ਨਿਹਾਲ! ਨਿਹਾਲ। ਸਿੱਖ ਦੇ ਬਜਰ ਕਪਾਟ ਖੁਲ੍ਹ ਗਏ, ਦਿੱਬਜ ਦ੍ਰਿਸ਼ਟੀ ਪ੍ਰਾਪਤ ਹੋ ਗਈ, ਸਾਰੇ ਪਾਪਾਂ ਦਾ ਨਾਸ਼ ਹੋ ਗਿਆ ਅਤੇ ਬ੍ਰਹਮਗਿਆਨ ਦੀ ਪ੍ਰਾਪਤੀ ਹੋ ਗਈ। ਸਚਮੁੱਚ ਇਥੇ ਅਤੇ ਬਹਿਸ਼ਤਾਂ ਦਾ ਬਾਦਸ਼ਾਹ ਬਣ ਗਿਆ। ਗੁਰੂ ਮਹਾਰਾਜ ਜੀ ਦੀ ਕ੍ਰਿਪਾ ਸਦਕੇ ਕ੍ਰਿਤ-ਕ੍ਰਿਤ ਹੋ ਗਿਆ। ਜਹਾਂਗੀਰ ਇਹ ਸਾਰਾ ਨਜ਼ਾਰਾ ਦੇਖ ਰਿਹਾ ਸੀ, ਉਸ ਨੇ ਕਿਹਾ ਕਿ ਮਹਾਰਾਜ! ਸਚਮੁਚ ਹੀ ਆਪ ਸੱਚੇ ਪਾਤਸ਼ਾਹ ਹੋ, ਮੈਂ ਤਾਂ ਝੂਠਾ ਪਾਤਸ਼ਾਹ ਹੀ ਹਾਂ।

ਇਸ ਤਰ੍ਹਾਂ ਜੋ ਨਾਮ ਵਿਚ ਰੱਤੇ ਹੋਏ ਹਨ ਉਨ੍ਹਾਂ ਦੀ ਬਾਦਸ਼ਾਹੀ ਇਥੇ ਅਤੇ ਬਹਿਸ਼ਤਾਂ ਵਿਚ ਵੀ ਚਲਦੀ ਹੈ ਜਿਵੇਂ ਕਿ ਉਪਰ ਦਸਿਆ ਜਾ ਚੁਕਿਆ ਹੈ ਕਿ –

***ਜਾ ਕਾ ਕਹਿਆ ਦਰਗਹ ਚਲੈ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ॥***
***ਅੰਗ – 186***

ਗੁਰਬਾਣੀ ਵਿਚ ਐਸਾ ਵੀ ਫੁਰਮਾਨ ਆਉਂਦਾ ਹੈ ਕਿ –

***ਪੰਡਿਤ ਸੂਰ ਛਤ੍ਰਪਤਿ ਰਾਜਾ***
***ਭਗਤ ਬਰਾਬਰਿ ਅਉਰੁ ਨ ਕੋਇ॥***
***ਅੰਗ – 858***

ਅਤੇ

***ਰਾਜਾ ਸਗਲੀ ਸ੍ਰਿਸਟਿ ਕਾ***
***ਹਰਿ ਨਾਮਿ ਮਨੁ ਭਿੰਨਾ॥*** ***ਅੰਗ – 707***

ਸੋ ਜਿਸ ਨੂੰ ਅੰਦਰਲੀ ਬਾਦਸ਼ਾਹੀ ਪ੍ਰਾਪਤ ਹੋ ਚੁੱਕੀ ਹੋਵੇ, ਉਹ ਕਿਸੇ ਦੀ ਮੁਹਤਾਜੀ ਕਿਉਂ ਕੱਢੇ?

***ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥***
***ਤੁਧੁ ਸਭੁ ਕਿਛੁ ਮੈਨੋ ਸਉਪਿਆ***
***ਜਾ ਤੇਰਾ ਬੰਦਾ॥*** ***ਅੰਗ – 1096***

# ਗੁਰੂ ਨਾਨਕ ਆਗਮਨ
## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-45)*

### ਕੇਤੀ ਛੁਟੀ ਨਾਲ

*ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥ ਅੰਗ - ੨੦*

ਨੂਰ ਸ਼ਾਹ ਟੁਰੀ ਜਾ ਰਹੀ ਹੈ, ਸਿਰ ਤੇ ਇਕ ਪੰਡ ਹੈ, ਕਿਸੇ ਦੇ ਘਰ ਪੁਚਾ ਕੇ ਦੋ ਆਨੇ ਮਜੂਰੀ ਲਈ ਹੈ। ਇਸ ਦੇ ਚੌਲ ਤੇ ਦਾਲ ਖਰੀਦੇ ਹਨ, ਚੋਰ ਰਸਤੇ ਘਰ ਜਾ ਵੜੀ ਹੈ। ਇਹ ਚੌਲ ਦਾਲ ਚਾੜ੍ਹੇ ਹਨ, ਆਖਦੀ ਹੈ ਇਸ ਘਰ ਨੂੰ ਫੂਕ ਦਿਆਂ ਤੇ ਉਜਾੜ ਵਿਚ ਵੱਸਾਂ, ਪਰ ਫੇਰ ਡਰੀ ਕਿ ਹੁਕਮ ਨਹੀਂ ਲੀਤਾ। ਹੇ ਮਨਾਂ। ਠੰਢਾਂ ਦੇ ਸਾਂਈਂ ਨੇ ਤਾਂ ਨਹੀਂ ਸੀ ਕਿਹਾ ਕਿ ਮਜੂਰੀ ਕਰ, ਪਰ ਮੇਰਾ ਮਨ ਆਪੇ ਉਸ ਭੂਥ ਕਮਾਈ ਤੋਂ ਡਰਨ ਲੱਗ ਪਿਆ ਹੈ। ਫੇਰ ਕੰਬੀ, ਫੇਰ ਟੋਟ ਪੈਣ ਲੱਗੀ, ਪਰ ਚੇਤੇ ਆ ਗਿਆ, ਵਾਹਿਗੁਰੂ-ਵਾਹਿਗੁਰੂ ਫੇਰ ਰਿੱਧੇ ਚੌਲ ਤੇ ਦਾਲ, ਸਿਰ ਧਰ ਕੇ ਟੁਰ ਪਈ, ਉਦਿਆਨ ਵਿਚ ਲਿਆਈ; ਲਿਆ ਅੱਗੇ ਧਰੇ। ਹੇ ਠੰਢਾਂ ਦੇ ਸਾਂਈਂ! ਭੋਜਨ ਛਕੋ, ਭੋਜਨ ਹਾਜ਼ਰ ਹੈ, ਮੇਰੀ ਪਾਪ ਕਮਾਈ ਦਾ ਨਹੀਂ, ਠੰਢਾਂ ਦੇ ਸਾਂਈਂ ਜੀ! ਮੈਂ ਮਜੂਰੀ ਕਰਕੇ ਹੱਕ ਹਲਾਲ ਦੀ ਕਮਾਈ ਕਰਕੇ ਇਹ ਦੋ ਦਾਣੇ ਲਿਆਈ ਹਾਂ। ਆਪ ਦਾ ਹੁਕਮ ਸੀ - ਪ੍ਰਸ਼ਾਦਾ ਛਕਾ ਇਹ ਨਿਮਾਣਾ ਪ੍ਰਸ਼ਾਦ ਹਾਜ਼ਰ ਹੈ।

ਸਤਿਗੁਰੂ (ਮੁਸਕਰਾ ਕੇ) - ਨੂਰ ਸ਼ਾਹ! ਤੇਰੀ ਹੱਕ ਹਲਾਲ ਦੀ ਕਮਾਈ? (ਫੇਰ ਮੁਸਕਰਾ ਕੇ) ਸ਼ਾਬਾਸ਼! ਪਰ ਕੁੜੀਏ! ਮੇਰੀ ਅੱਜ ਵਰ੍ਹੇ ਗੰਢ ਹੈ ਤੇ ਤੇਰੇ ਭੱਠ ਵਿਚ ਜੀਅ ਜੰਤ ਤੜਫ ਰਹੇ ਹਨ। ਮੈਂ ਅੰਨ ਕਿਸ ਤਰ੍ਹਾਂ ਪਾਵਾਂ, ਜਦ ਕਿ ਰੱਬ ਦੇ ਬੰਦੇ ਅੱਜ ਟੋਟ ਵਿਚ ਤੜਫ਼ ਰਹੇ ਹਨ? ਠੰਢ ਵਰਤੇ ਤਾਂ ਸੰਘੋਂ ਅੰਨ ਲੰਘੇ।

ਨੂਰ ਸ਼ਾਹ! ਠੰਢਾਂ ਦੇ ਸਾਂਈਂ! ਸੱਤ ਹੈ, ਮੈਂ ਬੜੀ ਮੂਰਖ ਹਾਂ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ (ਨੈਣ ਮੀਟ ਕੇ) ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਇਉਂ ਵਾਹਿਗੁਰੂ-ਵਾਹਿਗੁਰੂ ਕਹਿੰਦੀ ਹਨ੍ਹੇਰੀ ਵਾਂਗ ਉਡ ਗਈ, ਜਾ ਘਰ ਵੜੀ ਤੇ ਉਥੇ ਗਈ ਜਿਥੇ ਸਾਰੇ ਉਸ ਦੇ ਬਾਲਕੇ, ਜਿਨ੍ਹਾਂ ਵਿਚ ਚੰਗੇ-ਚੰਗੇ ਬ੍ਰਤੀ, ਤਪੀ, ਹਠੀ, ਤਿਆਗੀ, ਵਿਰਾਗੀ ਭੀ ਸਨ, ਲੁੱਛ ਰਹੇ ਸਨ ਤੇ ਹਾਵੇ ਭਰ ਰਹੇ ਸਨ। ਉਨ੍ਹਾਂ ਨੂੰ ਕਹਿਣ ਲੱਗੀ -

ਹੇ ਮੂਰਖੋ! ਚਲੋ, ਪਰਮੇਸ਼ਰ ਜੀ ਮਨੁੱਖ ਜਾਮੇ ਦੀ ਲਾਲਟੈਣ ਵਿਚ ਠੰਢਾਂ ਦੇ ਸਾਂਈਂ ਬਣ ਕੇ ਆਏ ਹਨ। ਚਲੋ, ਉਠੋ! ਮੈਂ ਜਿਸ ਨੇ ਤੁਸਾਨੂੰ ਕੈਦ ਪਾਇਆ ਸੀ, ਚਲੋ ਤੁਸਾਂ ਨੂੰ ਛੁਟਕਾਰਾ ਲੈ ਦੇਵਾਂ, ਚਲੋ ਤੁਹਾਡਾ ਤਾਪ ਉਤਰਵਾ ਦੇਵਾਂ, ਚਲੋ ਠੰਢਾਂ ਦੇ ਸਾਂਈਂ ਦੀ ਸ਼ਰਨ, ਤੁਹਾਨੂੰ ਠੰਢਾਂ ਅਮੁੱਲ ਲੈ ਦੇਵਾਂ।

ਸਾਰੇ ਗੁੱਸੇ ਤੇ ਨਿਰਾਸਤਾ ਵਿਚ ਆਉਂਦੇ ਜਾਂਦੇ ਸਨ, ਦੰਦੀਆਂ ਕਰੀਚਦੇ ਤੇ ਫੇਰ ਦਬਕਦੇ ਸਨ। ਹੁਣ ਕਾਠ ਦੀਆਂ ਪੁਤਲੀਆਂ ਵਾਂਙ ਉਠ ਖੜ੍ਹੇ ਹੋਏ ਤੇ ਮਗਰੇ ਟੁਰ ਪਏ। ਨੂਰ ਸ਼ਾਹ ਨੇ ਸਾਰੇ ਬਾਹਰ ਕੱਢ ਕੇ ਬਾਜ਼ਾਰ ਵਿਚ ਹਕੋਰਾ ਦੇ ਦਿਤਾ, ਮੇਰਾ ਘਰ ਲੁੱਟ ਲਓ। ਸਭ ਖੁੱਲ੍ਹਾ ਪਿਆ ਹੈ। ਘਰ ਦੇ ਬੂਹੇ ਖੁੱਲ੍ਹੇ ਚੌੜ ਚੁਪੱਟ ਸੱਟ ਕੇ ਨੂਰ ਸ਼ਾਹ ਚਲੀ ਗਈ, ਪਰੰਤੂ ਕਿਸੇ ਦਾ ਹੀਆ ਨਹੀਂ ਪਿਆ ਕਿ ਉਸ ਦਾ ਘਰ ਲੁੱਟ ਲਵੇ, ਉਂਵ ਜੰਗਲ ਦੀ ਅੱਗ ਵਾਂਗ ਸਾਰੇ ਸ਼ਹਿਰ ਵਿਚ ਖ਼ਬਰ ਫੈਲ ਗਈ ਕਿ ਨੂਰਸ਼ਾਹ ਬਾਲਕਿਆਂ ਸਣੇ ਕਿਤੇ ਚਲੀ ਜਾ ਰਹੀ ਹੈ।

ਇਧਰ ਨੂਰ ਸ਼ਾਹ ਜਾ ਰਹੀ ਹੈ ਜ਼ੁਬਾਨ ਤੇ ਵਾਹਿਗੁਰੂ ਹੈ, ਲੂੰਆਂ ਵਿਚ ਵਾਹਿਗੁਰੂ ਹੈ, ਕਾਲਜੇ ਠੰਢ ਹੈ, ਉਦਯਾਣ ਵੱਲ ਨੂੰ ਧੂਹ ਹੈ, ਸਤਿਗੁਰ ਦੇ ਦਰਬਾਰ ਜਾ ਕੇ ਚੁਫਾਲ ਮੱਥਾ ਟੇਕਿਆ, ਨਾਲ ਸਾਰੇ ਬਾਲਕਿਆਂ ਟੇਕਿਆ।

ਸਤਿਗੁਰ (ਸਾਰਦ ਜੀ ਨੂੰ) - ਚਾਨਣ ਚਾਨਣੇ ਦੇ ਪੁੰਜ ਸੂਰਜ ਤੋਂ ਨਿਕਲਦਾ ਹੈ, ਨੇਕੀ-ਨੇਕੀ ਦੇ ਪੁੰਨ ਵਾਹਿਗੁਰੂ ਤੋਂ ਹੈ, ਨਿਰੀ ਨੇਕੀ ਕੀ ਹੋਈ? ਫੋਕੀ ਨੇਕੀ ਵੇਲੇ ਸਿਰ ਹਾਰ ਦੇ ਗਈ, ਥਾਂਘੀ ਬਿਨਾਂ ਰੁੜ੍ਹ ਗਏ। (ਥਾਪੀ ਦੇ ਕੇ) ਈਮਾਨ ਲਿਆ ਕਿ ਵਾਹਿਗੁਰੂ ਅਕਾਲ ਪੁਰਖ ਹੈ, ਭਰੋਸਾ ਕਰ, ਵਾਹਿਗੁਰੂ ਅਕਾਲ ਪੁਰਖ ਹੈ, ਮੰਨ ਕਿ ਹਰਦਮ ਸ਼ਰਨ ਉਸ ਦੀ ਵੱਸਣਾ ਹੈ, ਤਕੜਾ ਹੋ ਤੇ ਕਹੁ ਵਾਹਿਗੁਰੂ।

ਸਾਰਦ ਜੀ ਦੇ ਅੰਦਰ ਇਕ ਠੰਢ ਵਰਤੀ, ਸੁਖ ਹੋਇਆ, ਦਿਲ ਦੀ ਟੇਕ ਕਿਸੇ ਕੇਂਦਰ, ਵਲ ਨੂੰ ਗਈ ਤੇ ਓਟ ਲੈ ਕੇ ਅੰਦਰੋਂ ਉਚਾ ਹੋ ਗਿਆ।

ਫਿਰ ਤੁੰਮਨ ਸ਼ਾਹ ਅੱਗੇ ਹੋਇਆ, ਸੀਸ ਨਿਵਾਇਆ, ਸਤਿਗੁਰ ਨੇ ਸਿਰ ਹੱਥ ਧਰ ਕੇ ਕਿਹਾ, ਦੀਸਣਹਾਰ ਦਾ ਇਸ਼ਕ ਕਮਾ ਕੇ ਫਿਰ ਦ੍ਰਿਸ਼ਟਾ ਪਦ

ਵਿਚ ਜਾਣਾ ਔਖੀ ਖੇਡ ਹੈ, ਸੱਪਾਂ ਨਾਲ ਖੇਡਣਾ ਆਸਾਨ ਨਹੀਂ। ਰੱਬ-ਰੱਬ ਕੂਕਣਾਂ ਪਰ ਹੋਣਾ ਨਫਸ ਦੇ ਬੰਦੇ, ਕਰਨੇ ਕੰਮ ਨਫਸ ਦੇ, ਨਾਮ ਧਰਨਾ ਖ਼ੁਦਾ ਦਾ, ਫਿਰ ਮਾਯਾ ਨੇ ਫਸਾਉਣਾ ਹੀ ਹੋਇਆ ਨਾ। ਦੇਖ ਬੇਟਾ! ਚੁੱਕ ਟੇਕ ਮਾਯਾ ਤੇ ਮਨ ਤੋਂ, ਪਰਮੇਸ਼ਰ ਦੇ ਆਸਰੇ ਹੋ, ਕਹੁ ਵਾਹਿਗੁਰੂ!

ਤੁੰਮਨ ਸ਼ਾਹ ਦੇ ਅੰਦਰ ਉਹ ਰੌ ਵਰਤੀ, ਜੋ ਕਦੇ ਤੱਕੀ ਨਹੀਂ ਸੀ। ਆਪੇ ਦੀ ਸੋਝੀ ਹੋ ਆਈ, ਅੰਦਰਲੇ ਦਾ ਰੁਖ਼ ਰੱਬ ਪਾਸੇ ਹੋ ਗਿਆ, ਉਨਮਨ ਹੋ ਗਿਆ, ਉੱਚੀ ਸੁਰਤ ਵਾਲਾ।

ਫਿਰ ਸੈਨਾਨੰਦ ਦੇ ਸਿਰ ਹੱਥ ਧਰ ਬੋਲੇ ਭਗਤੀ ਭਾਈ ਮਨ ਦੀ, ਮਨ ਨੂੰ ਨਾ ਵੇਖਿਆ, ਨਾ ਜਿੱਤਿਆ, ਇਸ ਨੂੰ ਨਚਾਇਆ, ਵਾਹਿਗੁਰੂ ਦੇ ਸਦਕੇ ਨਾ ਕੀਤਾ। ਲੋਕਾਂ ਦੇ ਭਗਤ ਕਹਿਣ ਤੇ ਜੋ ਭਗਤੀ ਹੁੰਦੀ ਹੈ, ਉਸ ਨੂੰ ਮਾਇਆ ਨਾਗਨ ਡਸ ਜਾਂਦੀ ਹੈ ਨਾ। ਨਾਗਨ ਦਾ ਵਾਰ ਤਦੇ ਚਲਦਾ ਹੈ ਜਦ ਕਿ ਸਿਰ ਤੇ ਕੋਈ ਰਾਖਾ ਨੀਂ ਹੁੰਦਾ, ਤਾਂਤੇ ਸੂਰੇ ਦੀ ਸ਼ਰਨ ਸਮਾਉ, ਕਹੁ ਵਾਹਿਗੁਰੂ।

ਇਸ ਭਗਤ ਦੇ ਅੰਦਰੋਂ ਬੀ ਲੋਕਾਂ ਦੀ ਕਦਰ ਦੀ ਮੈਲ ਲੱਥੀ, ਠੰਢ ਵਰਤੀ, ਵਾਹਿਗੁਰੂ ਵਲ ਧਿਆਨ ਲੱਗਾ, ਉਨਮਨ ਹੋ ਗਿਆ।

ਫਿਰ ਗੋਰਨ ਜੀ ਦੇ ਸਿਰ ਹੱਥ ਰੱਖ ਕੇ ਬ੍ਰਤ ਰਖੇ, ਸਰੀਰ ਲਿੱਸਾ ਹੋ ਗਿਆ, ਆਲਸ, ਤਮੋ ਗੁਣ ਵਧ ਗਿਆ, ਨਾ ਮਨ ਵਸ ਆਇਆ, ਨਾ ਮੈਲ ਨਿਕਲੀ ਜਦੋਂ ਮਾਇਆ ਖਿਵੀ, ਚਕਾਚੂੰਧ! ਇਕ ਚਮਕਾਰਾ ਹੀ ਮਾਰ ਗਿਆ। ਸਿਦਕ ਕਰ ਕਿ ਸਿਰ ਤੇ ਰੱਬ ਹੈ। ਕਹੁ 'ਵਾਹਿਗੁਰੂ।' ਕਹਿੰਦੇ ਸਾਰ ਗੋਰਨ ਦਾ ਮਨ ਉਪਰ ਵਾਹਿਗੁਰੂ ਟੇਕ ਤੇ ਗਿਆ ਤੇ ਉਨਮਨ ਹੋ ਗਿਆ।

ਇਸ ਤਰ੍ਹਾਂ ਇਕ-ਇਕ ਨੂੰ ਪਿਆਰ ਦਿਤਾ, ਇਕ-ਇਕ ਭੁੱਲ ਦਰਸਾਈ, ਇਕ-ਇਕ ਨੂੰ ਠੰਢ ਪਾਈ, ਸਾਰੀਆਂ ਰੂਹਾਂ ਨੂੰ ਠਾਰ ਕੇ ਸੁਖੀ ਕਰਕੇ ਬੋਲੇ, ਮਰਦਾਨਿਆਂ! ਅੱਜ ਕੀ ਦਿਨ ਹੈ?

ਮਰਦਾਨਾ - ਜੀ ਅੱਜ ਆਪ ਦੀ ਵਰ੍ਹੇ ਗੰਢ ਹੈ?

ਹੁਣ ਸੂਰਜ ਲਟਪਟਾ ਗਿਆ ਸੀ, ਸ਼ਾਮਾਂ ਆ ਰਹੀਆ ਸਨ; ਇਸ ਵੇਲੇ ਤੀਖਣ ਜੀ ਜਲ ਲਿਆਏ ਹੱਥ ਧੁਵਾਏ, ਨੂਰਸ਼ਾਹ ਨੇ ਪ੍ਰਸ਼ਾਦ ਅੱਗੇ ਰੱਖਿਆ। ਸਤਿਗੁਰੂ ਸੱਚੇ ਸ੍ਰਿਸ਼ਟੀ ਦੇ ਬਚਾਵਨਹਾਰੇ ਨੇ ਉਹ ਦੁਆਨੀ ਦੇ ਚੌਲ ਸਾਰਿਆਂ ਨੂੰ ਵੰਡੇ ਤੇ ਆਪ ਵੀ ਖਾਧੇ। ਫੇਰ ਮਰਦਾਨੇ ਨੇ ਵਾਹਿਗੁਰੂ ਜੀ ਦੀ ਮਹਿਮਾ ਦਾ ਕੀਰਤਨ ਕੀਤਾ।

## 15. ਬੀਤ ਗਈਆਂ ਦੀ ਸੋਝੀ

*ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ ॥*
*ਬਿਨੁ ਸਤਿਗੁਰ ਨਾਉ ਨ ਪਾਈਐ*
*ਬਿਨੁ ਨਾਵੈ ਕਿਆ ਸੁਆਉ ॥*
*ਆਇ ਗਇਆ ਪਛੁਤਾਵਣਾ ਜਿਉ ਸੁੰਞੈ ਘਰਿ ਕਾਉ ॥ ੩॥*
*ਅੰਗ - ੫੮*

ਰਾਤ ਬੀਤ ਚੁਕੀ, ਅੰਮ੍ਰਿਤ ਵੇਲਾ ਹੋ ਆਇਆ, ਮਰਦਾਨੇ ਦੀ ਜਾਗ ਖੁੱਲ੍ਹੀ, ਕੀ ਦੇਖਦਾ ਹੈ ਕਿ ਸਤਿਗੁਰੂ ਵਾਹਿਗੁਰੂ ਦੇ ਪ੍ਰੇਮ ਵਿਚ ਜੁੜੇ ਬੈਠੇ ਹਨ। ਹਾਉਕਾ ਭਰਕੇ ਉਠਿਆ, ਮਨਾ! ਪਹਿਲਾਂ ਜਾਗਦੈਂ, ਆਪ ਨ੍ਹਾਉਂਦੈਂ, ਫੇਰ ਗੁਰੂ ਜੀ ਨੂੰ ਇਸ਼ਨਾਨ ਕਰਵਾਉਂਦੈ, ਪਰ ਹੱਛਾ ਹੁਣ ਹੀ ਛੇਤੀ ਕਰਾਂ।

ਇਹ ਕਹਿ ਕੇ ਝੱਟ ਪੱਟ ਤਿਆਰ ਹੋ ਕੇ ਰਬਾਬ, ਸੁਰੀਲਾ ਮਨ ਮੋਹਨਾ ਰਬਾਬ, ਲੈ ਕੇ ਬੈਠ ਗਿਆ! ਤਾਰਾਂ ਤੇ ਜਦ ਠੁਹਕਰਾਂ ਵੱਜੀਆਂ ਤਾਂ ਅਰਸ਼ੀ ਧੁਨਿ ਉਠੀ, ਨਾਲ ਸੁਰੀਲਾ ਪਿਆਰਾ ਗਲਾ ਛਿੜ ਪਿਆ, ਫੇਰ ਕੀ ਸੀ ਇਲਾਹੀ ਰੰਗ ਜੰਮ ਗਿਆ। ਬਾਕੀ ਦੀ ਸੰਗਤ ਬੀ ਨੂਰ ਸ਼ਾਹ ਸਮੇਤ ਉੱਠ ਬੈਠੀ। ਇਸ਼ਨਾਨ ਕੀਤੇ ਤੇ ਉਸੇ ਤਰ੍ਹਾਂ ਦੂਰ ਨੇੜੇ ਬੈਠ ਗਏ। ਮਰਦਾਨੇ ਦੇ ਅੰਦਰਲੇ ਇਕੱਠੇ ਹੋਏ ਮਨ ਵਿਚੋਂ ਧੁਰ ਕੀ ਬਾਣੀ ਦਾ ਕੀਰਤਨ ਤੇ ਉੱਚੇ ਦਰਜੇ ਦੇ ਰਾਗ ਦੀ ਧੁਨਿ ਉੱਠੀ! ਸਾਰੇ ਵਾਹਿਗੁਰੂ ਪ੍ਰੇਮ ਵਿਚ ਜੁੜ ਗਏ। ਇਹ ਠੰਢ, ਇਹ ਰੰਗ, ਇਹ ਰਸ ਤੇ ਲੀਨਤਾ ਸੂਰਜ ਚੜ੍ਹੇ ਤਕ ਬਣੀ ਰਹੀ। ਇਸ ਵੇਲੇ ਮਰਦਾਨੇ ਭੋਗ ਪਾਇਆ, ਤੀਖਣ ਜੀ ਸਹੁਰੇ ਪਰਿਵਾਰ ਸਮੇਤ ਦੁੱਧ ਲੈ ਕੇ ਆਏ ਹੋਏ ਸਨ। ਸ਼ਹਿਰ ਵਿਚ ਰਾਤ ਦੀ ਹੀ ਧੂੰਮ ਮਚ ਗਈ ਸੀ ਕਿ ਕੋਈ ਐਸਾ ਰੱਬ ਦਾ ਪਿਆਰਾ ਆਇਆ ਹੈ ਜਿਸ ਨੇ ਨੂਰ ਸ਼ਾਹ ਦਾ ਤਲਿੱਸਮ ਤੋੜ ਦਿਤਾ ਹੈ ਤੇ ਉਹ ਘਰ ਬਾਰ ਖੁੱਲ੍ਹੇ ਛੱਡ ਕੇ ਚਰਨੀਂ ਪੈ ਗਈ ਹੈ ਤੇ ਦਸਾਂ ਨਵ੍ਹਾਂ ਦੀ ਕਿਰਤ ਕਰਕੇ ਸਤਿਗੁਰੂ ਜੋਗਾ ਭੋਜਨ ਲੇ ਗਈ ਹੈ। ਘਰ-ਘਰ ਵਿਚ ਇਹੋ ਕਥਾ ਸੀ ਤੇ ਹਰ ਦਿਲ ਉਸ ਰੱਬੀ ਨੂਰ ਦੇ ਦੀਦਾਰ ਦੇ ਦਰਸ਼ਨ ਲਈ ਉਮੱਡ ਰਿਹਾ ਸੀ। ਹੁਣ ਦਿਨ ਨਿਕਲਣ ਤੋਂ ਪਹਿਲਾਂ ਲੋਕੀਂ ਘਰਾਂ ਤੋਂ ਟੁਰ ਰਹੇ ਸਨ ਤੇ ਪਹੁੰਚ ਰਹੇ ਸਨ। ਇਸ ਵੇਲੇ ਖਾਸੀ ਭੀੜ ਉਦਾਲੇ ਜਮ੍ਹਾਂ ਹੋ ਗਈ ਸੀ। ਮਰਦਾਨੇ ਦੇ ਕੀਰਤਨ ਨੇ, ਸਤਿਗੁਰ ਦੇ ਰੱਬੀ ਦੀਦਾਰ ਨੇ ਸਭ ਨੂੰ ਸਤੋਗੁਣੀ ਕਰ ਰੱਖਿਆ ਸੀ। ਦੁੱਧ ਆਇਆ ਤਾਂ ਸਤਿਗੁਰ ਨੇ ਕਿਹਾ, ਵਰਤਾ ਦਿਓ। ਫੇਰ ਆਪ ਇਕ ਸ਼ਬਦ ਦੀ ਸੱਦ ਉਠਾਈ ਤੇ ਫੇਰ ਜਿਉਂ ਵਾਹਿਗੁਰੂ ਪ੍ਰੇਮ ਵਿਚ ਸ਼ੁਰੂ ਹੋਏ, ਐਸੀ ਵਾਰਤਾਲਾਪ ਕੀਤੀ ਕਿ ਸਭ ਦੀ ਬਿਰਤੀ ਸਾਂਈਂ ਪ੍ਰੇਮ ਦੇ ਰੰਗ ਰੰਗੀ ਗਈ ਤੇ ਅੰਦਰਲੇ ਦਾ ਵਾਹਿਗੁਰੂ ਵਲ ਰੁਖ ਹੋ ਗਿਆ। ਇਸ ਤਰ੍ਹਾਂ ਗੁਰਸਿੱਖੀ ਸਭ ਨੇ ਧਾਰਨ ਕੀਤੀ ਤੇ ਸੱਚੇ

ਪਾਤਸ਼ਾਹ ਨੇ ਸਭ ਨੂੰ ਉਸ ਸੜਕੇ ਚਾੜ੍ਹਿਆ, ਜਿਸ ਦਾ ਅੰਤ ਆਪ ਜੀ ਨੇ ਦੱਸਿਆ ਕਿ ਤੁਸੀਂ ਆਪੇ ਦੀ ਕੈਦ ਤੋਂ ਛੁਟ ਕੇ ਆਪੇ ਦੇ ਰਸ ਤੇ ਵਾਹਿਗੁਰੂ ਸ਼ਰਨ ਦੇ ਰਸ ਵਿਚ ਸੁਖ ਪਾਓਗੇ।

ਲੰਗਰ ਓਥੇ ਹੀ ਤਿਆਰ ਹੋਇਆ, ਸਭ ਨੇ ਛਕਿਆ। ਦੁਪਹਿਰਾਂ ਵੇਲੇ ਜ਼ਰਾ ਇਕਾਂਤ ਹੋਈ ਤਾਂ ਮਰਦਾਨੇ ਨੇ ਕਿਹਾ, ਸੱਚੇ ਪਾਤਸ਼ਾਹ! ਪਰਬਤ ਹੇਠੋਂ ਨਿਕਲ ਕੇ ਜਿਵੇਂ ਹਲਕਾਪਨ ਆਉਂਦਾ ਹੈ, ਕੱਲ ਦੇ ਮਾਮਲੇ ਤੋਂ ਬਾਦ ਮੈਂ ਇਸ ਤਰ੍ਹਾਂ ਪ੍ਰਤੀਤ ਕਰਦਾ ਹਾਂ। ਇਹ ਨੂਰਸ਼ਾਹ ਪਾਸ ਕੀਹ ਕੌਤਕ ਸੀ ਏਨ੍ਹਾਂ ਕਿੱਥੋਂ ਲਿਆ ਸੀ? ਸਤਿਗੁਰ ਜੀ ਬੋਲੇ, ਨੂਰ ਸ਼ਾਹ ਤੈਨੂੰ ਆਪ ਸੁਣਾ ਦੇਸੀ, ਫੇਰ ਸਮਝ ਲਈਂ, ਜੇ ਕੁਛ ਤੇਰੀ ਸਮਝੇ ਪੈ ਗਿਆ ਤਾਂ। ਇਹ ਸੁਣ ਕੇ ਨੂਰ ਸ਼ਾਹ ਨੇ ਕਿਹਾ –

ਹੇ ਠੰਢਾਂ ਦੇ ਸਾਂਈਂ! ਮਾਯਾ ਦੀ ਖੇਲ੍ਹ ਹੈ। ਮਾਯਾ ਤਾਂ ਹੋਯਾ ਸਾਰਾ ਭੁਲਾਵਾ। ਭੁਲਾਵੇ ਵਿਚ ਭੁਲਾਵੇ, ਹੋਰ ਕੀ ਹੈ? ਪਰ ਆਗਿਆ ਹੈ, ਬਿਨੈ ਕਰਦੀ ਹਾਂ –

ਮੇਰੇ ਪਿਤਾ ਜੀ ਨਰਿੰਦਰ ਨਾਥ ਗੁਜ਼ਾਰੇ ਮਾਫਕ (ਏਸ ਪਿੰਡ ਦੇ ਚੰਗੇ) ਜ਼ਿਮੀਦਾਰ ਸਨ ਤੇ ਸਾਧੂ ਸੰਤ ਦੇ ਸੇਵੀ ਸਨ। ਸਾਡੇ ਪਿੰਡ ਇਕ ਵੇਰ ਇਕ ਸੂਫੀ ਫਕੀਰ ਆਇਆ, ਜਿਸ ਦਾ ਨਾਮ ਨੂਰ ਸ਼ਾਹ ਸੀ। ਉਹ ਪਿਤਾ ਜੀ ਦੀ ਸੇਵਾ ਤੇ ਰੀਝ ਪਿਆ। ਪਿਤਾ ਜੀ ਇਸ ਪਰ ਬਿਨ ਦੰਮਾਂ ਦੇ ਵਿਕ ਗਏ। ਮੈਂ ਮੁਟਿਆਰ ਅਵਸਥਾ ਵਿਚ ਆ ਰਹੀ ਸਾਂ। ਇਕ ਵੇਰੀ ਮੇਰੀ ਉਂਗਲ ਤੇ ਚੰਦ੍ਰਾ ਹੋ ਪਿਆ, ਪਿੰਡ ਦਾ ਨਾਈ ਆਖੇ ਚੀਰੇ ਬਿਨਾਂ ਰਾਜ਼ੀ ਨਹੀਂ ਹੋਣਾ ਤੇ ਮੈਂ ਚੀਰਾ ਦੁਆਵਾਂ ਨਾ, ਦਰਦ ਕੋਲੋਂ ਡਰਾਂ, ਬੂਟੀ ਪੱਥਰਚੂਨ ਦੋ ਚਾਰ ਦਿਨ ਬੱਧੀ, ਕੁਆਰ ਗੰਦਲ ਦਾ ਭੜਥਾ, ਆਟੇ ਅਲਸੀ ਦੀ ਲੇਵੀ ਲਾਈ, ਪਰ ਕੁਛ ਨਾ ਬਣਿਆ। ਨੂਰਸ਼ਾਹ ਨੂੰ ਮੇਰੀ ਖੇਚਲ ਦਾ ਪਤਾ ਲੱਗਾ ਤਾਂ ਪਿਤਾ ਨੂੰ ਕਹਿਣ ਲੱਗੇ, ਨਾਈ ਨੂੰ ਚੋਰੀ ਬੁਲਾ ਛੱਡੋ, ਅਸੀਂ ਦੁਪਹਿਰੇ ਆ ਕੇ ਕਾਰਜ ਕਰਾਂਗੇ। ਪਰ ਮੈਨੂੰ ਇਸ ਗੱਲ ਦਾ ਪਤਾ ਨਹੀਂ, ਦੁਪਹਿਰੇ ਆ ਕੇ ਉਹ ਮੈਨੂੰ ਲੈ ਬੈਠੋ, ਤ ਆਖਣ ਲੱਗੇ, ਕਾਕੀ! ਤੈਨੂੰ ਮਿੱਠੀ-ਮਿੱਠੀ ਨੀਂਦ ਆਵੇਗੀ, ਦੇਖ ਸਾਡੇ ਮਸਤਕ ਪਰ ਚਾਨਣਾ ਹੈ, ਪੰਜ ਬੋਦੀਆਂ ਵਾਲਾ ਤਾਰਾ ਹੈ, ਹੱਛੂੰ ਨੀਝ ਲਾਵੇਂ ਤਾਂ ਦਿੱਸ ਸੀ। ਕਈ ਗੱਲਾਂ ਬਾਤਾਂ ਕਰਦੇ ਰਹੇ, ਮੈਨੂੰ ਪਤਾ ਨਹੀਂ, ਪਰ ਪਿੱਛੋਂ ਪਿਤਾ ਜੀ ਨੇ ਮੈਨੂੰ ਦੱਸਿਆ ਸੀ ਕਿ ਮੈਂ ਤੱਕਦੀ-ਤੱਕਦੀ ਸੌਂ ਗਈ ਸਾਂ ਤੇ ਜਦ ਮੈਂ ਸੌਂ ਗਈ ਤਦ ਆਪ ਨੇ ਨਾਈ ਨੂੰ ਸੱਦ ਕੇ ਕਿਹਾ ਕਿ ਚੀਰਾ ਦੇ ਦਿਓ। ਪਿਤਾ ਜੀ ਬੋਲੇ-ਕਾਕੀ ਪੀੜ ਨਾਲ ਜਾਗ ਪਵੇਗੀ। ਉਹ ਕਹਿਣ ਲੱਗਾ, ਇਹ ਨੀਂਦ ਨਹੀਂ, ਕਦੇ ਨਹੀਂ ਜਾਗੇਗੀ। ਮੇਰੇ ਵਲ ਤੱਕ ਕੇ ਬੋਲੇ-ਜਾਗਣਾ ਨਹੀਂ। ਗੱਲ ਕੀ ਨਾਈ ਚੀਰਾ ਦੇ ਕੇ ਸਾਫ ਕਰਕੇ ਮੱਲਮ ਲਾ ਕੇ ਬੰਨ੍ਹ ਕੇ ਚਲਾ ਗਿਆ, ਮੇਰੀ ਜਾਗ ਤਦੋਂ ਖੁੱਲ੍ਹੀ ਜਦੋਂ ਨੂਰਸ਼ਾਹ ਨੇ ਆਪ ਕਿਸੇ ਤਰ੍ਹਾਂ ਖੋਲ੍ਹੀ। ਇਸ ਕ੍ਰਿਸ਼ਮੇ ਦਾ ਅਸਰ ਮੇਰੇ ਪਿਤਾ ਜੀ ਤੇ ਬਹੁਤ ਪਿਆ। ਨੂਰ ਸ਼ਾਹ ਜਦੋਂ ਬਿਰਦ ਹੋਏ ਤਾਂ ਆਪਣੀ ਚਤੁਰਾਈ ਤੇ ਤ੍ਰਾਟਕ ਮੁੱਦਰਾ ਦੇ ਕੌਤਕ ਪਿਤਾ ਜੀ ਨੂੰ ਸਿਖਾ ਦਿਤੇ ਤੇ ਉਹਨਾਂ ਮਗਰੋਂ ਉਹਨਾਂ ਦੇ ਮੰਤਰਾਂ, ਜੰਤਰਾਂ, ਤੰਤਰਾਂ ਦੇ ਪ੍ਰੇਮੀ ਚੇਲੇ ਬਾਲੇ ਮੇਰੇ ਪਿਤਾ ਦੇ ਗਿਰਦ ਹੋ ਗਏ ਤੇ ਉਹਨਾਂ ਨੂੰ ਨੂਰ ਸ਼ਾਹ ਕਹਿਣ ਲੱਗ ਪਏ। ਪਿਤਾ ਜੀ ਦਾ ਮੇਰੇ ਵਿਚ ਬਹੁਤ ਪਿਆਰ ਸੀ, ਉਹਨਾਂ ਨੇ ਮੈਨੂੰ ਇਕ ਦਿਨ ਦੱਸਿਆ ਕਿ ਸਰੀਰ ਦਾ ਭਰੋਸਾ ਨਹੀਂ, ਤੇਰੀਆਂ ਅੱਖਾਂ ਤੇ ਮੱਥਾ, ਮਨ ਦੀ ਮਰਜ਼ੀ ਤੇ ਮਜ਼ਬੂਤੀ ਮਰਦਾਂ ਤੋਂ ਤਕੜੀ ਹੈ, ਸਾਡੀ ਗੱਲਬਾਤ ਸਿਖ ਲੈ, ਸੁਖ ਪਾਏਂਗੀ, ਇਹ ਦੁਰਲੱਭ ਖੇਡ ਹੈ। ਨੂਰ ਸ਼ਾਹ ਜੀ ਸੂਫੀ ਹੋ ਕੇ, ਵਿਦਿਆ ਪਾ ਕੇ, ਹਠ ਤਪ ਕਰਕੇ ਉਦਾਸ ਰਹੇ ਤੇ ਸਾਰੇ ਅਫ਼ਗਾਨਿਸਤਾਨ, ਹਿੰਦੁਸਤਾਨ ਫਿਰੇ, ਅੰਤ ਨੀਲਗਿਰੀ (ਦੱਖਣ) ਵਿਚ ਇਕ ਜੰਗਲੀ ਕੌਮ-ਜਿਨ੍ਹਾਂ ਦਾ ਨਾਮ ਟੋਡਾ ਹੈ ਦੇ ਇਕ ਵੱਡੇ ਫਕੀਰ ਪਾਸੋਂ ਇਹ ਤਾਕਤ ਤੇ ਜਾਚ ਪਾਈ, ਕਿ ਦੂਜੇ ਆਦਮੀ ਉਤੇ ਆਪਣਾ ਵਸ ਕੀਕੂੰ ਪਾ ਲਿਆ ਜਾਵੇ। ਇਸ ਨੂੰ ਉਹ ਰੂਹਾਨੀ ਤਾਕਤ ਸਮਝਦੇ ਸਨ। ਉਹ ਕਹਿੰਦੇ ਹੁੰਦੇ ਸਨ ਕਿ ਮੁਅਜਜ਼ਾ ਯਾ ਕਰਾਮਾਤ ਨਬੀ ਦੀ ਨਿਸ਼ਾਨੀ ਹੈ, ਨੂਰ ਸ਼ਾਹ ਨਬੀ ਸੀ, ਉਨ੍ਹਾਂ ਨੇ ਇਹ ਤਾਕਤ ਸਾਨੂੰ ਬਖਸ਼ੀ ਅਸੀਂ ਤੈਨੂੰ ਦੇਂਦੇ ਹਾਂ। ਗੱਲ ਕੀ, ਬਾਪੂ ਜੀ ਨੇ ਸਾਰੀ ਜਾਚ ਤ੍ਰਾਟਕ ਵਿਦਿਆ ਦੀ ਤੇ ਵਰਤਾਰੇ ਅਰ ਹੋਰ ਫੰਧ ਮੈਨੂੰ ਸਿਖਲਾਏ ਤੇ ਉਹਨਾਂ ਮਗਰੋਂ ਸਾਰੇ ਗਰਜ਼ੀ ਲੋਕ, ਜਿਨ੍ਹਾਂ ਨੂੰ ਧਾਗੇ ਤਵੀਤ ਮੰਤਰ-ਜੰਤ੍ਰ ਮਿਲਦੇ ਸਨ, ਮੇਰੇ ਗਿਰਦ ਹੋ ਗਏ। ਮੈਨੂੰ ਪਾਰਬਤੀ ਜੋ ਮੇਰਾ ਨਾਮ ਸੀ ਸੱਦਣ ਦੀ ਥਾਂ ਨੂਰ ਸ਼ਾਹ ਸੱਦਣ ਲੱਗ ਪਏ। ਮੈਨੂੰ ਬਲਕਾਰ ਬੜਾ ਸੀ ਤੇ ਨਿੱਜ ਨਾ ਹੋਣੀ ਅਕਲ ਤ੍ਰਿਖੀ ਸੀ। ਮੈਂ ਆਪਣੀ ਇਸ ਤਾਕਤ ਨੂੰ ਉਪਕਾਰ ਤੇ ਨਾ ਵਰਤਿਆ, ਪਰ ਸਭ ਨੂੰ ਆਪਣੇ ਵਸ ਕਰਨਾ ਤੇ ਕਿਸੇ ਨੂੰ ਅੱਗੇ ਟਿਕਣ ਨਾ ਦੇਣਾ, ਏਸ ਵਿਚ ਕਮਾਲ ਕੀਤਾ। ਸੰਸਾਰਕ ਮਾਨਸਿਕ ਸਭ ਕਰਤਬ ਕਮਾਲ ਕੀਤੇ। ਆਹ ਦੇਖ ਲਓ ਬੁੱਧ ਤੇ ਜੈਨੀ, ਬ੍ਰਹਮਚਾਰੀ, ਸੰਨਿਆਸੀ, ਸੂਫੀ ਤੇ ਭਗਤ ਸਭ ਜ਼ੇਰ ਕੀਤੇ, ਆਪਣੀ ਸੰਪਰਦਾ ਵਧਾਈ ਤੇ ਮਾਨ ਪਾਯਾ! ਮੇਰੀ ਵਿਦਿਆ ਵਿਚ ਭੁਲਾਵੇ ਤੇ ਮਾਯਾ ਹੈ, ਇਕ ਨੁਕਤਾ ਮਾਨਸਿਕ ਏਕਾਗਰਤਾ ਦਾ ਹੈ, ਜਿਸ ਨੂੰ ਕੱਲ੍ਹ ਤੱਕ ਮੈਂ ਭੀ ਰੱਬੀ ਤਾਕਤ ਸਮਝਦੀ ਸਾਂ, ਪਰ ਹੁਣ ਸੋਝੀ ਆਈ ਹੈ ਕਿ ਕਿਸੇ ਨੂੰ ਵੱਸ ਕਰਨਾ ਆਪ ਕੈਦ ਪੈਣਾ ਹੈ। ਮੈਂ ਸੱਚ ਆਖਦੀ ਹਾਂ, ਕੱਲ ਇਹ ਕੁਛ ਮੈਨੂੰ ਸ਼ਕਤੀ ਜਾਪਦਾ ਸੀ, ਪਰ ਅੱਜ ਦਿਮਾਗ ਦਾ ਤਾਪ ਭਾਸਦਾ ਹੈ।

ਲੋਕੀਂ ਸਰੀਰ ਨਾਲ ਕੈਦ ਪਾਉਂਦੇ ਹਨ ਮੈਂ ਦਿਮਾਗੀ ਤੇ ਮਾਨਸਕ ਤਾਕਤਾਂ ਦੀ ਏਕਾਗਰਤਾ ਨਾਲ ਕੈਦਾਂ ਘੜ ਲਈਆਂ ਸਨ।

(ਸਤਿਗੁਰ ਦੀ ਚਰਨੀਂ ਮੱਥਾ ਟੇਕ ਕੇ) ਹੇ ਠੰਢਾਂ ਦੇ ਸਾਂਈਂ ਜੀ! ਕੱਲ੍ਹ ਪਹਿਲਾ ਦਿਨ ਸੀ ਕਿ ਆਪ ਦੇ ਸਵਾਰੇ ਭਗਤ ਪਰ ਮੇਰੀ ਪੇਸ਼ ਨਹੀਂ ਗਈ। ਕੱਲ੍ਹ ਮੇਰੇ ਮਨ ਨੇ ਕਲਵਲੀਆਂ ਖਾਧੀਆਂ, ਪਰ ਜਦੋਂ ਇਨ੍ਹਾਂ ਨੇ ਸੰਗੀਤ ਕੀਤਾ ਤਾਂ ਮੈਨੂੰ ਆਪਣੀ ਤ੍ਰਿੱਖੀ ਅਕਲ ਵਿਚ ਦਾਰੂ ਸੁੱਝ ਪਿਆ। ਮੈਂ ਰਾਗ ਵਿਦਿਆ ਵਿਚ ਨਿਪੁੰਨ ਸਾਂ, ਮੈਂ ਉਹ ਅਲਾਪ ਕੀਤਾ ਕਿ ਇਹਨਾਂ ਦੀ ਸੁਰਤ ਵਜਦ ਵਿਚ ਆ ਗਈ, ਰਾਗ ਦੇ ਰਸ ਵਿਚ ਲੱਗ ਕੇ ਆਪੇ ਤੋਂ ਭੁੱਲੀ, ਠੀਕ ਉਸ ਵੇਲੇ ਮੈਂ ਗਵੱਯੇ ਨੇ ਆਪਣੀ ਸੂਰਤ ਦਾ ਝਲਕਾ ਦੇ ਕੇ ਇਨ੍ਹਾਂ ਦੀ ਸੁਰਤ ਨੂੰ ਉਖੇੜ ਲਿਆ ਤੇ ਕਾਬੂ ਕਰ ਲਿਆ।

ਮਰਦਾਨਾ (ਘਬਰਾ ਕੇ) - ਹੇ ਸਤਿਗੁਰੂ ਜੀ! ਮੇਰੀ ਮੌਤ ਏਸ ਰਾਗ ਦੇ ਹੱਥੋਂ ਹੀ ਲਿਖੀ ਸੀ?

ਸਤਿਗੁਰ-ਮਰਦਾਨਿਆਂ! ਅਦਬ ਨਾਲ ਬੋਲ ਰਾਗ ਇਲਾਹੀ ਨਾਦ ਹੈ। ਇਹ ਅਰਸ਼ ਤੋਂ ਆਇਆ ਹੈ, ਹਾਂ, ਸਾਰ ਸੁੰਦਰਤਾ ਅਰਸ਼ਾਂ ਦੀ ਘਾੜਤ ਹੈ। ਰਾਗ ਬੰਦੇ ਨੂੰ ਰੱਬ ਦੇ ਦੇਸ਼ ਲੈ ਜਾਣ ਵਾਸਤੇ ਹੈ, ਇਹ ਮਨੁੱਖ ਦੀ ਮੂਰਖਤਾ ਹੈ ਕਿ ਹਰ ਸ਼ੈ ਨੂੰ ਜੋ ਇਸ ਦੇ ਅੰਦਰਲੇ ਨੂੰ ਉਚਿਆਂ ਕਰਨ ਵਾਸਤੇ ਰਚੀ ਗਈ ਹੈ, ਉਸ ਨੂੰ ਆਪਣੇ ਆਪੇ ਦੇ ਦੁਆਲੇ ਕੋਈ ਨਾ ਕੋਈ ਕੂੜੇ ਦੀ ਪਾਲ ਯਾ ਕੰਧ ਉਸਾਰਨ ਵਾਸਤੇ ਤੇ ਕੈਦ ਪਾ ਲੈਣ ਵਾਸਤੇ ਵਰਤਦਾ ਹੈ। ਹੇ ਮਰਦਾਨੇ! ਜੋ ਰਾਗ ਅਸੀਂ ਤੈਥੋਂ ਕਰਵਾਉਂਦੇ ਹਾਂ ਉਹ ਆਪੇ ਨੂੰ ਆਪੇ ਦੀ ਕੈਦ ਤੋਂ ਛੁਡਵਾ ਕੇ ਸੁਤੰਤਰ ਕਰਦਾ ਹੈ। ਪਰ ਰਾਗ ਦਾ ਜੋ ਵਰਤਾਉ ਇਸ ਬੀਬੀ ਨੇ ਭੁਲੇਖੇ ਵਿਚ ਕੀਤਾ ਹੈ ਉਹ ਆਪੇ ਨੂੰ ਆਪੇ ਦੀ ਕੈਦ ਵਿਚ ਪਾਉਣ ਦੇ ਮਨੋਰਥ ਵਾਲਾ ਸੀ। ਰਾਗ ਨਾਦ 'ਸੱਚ ਹੈ' ਪਰ ਇਸ ਦਾ ਵਰਤਾਉ ਕੱਚਾ ਹੈ। ਬੰਦੇ ਦਾ ਵਰਤਾਉ ਹੀ ਨਰਕ ਹੈ, ਨਹੀਂ ਤਾਂ ਬੰਦੇ ਨੂੰ ਸਾਂਈਂ ਵਲੋਂ ਅਰਸ਼ ਹੀ ਅਰਸ਼ ਪ੍ਰਾਪਤ ਹੈ।

ਇਸ ਪਰ ਮਰਦਾਨੇ ਦੇ ਨੈਣ ਖੁੱਲ੍ਹੇ, ਨੂਰਸ਼ਾਹ ਨੇ ਮੱਥਾ ਟੇਕਿਆ ਤੇ ਫਿਰ ਬੋਲੀ - ਹੇ ਠੰਢਾਂ ਦੇ ਸਾਂਈਂ ਜੀਉ! ਮਿਹਰ ਕਰੋ! ਧੰਨ ਆਪ ਹੋ ਜੋ ਜਗਤ ਨੂੰ ਕੈਦ ਤੋਂ ਛੁਡਾਉਂਦੇ ਹੋ। ਬੰਦੀ ਛੋੜ ਕੈਦਖਾਨੇ ਤੋਂ ਤਾਂ ਕੱਢ ਸਕਦਾ ਹੈ, ਪਰ ਆਪੇ ਦੇ ਉਦਾਲੇ ਆਪੇ ਉਸਾਰੀ ਕੈਦ ਤੋਂ ਕੋਈ ਨਹੀਂ ਛੁਡਾਉਂਦਾ। ਸੱਚ ਕਿਹਾ ਹੈ ਤੀਖਣ ਜੀ ਨੇ, ਕੂੜੇ ਦੀ ਪਾਲ ਆਪ ਤੋੜਦੇ ਤੇ ਸਚਿਆਰ ਕਰਦੇ ਹੋ। ਹੇ ਸੱਚ ਦੀ ਠੰਢ ਤੇ ਠੰਢਾਂ ਪਾਉਣ ਵਾਲੇ, ਤਾਪ ਹਰਨ ਹਾਰ, ਤ੍ਰਾਣ ਕਰਤਾ! ਆਪ ਧੰਨ ਹੋ।

ਹਾਂ, ਭਾਈ ਮਰਦਾਨਾ ਜੀਉ! ਮੈਂ ਭੁੱਲੀ ਹੋਈ ਨੇ ਆਪ ਨੂੰ ਏਸ ਦਾਉ ਤੋਂ ਨੱਪਿਆ ਤੇ ਐਸੀ ਮਾਯਾ ਵਰਤਾ ਕੇ ਸੁਆਲਿਆ ਕਿ ਆਪ ਨੂੰ ਮਿਰਚਾਂ ਦੇ ਕੇ ਕਹਾਂ ਕਹੁ ਮਿਸਰੀ, ਤਾਂ ਤੁਸੀਂ ਆਖਦੇ ਸਾਓ ਕਿ ਠੀਕ ਮਿੱਠੀ ਹੈ। ਮੈਂ ਕਹਾਂ ਤੁਸੀਂ ਮਨੁੱਖ ਨਹੀਂ ਮੇਢੇ ਹੋ, ਤਾਂ ਤੁਸੀਂ ਮੈਂ-ਮੈਂ ਕਰਕੇ ਮਕਿਆਉਂਦੇ ਸਾਓ, ਮੈਨੂੰ ਬਖਸ਼ਯਾ, ਮੇਰੀ ਅਵੱਗਿਆ ਬਖਸ਼ਣੀ। ਪਰ ਦੇਖੋ ਭਾਈ ਮਰਦਾਨਾ ਜੀ, ਵੀਰ ਜੀ! ਕਰਤਾਰ ਦਾ ਰੰਗ। ਮੇਰੀ ਇਹ ਭੁੱਲ ਮੇਰੀ ਕਲਿਆਣ ਦਾ ਕਾਰਨ ਹੋ ਗਈ। ਨਹੀਂ, ਭੁੱਲ ਨੇ ਕੀ ਕਲਿਆਣ ਕਰਨੀ ਸੀ; ਮੈਂ ਜਲ ਰਹੀ ਸਾਂ, ਕਿ ਜਲ ਰਹੀ ਤੇ ਜਾਲ ਰਹੀ ਸਾਂ, ਜਲੰਦੇ ਜਗਤ ਨੂੰ ਰੱਖਣਹਾਰ ਨੇ ਅੱਜ ਆਪਣੀਆਂ ਮਿਹਰਾਂ ਨਾਲ ਆ ਠੰਡਾਂ ਵਰਤਾਈਆਂ।

ਮਰਦਾਨਾ - ਮੈਂ ਨੂਰ ਸ਼ਾਹ ਦੀ ਹੁਣ ਗੱਲ ਸਮਝੀ। ਇਹ ਕੋਈ ਚੇਟਕੀ ਕੁੜੀ ਸੀ ਤੇ ਮੈਂ ਜਾਤਾ ਸੀ ਕਿ ਮੈਂ ਕਿਸੇ ਛੇੜ੍ਹ ਵਿਚ ਆ ਗਿਆ ਹਾਂ। ਪਾਤਸ਼ਾਹ! ਕੱਲ੍ਹ ਹੀ ਮੈਂ ਗਿਆ, ਕੱਲ੍ਹ ਹੀ ਛੁਡਾ ਲਿਆਏ ਤੇ ਮੇਰੇ ਭਾਣੇ ਇਕ ਰਾਤ ਵਿਚ ਬੀਤੀ ਹੈ। ਆਪ ਨੇ ਕੱਲ੍ਹ ਬੀ ਦੱਸਿਆ ਸੀ ਕਿ ਉਹੋ ਦਿਨ ਹੈ। ਇਹ ਕੀ ਗੱਲ ਹੈ?

ਨੂਰ ਸ਼ਾਹ - ਇਹ ਮੈਂ ਦੱਸਦੀ ਹਾਂ। ਜਿਸ ਕਮਰੇ ਵਿਚ ਆਪ ਨੇ ਰਾਤ ਵੇਖੀ ਸੀ ਤੇ ਝਾੜ ਫਨੂਸ ਤੱਕੇ ਸਨ, ਉਹ ਮੇਰੀ ਚਾਤੁਰੀ ਦੀ ਰਾਤ ਸੀ, ਜੋ ਹਨ੍ਹੇਰਾ ਕਰਕੇ ਬਣਾਈ ਗਈ ਸੀ। ਮੇਰੇ ਮੰਦਰ ਵਿਚ ਨਰਕ ਸੁਰਗ, ਰਾਤ ਦਿਨ, ਸੂਰਜ, ਚੰਦ, ਜੰਗਲ, ਸ਼ਹਿਰ ਸਭ ਨਕਸ਼ੇ ਘੜੇ ਪਏ ਸਨ, ਜੋ ਚਾਹੁੰਦੀ ਸਾਂ ਬਣਾ ਲੈਂਦੀ ਸਾਂ। ਇਸ ਪਰ ਉਸ ਦੇ ਸਾਰੇ ਬਾਲਕੇ ਨੈਣੀਂ ਨੀਰ ਭਰ ਲਿਆਏ ਤੇ ਸਤਿਗੁਰ ਨੇ ਇਹ ਵਾਕ ਮਿੱਠੀ ਧੁਨਿ ਵਿਚ ਉਚਾਰੇ -

*ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ ॥*
*ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ ॥*
*ਦੋਹੀ ਦਿਚੈ ਦੁਰਜਨਾ ਮਿਤ੍ਰਾਂ ਕੂੰ ਜੈਕਾਰੁ ॥*
*ਜਿਤੁ ਦੋਹੀ ਸਜਣ ਮਿਲਨਿ ਲਹੁ ਮੁੰਧੇ ਵੀਚਾਰੁ ॥*
*ਤਨੁ ਮਨੁ ਦੀਜੈ ਸਜਣਾ ਐਸਾ ਹਸਣੁ ਸਾਰੁ ॥*
*ਤਿਸ ਸਉ ਨੇਹੁ ਨ ਕੀਚਈ ਜਿ ਦਿਸੈ ਚਲਣਹਾਰੁ ॥*
*ਨਾਨਕ ਜਿਨ੍ਹੀ ਇਵ ਕਰਿ ਬੁਝਿਆ*
*ਤਿਨ੍ਹਾ ਵਿਟਹੁ ਕੁਰਬਾਣੁ ॥ ੨ ॥* *ਅੰਗ- ੧੪੧੦*

*'ਚਲਦਾ..........'*

# ਨੂਰਾਨੀ ਮਿਲਾਪ - 19
## (ਗੁਰੁ ਨਾਨਕੁ ਜਿਨ ਸੁਣਿਆ ਪੇਖਿਆ.......)

*ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ॥*
*ਅੰਗ - ੪੭੫*

ਹਰ ਸਵਾਸ, ਹਰ ਵਕਤ ਭਾਈ ਭਾਗੀਰਥ ਦੀ ਜ਼ੁਬਾਨ ਤੇ ਆਪਣੇ ਪਿਆਰੇ ਸਤਿਗੁਰੂ ਗੁਰੂ ਨਾਨਕ ਸਾਹਿਬ ਦੀਆਂ ਵਡਿਆਈਆਂ ਦੀ ਝੜੀ ਲੱਗੀ ਰਹਿੰਦੀ। ਭਾਈ ਮਨਸੁੱਖ ਵੱਡੇ ਕੀਆਂ ਵਡਿਆਈਆਂ ਸੁਣ-ਸੁਣ ਕੇ ਅਸਚਰਜ ਹੁੰਦੇ ਤੇ ਆਪਣੇ ਆਪ ਨੂੰ ਖੁਸ਼ਨਸੀਬ ਵੀ ਸਮਝਦੇ ਤੇ ਸੋਚਦੇ ਕਿ ਕੀ ਮੇਰੇ ਵੀ ਭਾਗ ਜਾਗਣਗੇ ਜਿਵੇਂ ਹੋਰਾਂ ਦੇ ਜਾਗੇ। ਭਾਈ ਭਾਗੀਰਥ ਤੇ ਭਾਈ ਮਨਸੁੱਖ ਨੇ ਵਿਆਹ ਦਾ ਸਾਰਾ ਸਾਜੋ ਸਮਾਨ ਲੈ ਕੇ ਧੰਨ ਸਤਿਗੁਰੂ ਨੂਰਾਂ ਦੇ ਨੂਰ ਇਲਾਹੀ ਨੂਰ ਵਲ ਨੂੰ ਚਾਲੇ ਪਾ ਦਿਤੇ। ਰਸਤੇ ਦਾ ਪੰਧ ਆਤਮ ਮਾਰਗ ਬਣਦਾ ਜਾ ਰਿਹਾ ਸੀ। ਭਾਈ ਭਾਗੀਰਥ ਆਪਣੇ ਪਿਆਰੇ ਦੀਆਂ ਵਡਿਆਈਆਂ ਕਰਦੇ ਜਿਥੇ ਆਪ ਅਗੰਮੀ ਰਸ ਨਾਲ ਭਰਦੇ ਜਾ ਰਹੇ ਸੀ, ਉਥੇ ਭਾਈ ਮਨਸੁੱਖ ਨੂੰ ਵੀ ਕਿਸੇ ਅਣਡਿੱਠੇ, ਅਣਛੋਹੇ ਰਸ ਵਲ ਪਰੇਰ ਰਹੇ ਸਨ। ਭਾਈ ਭਾਗੀਰਥ ਦਾਤੇ ਦੀਆਂ ਬਖਸ਼ਿਸ਼ਾਂ ਦਾ ਵਰਨਣ ਕਰਦੇ-ਕਰਦੇ ਪੰਧ ਮੁਕਾਉਣ ਦੀ ਕੋਸ਼ਿਸ਼ ਵਿਚ ਹਨ ਪਰ ਇਸ ਦੇ ਨਾਲ-ਨਾਲ ਭਾਈ ਮਨਸੁੱਖ ਦਾ ਆਤਮਿਕ ਪੰਧ ਵੀ ਸ਼ੁਰੂ ਹੋ ਰਿਹਾ ਸੀ। ਭਾਈ ਮਨਸੁਖ ਆਪਣੇ ਮਨ ਵਿਚ ਪਏ ਸ਼ੰਕਿਆਂ ਨੂੰ ਨਵਿਰਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਸ ਦੇ ਮਨ ਉਤੇ ਪਾਖੰਡੀਆਂ, ਭੇਖੀਆਂ, ਆਤਮ ਮਾਰਗ ਤੋਂ ਹੀਣੇ, ਮਾਇਆ ਵਿਚ ਗੁਲਤਾਨ ਭਰਮ ਭੁਲੇਖਿਆਂ ਵਿਚ, ਅੰਦਰੋਂ ਹੋਰ ਬਾਹਰੋਂ ਹੋਰ, -

*ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥ ੧ ॥*
*ਅੰਗ - ੪੮੮*

ਮਨ ਚਿਤ ਬੁੱਧ ਕਰਕੇ ਨਿਰਮਲਤਾਈ ਤੋਂ ਦੂਰ ਵਾਲਿਆਂ ਦਾ ਅਸਰ ਪਿਆ ਹੋਇਆ ਸੀ। ਭਾਈ ਭਾਗੀਰਥ ਇਸ ਕੱਚੇ ਰੰਗ ਨੂੰ ਉਤਾਰ ਕੇ ਗੁਰੂ ਦੇ ਪਿਆਰ, ਵੈਰਾਗ ਵਾਲਾ ਪੱਕਾ ਰੰਗ ਚਾੜਨ ਦੀ ਕੋਸ਼ਿਸ਼ ਕਰ ਰਹੇ ਸਨ। ਭਾਈ ਭਾਗੀਰਥ ਵਲੋਂ ਗੁਰੂ ਪਿਆਰ ਤੇ ਬਖਸ਼ਿਸ਼ ਦੀਆਂ ਬਾਤਾਂ ਪਾਉਂਦੇ-ਪਾਉਂਦੇ ਪੰਧ ਮੁਕਾ ਦਿਤਾ ਗਿਆ। ਭਾਈ ਭਾਗੀਰਥ ਨੇ ਭਾਈ ਮਨਸੁਖ ਦੀ ਬੰਜਰ ਧਰਤੀ ਨੂੰ ਹੁਣ ਵਾਹੀ ਯੋਗ ਬਣਾ ਦਿਤਾ। ਦੀਵਾ ਬੱਤੀ ਤਿਆਰ ਕਰ ਦਿਤੀ, ਬੱਸ ਹੁਣ ਜੋਤਿ ਨਾਲ ਜੁੜਨ ਦੀ ਦੇਰ ਸੀ। ਭਾਈ ਭਾਗੀਰਥ ਗੁਰਮੁਖਾਂ ਵਾਲਾ, ਟੁੱਟੇ ਨੂੰ ਜੋੜਨ ਵਾਲਾ ਉੱਚਾ ਸੁੱਚਾ ਕਾਰਜ ਕਰ ਰਹੇ ਸਨ। ***'ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥(ਅੰਗ-290)*** ਦੇ ਸਿਧਾਂਤ 'ਤੇ ਪਹਿਰਾ ਦਿੰਦੇ ਹੋਏ ਭਾਈ ਮਨਸੁੱਖ ਨੂੰ ਵੀ ਜੋੜਨ ਦਾ ਉਪਰਾਲਾ ਕਰ ਰਹੇ ਸਨ। ਭਾਈ ਭਾਗੀਰਥ ਦੇ ਰਸ ਭਰੇ, ਵੈਰਾਗ ਭਰੇ, ਆਤਮ ਮਾਰਗੀ ਬਚਨ ਸੁਣ ਕੇ ਭਾਈ ਮਨਸੁੱਖ ਦਾ ਮਨ ਬਚਨਾਂ ਦਾ ਭਾਰ ਚੁੱਕਣ ਦੇ ਸਮਰੱਥ ਹੋ ਰਿਹਾ ਸੀ। ਫਿਰ ਵੀ ਕਦੇ-ਕਦੇ ਪੁਰਾਣਾ ਤੌਖਲਾ ਫੁਰਨੇ ਰੂਪ ਵਿਚ ਉਠ ਪੈਂਦਾ ਕਿ ਕੀ ਮੇਰੇ ਤੇ ਵੀ ਬਖਸ਼ਿਸ਼ ਹੋ ਜਾਵੇਗੀ। ਭਾਈ ਭਾਗੀਰਥ ਨੇ ਸਮਝਾਇਆ ਕਿ ਅਰਦਾਸ ਵਿਚ ਜੁੜੋ -

*ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ ॥*
*ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ ॥ ੨੨੩ ॥*
*ਅੰਗ - ੧੩੭੭*

ਉਹ ਅੰਤਰਜਾਮੀ ਦਿਲਾਂ ਦੀਆਂ ਜਾਣਦੇ ਹਨ, ਜਾਣਨ ਵੀ ਕਿਉਂ ਨਾ, ਉਹ ਤਾਂ ਦਿਲਾਂ ਦੇ ਮਾਲਕ ਹਨ। ਭਰੋਸੇ ਵਾਲਿਆਂ ਦੇ ਬੇੜੇ ਪਾਰ ਹੁੰਦੇ ਹਨ। ਇਸ ਤਰ੍ਹਾਂ ਦੇ ਗੁਰੂ ਪਿਆਰ ਸ਼ਰਧਾ ਦੇ ਬਚਨਾਂ ਨੇ ਭਾਈ ਮਨਸੁਖ ਤੇ ਗਹਿਰਾ ਅਸਰ ਕਰ ਦਿਤਾ ਸੀ।

ਏਧਰ ਰੱਬੀ ਨੂਰ, ਰੱਬੀ ਰੂਪ ਸਤਿਗੁਰੂ ਸੁਲਤਾਨਪੁਰ ਵਪਾਰੀ ਕਿੱਤੇ ਵਿਚ ਰੁਝੇ ਹੋਏ ਹਨ। ਦੁਪਹਿਰ ਦਾ ਸਮਾਂ ਹੋ ਚੁੱਕਾ ਹੈ। ਆਪ ਜੀ ਕੰਮ ਮੁਕਾ ਇਲਾਹੀ ਅਨੰਦ ਵਿਚ ਮਸ਼ਰੂਫ ਹਨ। ਕੁਝ ਸਤਿਸੰਗੀ ਗੁਰੂ ਪਿਆਰ ਵਿਚ ਕੋਲ ਆ ਕੇ ਬੈਠੇ ਹਨ। ਭਾਈ ਭਾਗੀਰਥ ਤੇ ਭਾਈ ਮਨਸੁਖ ਦੋਹਾਂ ਦੀ ਉਡੀਕ ਹੋ ਰਹੀ ਹੈ। ਭਾਈ ਮਰਦਾਨਾ ਨੇ ਰਬਾਬ ਨਾਲ ਇਲਾਹੀ ਨਾਦ ਛੇੜਿਆ। ਸੱਚੇ ਪਾਤਸ਼ਾਹ ਨੇ ਸ਼ਬਦ ਦਾ ਗਾਇਨ ਕੀਤਾ। ਉਸੇ ਸਮੇਂ ਦੋਨੋਂ ਆਤਮ ਪੰਧੀ ਪੁਜ ਗਏ। ਦੋਹਾਂ ਨੇ ਸੱਚੇ ਪਾਤਸ਼ਾਹ ਨੂੰ ਨਮਸ਼ਕਾਰ ਕੀਤੀ। ਏਧਰ ਸ਼ਬਦ ਦੀ ਸਮਾਪਤੀ ਹੋਈ। ਅਜੇ ਨਮਸ਼ਕਾਰ ਕਰਕੇ ਦੋਵੇਂ ਖੜ੍ਹੇ ਹੀ ਹੋਏ ਸਨ, ਸੱਚੇ ਪਾਤਸ਼ਾਹ ਦੇ ਅਗੰਮੀ ਇਲਾਹੀ ਨੈਣ, ਰਸ ਨਾਲ ਭਰੀ ਦ੍ਰਿਸ਼ਟੀ ਪਈ, ਭਾਈ ਭਾਗੀਰਥ ਨੂੰ ਸੰਬੋਧਿਤ ਹੋ ਕੇ ਸੱਚੇ ਪਾਤਸ਼ਾਹ ਬੋਲੇ, ਆ ਭਾਈ ਭਾਗੀਰਥ ਪਰਉਪਕਾਰ ਕੀਤਾ, ਖੁਸ਼ਬੂਆਂ ਦੇ ਚੰਦਨ, ਖੁਸ਼ਬੂਆਂ ਵੰਡਦੇ ਆਪ ਵਿਆਹ ਦਾ ਸਾਜੋ ਸਮਾਨ ਵੀ ਲੈ ਆਏ ਤੇ ਨਾਲ ਜਗਿਆਸੂ ਵੀ, ਸਮਾਨ ਦੇ ਨਾਲ-ਨਾਲ ਆਤਮ-ਮਾਰਗ ਦੇ ਪੈਂਡਿਆਂ ਦੇ ਅਭਿਲਾਸ਼ੀ ਵੀ ਲੈ ਆਏ। ਹੁਣ ਉਸ ਜਗਿਆਸੂ ਵਲ ਦ੍ਰਿਸ਼ਟੀ ਪਾ ਕੇ ਸੱਚੇ ਪਾਤਸ਼ਾਹ ਫੁਰਮਾਨ ਕਰਦੇ ਹਨ ਕਿ ਆਉ ਮਨਸੁੱਖ ਜੀ, 'ਜੀ ਆਇਆਂ ਨੂੰ' ਭਾਈ ਭਾਗੀਰਥ ਨੇ ਤੇਰੇ ਕੱਚ ਨੂੰ ਪੱਕ ਦੀ ਛੋਹ ਲਾ ਦਿਤੀ। ਤੈਨੂੰ ਵੀ ਆਤਮ ਰੰਗ ਵਿਚ ਰੰਗੀਨ ਦਾ ਕਾਰਜ ਭਾਈ ਭਾਗੀਰਥ ਕੀਤਾ।

ਹੁਣ ਭਾਈ ਭਾਗੀਰਥ ਨੇ ਵਿਆਹ ਦਾ ਸਾਜੋ ਸਮਾਨ ਸੱਚੇ ਪਾਤਸ਼ਾਹ ਅੱਗੇ ਭੇਟ ਕੀਤਾ ਤੇ ਫੁਰਮਾਇਆ ਮਹਾਰਾਜ! ਆਪ ਜੀ ਦੇ ਹੁਕਮ ਅਨੁਸਾਰ ਇਕ ਰਾਤ ਹੀ ਠਹਿਰਣ ਦਾ ਕਾਰਨ ਪੁੱਛਣ ਤੇ ਭਾਈ ਮਨਸੁਖ ਦੇ ਭਾਗ ਜਾਗੇ ਹਨ। ਇਸ ਤਰ੍ਹਾਂ ਆਪ ਜੀ ਦੀਆਂ ਵਡਿਆਈਆਂ ਦੀ ਵਿਚਾਰ ਸ਼ੁਰੂ ਹੋ ਗਈ। ਆਪ ਜੀ ਦੀਆਂ ਬਖਸ਼ਿਸ਼ਾਂ ਪਾਉਣ ਵਾਸਤੇ ਇਹ ਜਗਿਆਸੂ ਜੋ ਭੁਲਿਆ ਭਟਕਿਆ ਹੋਇਆ ਸੀ, ਆਪ ਜੀ ਦੀ ਚਰਨ ਸ਼ਰਣ ਵਿਚ ਹਾਜ਼ਰ ਹੋਇਆ ਹੈ। ਮੈਂ ਕੋਈ ਪਰਉਪਕਾਰ ਨਹੀਂ ਕੀਤਾ। ਇਹ ਤਾਂ ਆਪ ਜੀ ਦੀਆਂ ਮੇਹਰਾਂ ਬਖਸ਼ਿਸ਼ਾਂ ਹੀ ਹਨ -

*ਤੁਧੁ ਆਗੈ ਅਰਦਾਸਿ ਹਮਾਰੀ*
*ਜੀਉ ਪਿੰਡੁ ਸਭੁ ਤੇਰਾ ॥*
*ਕਹੁ ਨਾਨਕ ਸਭ ਤੇਰੀ ਵਡਿਆਈ*
*ਕੋਈ ਨਾਉ ਨ ਜਾਣੈ ਮੇਰਾ ॥* *ਅੰਗ- ੩੮੩*

*ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥*
*ਅੰਗ - ੪੪*

ਖੁਸ਼ੀਆਂ ਦੇ ਦਾਤੇ, ਆਪ ਮੁਸਕਰਾਏ ਤੇ ਭਾਈ ਮਨਸੁਖ ਵਲ ਦ੍ਰਿਸ਼ਟੀ ਪਾ ਕੇ ਬਚਨ ਕਰਦੇ ਹਨ ਕਿ ਮਨਸੁੱਖ ਜੀ -

*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥*
*ਅੰਗ- ੧੪੫*

ਸੱਚ ਦਾ ਚੰਦਰਮਾ ਗਾਇਬ ਹੋ ਕੇ ਕੂੜ ਦੇ ਹਨ੍ਹੇਰੇ ਦੀ ਮੱਸਿਆ ਛਾਈ ਹੋਈ ਹੈ। ਜਗਿਆਸੂ ਹਨ੍ਹੇਰੇ ਵਿਚ ਠੁੱਡੇ ਖਾ ਰਿਹਾ ਹੈ। ਸੱਚ ਧਾਰ, ਸੱਚ ਵਿਹਾਜ, ਚੰਦ ਚੜ੍ਹੇ ਫਿਰ ਕਾਹਦੇ ਠੁੱਡੇ।

ਇਤਨਾ ਫੁਰਮਾਨ ਕਰਕੇ ਮਹਾਰਾਜ ਨੇ ਵਿਆਹ ਦੇ ਸਾਜੋ ਸਮਾਨ, ਵਿਆਹ ਵਾਲੇ ਪ੍ਰੇਮੀ ਨੂੰ ਫੜਾ ਦਿਤਾ, ਨਾਲ ਕਿਹਾ, ਲੈ ਭਾਈ ਆਪਣਾ ਫਰਜ਼ ਉਤਾਰ। ਨਾਲੇ ਨਸੀਹਤ ਦਿਤੀ ਕਿ ਸੰਭਾਲ ਕੇ ਖਰਚੀਂ। ਲੋਕ ਲਾਜ ਵਸ ਅਤੇ ਮਨ ਵਸ ਲੋੜ ਤੋਂ ਵਧ ਨਾ ਖਰਚ ਕਰ ਲਵੀਂ।

ਉਹ ਪ੍ਰੇਮੀ ਤਾਂ ਸਾਜੋ ਸਮਾਨ ਲੈ ਕੇ ਖੁਸ਼ੀ ਮਨ ਨਾਲ ਵਿਦਾ ਹੋ ਗਿਆ। ਏਧਰ ਭਾਈ ਮਨਸੁੱਖ ਜੋ ਰਸਤੇ ਵਿਚ, ਮਨ ਵਿਚ ਧਾਰ ਕੇ ਆਇਆ ਸੀ। ਉਹ ਪੂਰਾ ਹੋ ਗਿਆ। ਗੁਰੂ ਦਾ ਪ੍ਰਤਿਆਵਾ ਲੈਣਾ ਚਾਹੁੰਦਾ ਸੀ। ਜੇ ਪੂਰੇ ਹੋਣਗੇ ਤਾਂ ਮੇਰਾ ਨਾਮ ਲੈ ਕੇ ਬੁਲਾਉਣਗੇ। ਉਹੀ ਹੋਇਆ ਜੋ ਮਨ ਵਿਚ ਧਾਰਿਆ ਸੀ। ਸੱਚੇ ਪਾਤਸ਼ਾਹ ਦਿਲਾਂ ਦੇ ਮਾਲਕ ਘਟ-ਘਟ ਦੀ ਜਾਨਣਹਾਰ ਨੇ। ਇਸਦਾ ਨਾਮ ਲੈ ਕੇ ਹੀ ਆਵਾਜ਼ਾ ਦਿਤਾ। ਇਸਦੇ ਮਨ ਤੇ ਗੁਰ ਪਿਆਰ ਦਾ ਰੰਗ ਚੜ੍ਹ ਚੁਕਾ ਸੀ। ਉਥੇ ਹੀ ਭਾਈ ਭਾਗੀਰਥ ਦੇ ਨਾਲ ਰਹਿਣ ਦਾ ਨਿਸ਼ਚਾ ਕਰ ਲਿਆ। ਉਥੇ ਹੀ ਰਹਿ ਕੇ ਸੱਚੇ ਪਾਤਸ਼ਾਹ ਦੇ ਅਮਿਉ ਦ੍ਰਿਸ਼ਟੀ, ਦਰਸ਼ਨਾਂ ਦੀ ਝਲਕ, ਮੁਰਗਾਈ ਅਤੇ ਕਮਲ ਵਾਂਗੂੰ ਨਿਰਲੇਪ ਜੀਵਨ ਤੱਕ ਕੇ ਸ਼ਰਧਾ ਵਧਦੀ ਜਾਂਦੀ ਹੈ। ਇਕ ਦਿਨ ਸੱਚੇ ਪਾਤਸ਼ਾਹ ਇਕਾਂਤ ਵਿਚ ਹਨ ਤੇ ਭਾਈ ਮਨਸੁਖ ਨੇ ਚਰਨ ਫੜ ਕੇ ਬੇਨਤੀ ਕੀਤੀ -

*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ੨ ॥ ੧ ॥* *ਅੰਗ- ੬੯੪*

*ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥*
*ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥ ੧ ॥*
*ਅੰਗ - ੨੬੧*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥ ੧ ॥*
*ਅੰਗ- ੨੮੯*

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥*
*ਅੰਗ- ੧੩੩*

ਇਤਿਆਦਿਕ ਭਾਵ ਭਰੀ ਭਾਵਨਾ ਪ੍ਰਗਟ ਕੀਤੀ ਕਿ ਮੇਰੇ 'ਤੇ ਵੀ ਬਖਸ਼ਿਸ਼ ਕਰੋ। ਮੇਰੇ ਵੀ ਮਾਇਆ ਦੀ ਛੌੜ ਕੱਟ ਦਿਉ। ਮੇਰਾ ਵੀ ਉਧਾਰ ਕਰ ਦਿਉ। ਸਤਿਗੁਰ ਸੱਚੇ ਪਾਤਸ਼ਾਹ ਬਖਸ਼ਿਸ਼ਾਂ ਦੇ ਘਰ ਵਿਚ ਆਏ ਤੇ ਫੁਰਮਾਨ ਕੀਤਾ -

ਬਾਕੀ ਅਗਲੇ ਅੰਕ 'ਚ.....।

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਵਾਪਿਸ ਕਰ ਦਿਤੇ ਜਾਣ।

# ਗੁਰਬਾਣੀ ਅਰਥ-ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-49)*

**ਸਿਰੀਰਾਗੁ ਮਹਲਾ ੩**

**ਜਗਿ ਹਉਮੈ ਮੈਲੁ, ਦੁਖੁ ਪਾਇਆ;**
**ਮਲੁ ਲਾਗੀ ਦੂਜੈ ਭਾਇ॥**

ਹੇ ਭਾਈ! ਇਸ ਜਗਿ=ਜਗਤ ਵਿਚ ਜੀਵਾਂ ਨੇ ਹਉਮੈ=ਤਨ ਹੰਗਤਾਂ ਦੀ ਮੈਲ ਕਰਕੇ ਦੁੱਖ ਪਾਇਆ ਹੈ। ਇਹ ਮਲੁ=ਮੈਲ ਦੂਜੈ ਭਾਇ=ਦਵੈਤ ਭਾਵਨਾ ਹੰਗਤਾ ਕਰਕੇ ਵਾ: ਦੂਜੀਆਂ ਚੀਜ਼ਾਂ ਨਾਲ ਪ੍ਰੇਮ ਕਰਨੇ ਕਰਕੇ ਲੱਗੀ ਹੋਈ ਹੈ।

**ਮਲੁ ਹਉਮੈ ਧੋਤੀ ਕਿਵੈ ਨ ਉਤਰੈ**
**ਜੇ ਸਉ ਤੀਰਥ ਨਾਇ॥**

ਇਹ ਹਉਮੈ=ਦੇਹ ਹੰਗਤਾਂ ਦੀ ਮੈਲ ਅਨੇਕਾਂ ਉਪਾਵਾਂ ਰੂਪੀ ਪਾਣੀ ਦੇ ਧੋਣ ਨਾਲ ਕਿਵੈ=ਕਿਸੇ ਪ੍ਰਕਾਰ ਵੀ ਨਹੀਂ ਉਤਰੈ=ਲਹਿੰਦੀ, ਭਾਵ ਕਿਸੇ ਜਪ, ਤਪ, ਹਠ, ਸੰਜਮ, ਯੋਗਾ, ਪ੍ਰਾਣਾਯਾਮ ਆਦਿ ਸਾਧਨਾਂ ਦੁਆਰਾ ਵੀ ਇਹ ਹਉਮੈ ਦੀ ਮੈਲ ਨਹੀਂ ਉਤਰਦੀ। ਜੇਕਰ ਸਉ=ਸੈਂਕੜੇ ਤੀਰਥਾਂ ਉਤੇ ਵੀ ਨਾਇ=ਇਸ਼ਨਾਨ ਕਰ ਲਈਏ, ਤਦ ਵੀ ਇਹ ਮੈਲ ਨਹੀਂ ਉਤਰਦੀ।

**ਬਹੁ ਬਿਧਿ ਕਰਮ ਕਮਾਵਦੇ**
**ਦੂਣੀ ਮਲੁ ਲਾਗੀ ਆਇ॥**

ਬਹੁ ਬਿਧਿ=ਜੁਗਤੀ ਪੂਰਬਕ ਭਾਵੇਂ ਮਨੁੱਖ ਕਰਮ ਕਮਾਵਦੇ=ਕਮਾਉਂਦੇ ਹਨ, ਜਿਵੇਂ ਨਿੱਤ, ਨਮਿੱਤ, ਪ੍ਰਾਸਚਿਤ ਆਦਿ ਕਰਮ ਕਮਾਵੇ ਪਰ ਤਦ ਵੀ ਇਹ ਹਉਮੈ ਦੀ ਮੈਲ ਨਹੀਂ ਉਤਰਦੀ, ਸਗੋਂ ਇਨ੍ਹਾਂ ਕਰਮਾਂ ਕਰਕੇ ਹੋਰ ਦੂਣੀ ਮੈਲ ਹੁਉਮੈ ਦੀ ਆਇ=ਆ ਕੇ ਲਾਗੀ=ਲਗਦੀ ਹੈ।

**ਪੜਿਐ ਮੈਲੁ ਨ ਉਤਰੈ**
**ਪੂਛਹੁ ਗਿਆਨੀਆ ਜਾਇ॥੧॥**

ਹੇ ਭਾਈ! ਵਿਦਿਆ ਪੜਿਐ=ਪੜ੍ਹਨ ਨਾਲ ਵੀ ਹਉਮੈ ਦੀ ਮੈਲ ਨਹੀਂ ਉਤਰਦੀ। ਭਾਵੇਂ ਵੱਡੇ-ਵੱਡੇ ਗਿਆਨੀਆਂ ਵਿਸ਼ਿਸ਼ਟ ਤੇ ਬਿਆਸ ਵਰਗੇ ਤੱਤ ਬੇਤਿਆਂ ਨੂੰ ਜਾਇ=ਜਾ ਕੇ ਪੂਛਹੁ=ਪੁੱਛ ਲਵੋ, ਭਾਵ ਉਨ੍ਹਾਂ ਦੇ ਰਚਿਤ ਗ੍ਰੰਥਾਂ ਨੂੰ ਪੜ੍ਹ ਕੇ ਵੇਖ ਲਵੋ ਅਰਥਾਤ ਉਹ ਵੀ ਇਹੋ ਆਖਣਗੇ ਕਿ ਕੇਵਲ ਵਿਦਿਆ ਪੜ੍ਹਨ ਨਾਲ ਵੀ ਹਉਮੈ ਦੀ ਮੈਲ ਨਹੀਂ ਉਤਰਦੀ, ਸਗੋਂ ਵਿਦਿਆ ਦੇ ਹੰਕਾਰ ਕਰਕੇ ਹੋਰ ਹੰਗਤਾ ਦੀ ਮੈਲ ਲੱਗ ਜਾਂਦੀ ਹੈ। ਵੱਡੇ-ਵੱਡੇ ਪੰਡਿਤ ਵਾ: ਵਿਦਵਾਨ ਇਸੇ ਮਾਣ ਨੇ ਖਾ ਲਏ ਹਨ।

**ਮਨ ਮੇਰੇ ਗੁਰ ਸਰਣਿ ਆਵੈ**
**ਤਾ ਨਿਰਮਲੁ ਹੋਇ॥**

ਹੇ ਮੇਰੇ ਮਨ! ਜਦੋਂ ਤੂੰ ਗੁਰੂ ਸਾਹਿਬ ਦੀ ਸ਼ਰਣ ਵਿਚ ਆਵੇਂਗਾ ਤਾ = ਤਦ ਹੀ ਨਿਰਮਲ=ਸ਼ੁੱਧ ਹੋ ਸਕੇਂਗਾ।

**ਮਨਮੁਖ ਹਰਿ ਹਰਿ ਕਰਿ ਥਕੇ**
**ਮੈਲੁ ਨ ਸਕੀ ਧੋਇ॥੧॥ਰਹਾਉ॥**

ਆਪਣੇ ਆਪ ਬਥੇਰੇ ਮਨਮੁਖ ਹਰਿ ਹਰਿ=ਰੱਬ-ਰੱਬ ਕਰ ਕੇ ਥੱਕ ਚੁੱਕੇ ਹਨ। ਪਰ ਹਉਮੈ ਦੀ ਮੈਲ ਧੋਇ=ਧੋਤੀ ਨ=ਨਹੀਂ ਜਾ ਸਕੀ।

**ਮਨਿ ਮੈਲੈ, ਭਗਤਿ ਨ ਹੋਵਈ**
**ਨਾਮੁ ਨ ਪਾਇਆ ਜਾਇ॥**

ਹੇ ਭਾਈ! ਮੈਲੇ ਮਨਾਂ ਨਾਲ ਪ੍ਰਭੂ ਦੀ ਭਗਤਿ=ਭਗਤੀ ਨਹੀਂ ਹੋ ਸਕਦੀ ਅਤੇ ਗੁਰਾਂ ਤੋਂ ਬਗੈਰ ਪ੍ਰਭੂ ਦਾ ਨਾਮ ਨਹੀਂ ਪਾਇਆ ਜਾਂਦਾ।

**ਮਨਮੁਖ ਮੈਲੇ ਮੈਲੇ ਮੁਏ**
**ਜਾਸਨਿ ਪਤਿ ਗਵਾਇ॥**

ਮਨਮੁਖਾਂ ਦੇ ਹਿਰਦੇ ਪਾਪਾਂ ਦੀ, ਅਵਿਦਿਆ ਦੀ ਮਲੀਨਤਾਈ ਕਰਕੇ ਮੈਲੇ=ਅਪਵਿੱਤਰ ਹਨ, ਜਿਸ ਕਰਕੇ ਉਹ ਮੈਲੇ=ਗੰਦੇ, ਮੰਦੇ ਹਨ ਤੇ ਮੈਲੇ ਕਰਮ ਕਰਦੇ ਹੀ ਅੰਤ ਨੂੰ ਮੁਏ=ਮਰ ਜਾਂਦੇ ਹਨ ਅਤੇ ਆਪਣੀ ਪਤਿ=ਇੱਜ਼ਤ ਕਾਮਾਦਿ ਵਿਕਾਰਾਂ ਕਾਰਨ ਗਵਾ ਕੇ ਜਾਸਨਿ=ਚਲੇ ਜਾਂਦੇ ਹਨ।

**ਗੁਰ ਪਰਸਾਦੀ ਮਨਿ ਵਸੈ**
**ਮਲੁ ਹਉਮੈ ਜਾਇ ਸਮਾਇ॥**

ਹੇ ਭਾਈ! ਜਦੋਂ ਗੁਰ ਪਰਸਾਦੀ=ਗੁਰਾਂ ਦੀ ਕ੍ਰਿਪਾ ਦੁਆਰਾ ਨਾਮ ਮਨ ਵਿਚ ਵਸ ਜਾਵੇ, ਤਦ ਉਹਨਾਂ ਦੇ ਅੰਦਰੋਂ ਹਉਮੈ=ਹੰਗਤਾ ਮਮਤਾ ਦੀ ਮੈਲ ਚਲੀ ਜਾਂਦੀ ਹੈ ਤੇ ਉਹ ਪ੍ਰਭੂ 'ਚ ਸਮਾਇ=ਲੀਨ ਵਾ: ਅਭੇਦ ਹੋ ਜਾਂਦੇ ਹਨ।

**ਜਿਉ ਅੰਧੇਰੈ ਦੀਪਕੁ ਬਾਲੀਐ**
**ਤਿਉ ਗੁਰ ਗਿਆਨਿ ਅਗਿਆਨੁ ਤਜਾਇ॥੨॥**

ਜਿਉ=ਜਿਵੇਂ ਅੰਧੇਰੈ=ਹਨੇਰੇ ਵਿਚ ਦੀਪਕੁ=ਦੀਵਾ

ਬਾਲੀਐ=ਬਾਲਣ ਨਾਲ ਪ੍ਰਕਾਸ਼ ਹੋ ਜਾਂਦਾ ਹੈ, ਤਿਉ=ਉਵੇਂ ਹੀ ਜਦੋਂ ਅੰਤਹਕਰਣ ਵਿਚ ਗੁਰੂ ਦੇ ਗਿਆਨ ਰੂਪ ਦੀਪਕ ਦਾ ਪ੍ਰਕਾਸ਼ ਹੋ ਜਾਵੇ ਤਾਂ ਅੰਧਕਾਰ ਰੂਪੀ ਅਗਿਆਨ ਨੂੰ ਤਜਾਇ=ਛੁਡਾ ਦਿੰਦਾ ਹੈ ਅਰਥਾਤ ਖਤਮ ਕਰ ਦਿੰਦਾ ਹੈ।

**ਹਮ ਕੀਆ ਹਮ ਕਰਹਗੇ**
**ਹਮ ਮੂਰਖ ਗਾਵਾਰ॥**

ਇਹ ਪ੍ਰਗਟ ਤੌਰ 'ਤੇ ਅਗਿਆਨ ਕਾਰਨ ਹੰਕਾਰ ਹੀ ਬੋਲਦਾ ਹੁੰਦਾ ਹੈ। ਜਦੋਂ ਮਨੁੱਖ ਕਹਿੰਦਾ ਹੈ ਹਮ ਕੀਆ=ਇਹ ਕੰਮ ਅਸੀਂ ਕੀਤਾ ਹੈ, ਹਮ ਕਰਹਗੇ=ਤੇ ਇਹ ਕੰਮ ਅਸੀਂ ਕਰਾਂਗੇ। ਇਸ ਤਰ੍ਹਾਂ ਹਮ=ਤਮਾਮ ਜੀਵ ਹੰਗਤਾ ਮਮਤਾ ਕਰਕੇ ਮੂਰਖ ਤੇ ਗਾਵਾਰ=ਬੇਸਮਝ ਹੋ ਰਹੇ ਹਨ। ਜੋ ਮੈਂ-ਮੈਂ ਕਰਦੇ ਹਾਂ ਵਾ: ਗਾਵਾਰ=ਗੁਆਲੇ ਹੋ ਕੇ ਇੰਦ੍ਰੇ ਰੂਪੀ ਗਊਆਂ ਨੂੰ ਵਿਸ਼ੇ ਰੂਪੀ ਘਾਹ ਚਰਾਣ ਵਾਲੇ ਹੋ ਰਹੇ ਹਨ।

**ਕਰਣੈ ਵਾਲਾ ਵਿਸਰਿਆ**
**ਦੂਜੈ ਭਾਇ ਪਿਆਰੁ॥**

ਜੋ ਕਰਣੈ=ਕਰਨ ਕਰਾਉਣ ਵਾਲਾ ਪਰਮੇਸ਼ਰ ਹੈ, ਉਹ ਤਾਂ ਸਾਨੂੰ ਵਿਸਰਿਆ=ਭੁੱਲ ਗਿਆ ਹੈ ਕਿਉਂਕਿ ਦੂਜੈ ਭਾਇ=ਦਵੈਤ ਭਾਵ 'ਚ ਸਾਡਾ ਪਿਆਰੁ=ਸਨੇਹ ਲੱਗਾ ਹੋਇਆ ਹੈ।

**ਮਾਇਆ ਜੇਵਡੁ ਦੁਖੁ ਨਹੀ**
**ਸਭਿ ਭਵਿ ਥਕੇ ਸੰਸਾਰੁ॥**

ਹੇ ਭਾਈ! ਮਾਇਆ ਜਿੱਡਾ ਕੋਈ ਹੋਰ ਦੁਖ ਨਹੀਂ ਹੈ। ਸਾਰੇ ਸੰਸਾਰ ਦੇ ਜੀਵ ਭਵਿ=ਫਿਰ-ਫਿਰ ਭਾਵ ਭੌਂ-ਭੌਂ ਕੇ ਥੱਕ ਗਏ ਹਨ, ਕਿਸੇ ਦੀ ਤ੍ਰਿਸ਼ਨਾ ਪੂਰੀ ਨਹੀਂ ਹੁੰਦੀ।

**ਗੁਰਮਤੀ ਸੁਖੁ ਪਾਈਐ**
**ਸਚੁ ਨਾਮੁ ਉਰ ਧਾਰਿ॥੩॥**

ਹੇ ਭਾਈ! ਗੁਰਮਤੀ=ਗੁਰਾਂ ਦੀ ਸਿਖਿਆ ਦੁਆਰਾ ਹੀ ਉਦੋਂ ਆਤਮਿਕ ਸੁਖ ਪਾਈਦਾ ਹੈ, ਜਦੋਂ ਗੁਰਾਂ ਦੁਆਰਾ ਪ੍ਰਭੂ ਦੇ ਸੱਚੇ ਨਾਮ ਨੂੰ ਉਰ ਧਾਰਿ=ਦਿਲ ਵਿਚ ਧਾਰਨ ਕਰ ਲਈਏ ਭਾਵ ਵਸਾ ਲਈਏ।

**ਜਿਸਨੋ ਮੇਲੇ ਸੋ ਮਿਲੈ**
**ਹਉ ਤਿਸੁ ਬਲਿਹਾਰੈ ਜਾਉ॥**

ਜਿਸ ਨੂੰ ਪੂਰਬਲੇ ਕਰਮਾਂ ਦਾ ਸਦਕਾ ਪ੍ਰਭੂ ਆਪ ਸਤਿਗੁਰਾਂ ਨਾਲ ਮੇਲਦਾ ਹੈ, ਸੋ=ਉਸ ਜੀਵ ਨੂੰ ਹੀ ਸਤਿਗੁਰਾਂ ਕੋਲੋਂ ਨਾਮ ਪਦਾਰਥ ਮਿਲੈ=ਮਿਲਦਾ ਹੈ, ਹਉ=ਮੈਂ ਉਨ੍ਹਾਂ ਤੋਂ ਬਲਿਹਾਰੈ=ਕੁਰਬਾਨ ਜਾਂਦਾ ਹਾਂ।

**ਏ ਮਨ ਭਗਤੀ ਰਤਿਆ**
**ਸਚੁ ਬਾਣੀ ਨਿਜ ਥਾਉ॥**

ਏ=ਹੇ ਮਨ! ਜਦੋਂ ਭਗਤੀ ਵਿਚ ਰੰਗੇ ਜਾਈਏ, ਤਾਂ ਬਾਣੀ ਵੀ ਸੱਚੀ ਹੋ ਜਾਂਦੀ ਹੈ, ਵਾ: ਵਚਨ ਮੂੰਹੋਂ ਨਿਕਲਿਆ ਪੂਰਾ ਹੁੰਦਾ ਹੈ ਤੇ ਨਿਜ ਥਾਉ=ਨਿਜ ਸਰੂਪ ਰੂਪੀ ਥਾਂ ਦੀ ਪ੍ਰਾਪਤੀ ਵੀ ਹੁੰਦੀ ਹੈ।

**ਮਨਿ ਰਤੇ ਜਿਹਵਾ ਰਤੀ**
**ਹਰਿ ਗੁਣ ਸਚੇ ਗਾਉ॥**

ਜਦੋਂ ਮਨ ਪ੍ਰਭੂ ਦੇ ਪਿਆਰ 'ਚ ਰੰਗਿਆ ਜਾਵੇ ਤੇ ਜਿਹਵਾ (ਜੀਭ) ਵੀ ਬਾਣੀ ਜਾਂ ਸੱਚ 'ਚ ਰਤੀ=ਰੰਗੀ ਜਾਵੇ ਤਾਂ ਫਿਰ ਸਚੇ ਹਰਿ=ਪ੍ਰਭੂ ਦੇ ਗੁਣ ਗਾਉ=ਗਾਈਦੇ ਹਨ, ਭਾਵ ਉਸ ਦਾ ਅਨੰਦਮਈ ਕੀਰਤਨ ਗਾਈਦਾ ਹੈ ਅਥਵਾ ਜਦੋਂ ਹਰਿ=ਪ੍ਰਮੇਸ਼ਰ ਦੇ ਸੱਚੇ ਗੁਣ ਗਾਉ=ਗਾਏ ਤਦੋਂ ਮਨ ਕਰਕੇ ਨਾਮ ਵਿਚ ਰਤੇ=ਰੰਗੇ ਗਏ ਤੇ ਜਿਹਵਾ=ਰਸਨਾ ਵੀ ਪ੍ਰੇਮ ਰੰਗ ਵਿਚ ਰਤੀ=ਰੰਗੀ ਗਈ।

**ਨਾਨਕ ਨਾਮੁ ਨ ਵੀਸਰੈ**
**ਸਚੇ ਮਾਹਿ ਸਮਾਉ॥੪॥੩੩॥੩੧॥੬੪॥**

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਉਨ੍ਹਾਂ ਗੁਰਮੁਖਾਂ ਨੂੰ ਪਰਮੇਸ਼ਰ ਦਾ ਨਾਮ ਫਿਰ ਕਦੇ ਵੀ ਵਿਸਰਦਾ ਨਹੀਂ ਹੈ ਅਤੇ ਉਹ ਸਚੇ=ਸੱਚ ਸਰੂਪ ਪ੍ਰਭੂ ਮਾਹਿ=ਵਿਚ ਸਮਾਉ=ਸਮਾ ਜਾਂਦੇ ਹਨ ਭਾਵ ਅਭੇਦ ਹੋ ਜਾਂਦੇ ਹਨ।

**ਸਿਰੀਰਾਗੁ ਮਹਲਾ ੪ ਘਰੁ ੧**
**ਮੈ ਮਨਿ ਤਨਿ ਬਿਰਹੁ ਅਤਿ ਅਗਲਾ**
**ਕਿਉ ਪ੍ਰੀਤਮੁ ਮਿਲੈ ਘਰਿ ਆਇ॥**

ਮੇਰੇ ਮਨ ਅਤੇ ਤਨ ਵਿਚ ਅਤਿ ਅਗਲਾ=ਅਤਿਅੰਤ ਬਹੁਤਾ ਬਿਰਹੁ=ਪ੍ਰੇਮ ਹੈ ਵਾ: ਅਗਲਾ=ਪਹਿਲਾਂ ਤੋਂ ਹੀ ਮੇਰੇ ਮਨ ਤੇ ਤਨ ਵਿਚ ਬਹੁਤਾ ਪ੍ਰੇਮ ਹੈ ਕਿ ਪ੍ਰੀਤਮ ਪਿਆਰਾ ਪ੍ਰਭੂ ਮੇਰੇ ਹਿਰਦੇ ਰੂਪੀ ਘਰ ਵਿਚ ਕਿਉਂ=ਕਿਵੇਂ ਆਇ=ਆ ਕੇ ਮਿਲੇ?

**ਜਾ ਦੇਖਾ ਪ੍ਰਭੁ ਆਪਣਾ**
**ਪ੍ਰਭਿ ਦੇਖਿਐ ਦੁਖੁ ਜਾਇ॥**

ਜਾ=ਜਦੋਂ ਮੈਂ ਆਪਣਾ=ਆਪਣੇ ਪਿਆਰ ਪ੍ਰਭੂ=ਪਰਮੇਸ਼ਰ ਦੇ ਦਰਸ਼ਨਾਂ ਨੂੰ ਦੇਖਾ=ਵੇਖਦਾ ਹਾਂ ਤਾਂ ਪ੍ਰਭਿ=ਪਰਮੇਸ਼ਰ ਦੇ ਦਰਸ਼ਨ ਦੇਖਿਐ=ਦੇਖਦਿਆਂ ਹੀ ਮੇਰਾ ਵਿਛੋੜੇ ਦਾ ਦੁਖ ਚਲਿਆ ਜਾਇ=ਜਾਂਦਾ ਹੈ।

**ਜਾਇ ਪੁਛਾ ਤਿਨ ਸਜਣਾ**
**ਪ੍ਰਭੁ ਦੇਖਿਐ ਦੁਖੁ ਜਾਇ॥**

ਜਾ=ਜਦੋਂ ਮੈਂ ਆਪਣਾ=ਆਪਣੇ ਪਿਆਰੇ ਪ੍ਰਭੂ=ਪਰਮੇਸ਼ਰ ਦੇ ਦਰਸ਼ਨਾਂ ਨੂੰ ਦੇਖਾਂ=ਵੇਖਦਾ ਹਾਂ ਤਾਂ ਪ੍ਰਭਿ=ਪਰਮੇਸ਼ਰ ਦੇ ਦਰਸ਼ਨ ਦੇਖਿਐ=ਦੇਖਦਿਆਂ ਹੀ ਮੇਰਾ

ਵਿਛੋੜੇ ਦਾ ਦੁਖ ਚਲਿਆ ਜਾਇ=ਜਾਂਦਾ ਹੈ।

**ਜਾਇ ਪੁਛਾ ਤਿਨ ਸਜਣਾ**
**ਪ੍ਰਭੁ ਕਿਤੁ ਬਿਧਿ ਮਿਲੈ ਮਿਲਾਇ॥੧॥**

ਮੈਂ ਤਿਨ=ਉਨ੍ਹਾਂ ਸਜਣਾ=ਪਿਆਰੇ ਸਤਿਗੁਰਾਂ ਵਾ: ਪਿਆਰੇ ਸੱਜਣਾਂ ਭਾਈ ਪਾਰੋ ਜੀ, ਬਾਬਾ ਬੁੱਢਾ ਜੀ ਆਦਿ ਨੂੰ ਜਾਇ=ਜਾ ਕੇ ਪੁਛਾ=ਪੁੱਛਣਾ ਕਰਾਂ ਕਿ ਕਿਰਪਾ ਕਰਕੇ ਦੱਸੋ ਕਿ ਉਹ ਪ੍ਰਭੂ ਕਿਤੁ ਬਿਧਿ=ਕਿਸ ਜੁਗਤੀ ਨਾਲ ਮਿਲੈ=ਮਿਲਦਾ ਹੈ ਤੇ ਆਪ ਕ੍ਰਿਪਾ ਕਰ ਕੇ ਮੈਨੂੰ ਉਸ ਪਿਆਰੇ ਪ੍ਰਭੂ ਨਾਲ ਮਿਲਾਇ=ਮਿਲਾ ਦੇਵੋ।

**ਮੇਰੇ ਸਤਿਗੁਰਾ**
**ਮੈ ਤੁਝ ਬਿਨੁ ਅਵਰੁ ਨ ਕੋਇ॥**

ਹੇ ਮੇਰੇ ਸਤਿਗੁਰੂ ਜੀ! ਮੈ=ਮੈਨੂੰ ਤੁਝ ਬਿਨੁ=ਤੇਰੇ ਤੋਂ ਬਗੈਰ ਅਵਰੁ=ਹੋਰ ਨ ਕੋਇ=ਕੋਈ ਵੀ ਆਸਰਾ ਨਹੀਂ ਹੈ।

**ਹਮ ਮੂਰਖ ਮੁਗਧ ਸਰਣਾਗਤੀ**
**ਕਰਿ ਕਿਰਪਾ ਮੇਲੇ ਹਰਿ ਸੋਇ॥੧॥ਰਹਾਉ॥**

ਅਸੀਂ ਤਾਂ ਵਿਹਾਰਾਂ ਵੱਲੋਂ ਵੀ ਮੂਰਖ ਤੇ ਸ਼ਾਸਤ੍ਰੀ ਗਿਆਨ ਵੱਲੋਂ ਵੀ ਮੁਗਧ=ਅਤੀ ਮੂਰਖ ਹਾਂ। ਪਰ ਆਪ ਜੀ ਦੀ ਸਰਣਾਗਤੀ=ਸ਼ਰਣ ਵਿਚ ਆਏ ਹਾਂ। ਆਪ ਜੀ ਕਿਰਪਾ ਕਰਕੇ ਮੇਲੇ ਹਰਿ ਸੋਇ=ਉਸ ਪ੍ਰਭੂ ਨਾਲ ਮੇਲੇ=ਮੇਲ ਦੇਵੋ।

**ਸਤਿਗੁਰੁ ਦਾਤਾ ਹਰਿ ਨਾਮ ਕਾ**
**ਪ੍ਰਭੁ ਆਪਿ ਮਿਲਾਵੈ ਸੋਇ॥**

ਹੇ ਭਾਈ! ਸਤਿਗੁਰੂ ਜੀ ਹਰਿ ਨਾਮ=ਪ੍ਰਭੂ ਨਾਮ ਦਾ ਦਾਤਾ ਹੈ, ਪਰੰਤੂ ਜਦੋਂ ਪ੍ਰਭੂ=ਵਾਹਿਗੁਰੂ ਆਪ ਹੀ ਕ੍ਰਿਪਾ ਕਰਕੇ ਮੇਲੇ ਤਾਂ ਹੀ ਐਸੇ ਸੋਇ=ਉਹ ਸਤਿਗੁਰੂ ਮਿਲਦੇ ਹਨ ਵਾ: ਸੋਇ=ਉਹ ਸਤਿਗੁਰੂ ਜੀ ਆਪ ਕ੍ਰਿਪਾ ਕਰਕੇ ਪ੍ਰਭੂ ਨੂੰ ਮਿਲਾ ਦਿੰਦੇ ਹਨ।

**ਸਤਿਗੁਰਿ ਹਰਿ ਪ੍ਰਭੁ ਬੁਝਿਆ**
**ਗੁਰ ਜੇਵਡੁ ਅਵਰੁ ਨ ਕੋਇ॥**

ਹੇ ਭਾਈ! ਅਸੀਂ ਤਾਂ ਸਤਿਗੁਰਾਂ ਨੂੰ ਹਰੀ ਪ੍ਰਭੂ ਕਰਕੇ ਹੀ ਬੁਝਿਆ=ਸਮਝਿਆ ਹੈ ਵਾ: ਸਤਿਗੁਰੂ ਸਾਹਿਬ ਨੇ ਉਸ ਹਰੀ ਪ੍ਰਭੂ ਨੂੰ ਬੁਝਿਆ=ਸਮਝਿਆ ਹੈ ਜਾਂ ਜਾਣਿਆ ਹੈ। ਇਸ ਲਈ ਸਤਿਗੁਰਾਂ ਜਿੱਡਾ ਵੱਡਾ ਕੋਈ ਅਵਰੁ=ਹੋਰ ਨਹੀਂ ਹੈ।

**ਹਉ ਗੁਰ ਸਰਣਾਈ ਢਹਿ ਪਵਾ**
**ਕਰਿ ਦਇਆ ਮੇਲੇ ਪ੍ਰਭੁ ਸੋਇ॥੨॥**

ਹਉ=ਮੈਂ ਐਸੇ ਸਤਿਗੁਰਾਂ ਦੀ ਸ਼ਰਨ ਵਿਚ ਆ ਕੇ ਢਹਿ ਪਵਾ=ਡਿੱਗ ਪਵਾਂ, ਭਾਵ ਤਨ ਦੇ ਤਾਣ ਵੱਲੋਂ, ਮਨ ਦੇ ਅਭਿਮਾਨ ਵੱਲੋਂ ਰਹਿਤ ਹੋ ਕੇ ਗੁਰਾਂ ਦੀ ਸ਼ਰਣ 'ਚ ਆ ਜਾਵਾਂ, ਕਿਉਂਕਿ ਦਇਆ ਦ੍ਰਿਸ਼ਟੀ ਕਰਕੇ ਐਸੇ ਸਤਿਗੁਰੂ ਜੀ ਸੋਇ=ਉਸ ਪ੍ਰਭੂ ਨਾਲ ਮੇਲ ਦਿੰਦੇ ਹਨ।

**ਮਨਹਠਿ ਕਿਨੈ ਨ ਪਾਇਆ**
**ਕਰਿ ਉਪਾਵ ਥਕੇ ਸਭੁ ਕੋਇ॥**

ਹੇ ਭਾਈ! ਉਸ ਪਰਮੇਸ਼ਰ ਨੂੰ ਕਿਸੇ ਨੇ ਵੀ ਆਪਣੇ ਮਨਹਠਿ=ਮਨ ਦੀ ਜਿੱਦ ਨਾਲ ਸਾਧਨ ਕਰਕੇ ਨਹੀਂ ਪਾਇਆ ਹੈ। ਜੇਕਰ ਇਸ ਤਰ੍ਹਾਂ ਜ਼ਿੱਦ ਆਦਿ ਨਾਲ ਮਿਲ ਸਕਦਾ ਤਾਂ ਅਨੇਕ ਪ੍ਰਕਾਰ ਦੇ ਉਪਾਵ=ਯਤਨ ਕਰ ਕੇ ਸਭ ਕੋਇ=ਕੋਈ ਥਕੇ=ਥੱਕ ਰਹੇ ਹਨ।

**ਸਹਸ ਸਿਆਣਪ ਕਰਿ ਰਹੇ**
**ਮਨਿ ਕੋਰੈ ਰੰਗੁ ਨ ਹੋਇ॥**

ਕਈ ਸਹਸ=ਹਜ਼ਾਰਾਂ ਪੁਸਤਕਾਂ ਦੀਆਂ ਸਿਆਣਪਾਂ ਕਰਕੇ ਰਹਿ ਚੁੱਕੇ ਹਨ, ਪਰ ਪ੍ਰੇਮ ਤੇ ਸ਼ਰਧਾ ਵਲੋਂ ਕੋਰੈ=ਅਨਭਿੱਜ ਮਨ ਨੂੰ ਨਾਮ ਦਾ ਰੰਗ ਪ੍ਰਾਪਤ ਨਹੀਂ ਹੋਇ=ਹੁੰਦਾ, ਭਾਵ ਸ਼ਰਧਾ, ਪਿਆਰ ਤੋਂ ਸੱਖਣੇ ਕਠੋਰ ਮਨ ਨੂੰ ਵਾਹਿਗੁਰੂ ਦੇ ਨਾਮ ਦੀ ਰੰਗਤ ਨਹੀਂ ਚੜ੍ਹ ਸਕਦੀ।

**ਕੂੜਿ ਕਪਟਿ ਕਿਨੈ ਨ ਪਾਇਓ**
**ਜੋ ਬੀਜੈ ਖਾਵੈ ਸੋਇ॥੩॥**

ਹੇ ਭਾਈ! ਕੂੜਿ=ਝੂਠ ਬੋਲਣ ਕਰਕੇ ਤੇ ਕਪਟਿ=ਛਲ ਕਰਕੇ ਵੀ ਕਿਸੇ ਨੇ ਉਸ ਪ੍ਰਭੂ ਨੂੰ ਨਹੀਂ ਪਾਇਆ। ਜੀਵ ਜਿਹੋ ਜਿਹੇ ਕਰਮਾਂ ਨੂੰ ਬੀਜਦਾ ਹੈ, ਉਹੋ ਹੀ ਫਲ ਖਾਵੈ=ਭੋਗਦਾ ਹੈ।

**ਸਭਨਾਂ ਤੇਰੀ ਆਸ ਪ੍ਰਭੁ**
